ਰਜਿਸਟ੍ਰਡ ਡੀ. ਪੀ. ਨੰ: ੯

ੴ

ਕਲਿਜੁਗ ਮੈਂ ਸਤਿਜੁਗ ਵਰਤਾਊਂ — ਤਬੀ ਬਾਰ੍ਹਵਾਂ ਬੱਪ ਕਹਾਊਂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਜੁਗ

ਦਾ

ਬਸੰਤ ਅੰਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
ਸ਼ੁਭ ਆਗਮਨ ਦੀ ਸਾਰੇ ਸੰਸਾਰ ਨੂੰ
ਲੱਖ ਲੱਖ ਵਧਾਈ ਹੋਵੇ

ਮਹਿਕੀ ਪਉਣ ਚਹਿਕ ਪਏ ਪੰਛੀ, ਕੁਦਰਤ ਲਈ ਅੰਗੜਾਈ।
ਅੰਬਰ ਰੰਗ ਸੁਰੰਗਾ ਹੋਇਆ, ਧਰਤੀ ਭੀ ਨਸ਼ਿਆਈ।
ਮਾਨੁਖ-ਮਨ ਖੁਸ਼ੀਆਂ ਵਿਚ ਖਿੜਿਆ, ਜੀਵਨ ਕਿਰਨਾਂ ਪਾਕੇ:
ਅਹੁ, ਚੜ੍ਹਿਆ ਭੈਣੀ ਚੋਂ ਸੂਰਜ, ਹਰ ਕੋਈ ਦੇਇ ਵਧਾਈ।


ਪ੍ਰੀਤਮ ਸਿੰਘ ਕਵੀ

ਨੰਬਰ — ੧ ਸ੍ਰੀ ਜੀਵਨ ਨਗਰ ਜ਼ਿ: ਹਿਸਾਰ ਜਿਲਦ ੩੪

ਕੀ ਕਿਥੇ ਹੈ ?

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ 'ਸਤਿਜੁਗ'ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਇਆ । (ਐਡੀਟਰ ਗੁਰਦਿਆਲ ਸਿੰਘ)

ਸ਼ਾਂਤੀ ਸੂਰੂਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ



ਤੁਧ ਅਖੀਆਂ ਵਿਚ ਤਕਿਆਂ ਸੋਹਣੇ, ਸੁਆਦ ਸੁਆਦ ਹੋ ਜਾਈਏ ।
ਯੁਗ ਯੁਗਾਂਤਰਾਂ ਦੀ ਔਰਾਧਨਾਂ, ਇਕ ਪਲ ਛਿਨ ਵਿਚ ਪਾਈਏ ।
ਛੋਹ ਤੇਰੀ ਸਵਰਗਾਂ ਦੀ ਦਾਤੀ, ਸਵਰਗ ਨਾ ਲੋੜ ਅਸਾਡੀ,
ਚਰਨ ਕਮਲ ਦੀ ਮੌਜ 'ਚ ਰਹਿ ਕੇ, ਸਦਾ ਅਨੰਦ ਉਠਾਈਏ ।

੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ !

ਕਲਿਜੁਗ ਤੇ ਸਤਿਜੁਗ ਕਰ ਠਾਨੋ ! ਤਬ੍ਹੀ ਬਾਰੁਵਾਂ ਬਪ ਪਹਿਚਾਨੋ !

ਸਤਿਜੁਗ

ਸ੍ਰੀ ਜੀਵਨ ਨਗਰ

[ਜਿ: ੩੪] ੧ ਫੱਗਣ ਵੀਰਵਾਰ ਸੰ: ੨੦੭੫ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੪ [ਨੰ: ੧]

ਸੂ. ਅਵਤਾਰ ਸਿੰਘ ਜੀ 'ਅਜ਼ਾਦ'

ਜੋਤਿ ਸਤਿ-ਸੋਹਾਣ ਸਾਰਾ ਰਾਮ ਸਿੰਘ

ਰਾਜ ਲੱਭਾ, ਘਾਲਣਾ-ਵਡ ਘਾਲੀਆਂ, ਕੇਈ ਨਸਲਾਂ, ਖੂਹਣੀਆਂ ਸੈ ਗਾਲੀਆਂ।
ਭੁਨਿਆਂ ਫੜ ਮੁਗ਼ਲ ਨੂੰ ਬੰਦੇ ਬਲੀ, ਸੂਰਿਆਂ ਨੇ ਸੀਸ ਅਰਪੇ ਧਰ ਤਲੀ।
ਲੰਘਿਆ ਅਰਸਾ ਤਰਾਸੀ ਸਾਲ ਦਾ, ਤੇਗ਼ ਰਹਿਆ ਖਾਲਸਾ ਉੱਛਾਲ ਦਾ।
ਮੁਗ਼ਲ ਢੱਠਾ, ਗੱਜ ਅਬਦਾਲੀ ਪਇਆ,ਇਕ ਰਸ, ਇਕ ਚਾਲ ਫਿਰ ਖੰਡਾ ਵਹਿਆ।

ਘੱਲੂ ਘਾਰੇ ਸਿੰਘ ਦੇ ਸਿਰ ਤੋਂ ਲੰਘੇ, ਕੌਣ ਵੱਡੀ ਘਾਲ ਇਹ ਲਿਖੇ ਅੰਗੇ।
ਰਾਜ ਮਿਲਿਆ, ਨਾਲ ਸ਼ਾਨਾਂ ਸ਼ੌਕਤਾਂ; ਤੁਠੀਆਂ ਕਰਤਾਰ ਦੀਆਂ ਰਹਿਮਤਾਂ।
ਉੱਸਰੇ ਪੰਜਾਬ ਦੇ ਕਾਮੇ, ਕਿਸਾਨ; ਬਣ ਗਏ ਸਰਦਾਰ, ਸੂਰੇ ਵਾਹੀਵਾਨ।
ਮੱਲਿਆ ਮੁਲਤਾਨ, ਲੈ ਕਸ਼ਮੀਰ ਲਈ, ਵਧ ਖ਼ੈਬਰ ਨਾਲ ਜਾ ਸੀਮਾ ਖਹੀ।

ਸੋਧ ਲਏ ਸਿੰਘਾਂ ਨੇ ਸੱਖਰ ਉਹ ਪਠਾਣ, ਬੀਰਬਲ ਦੀ ਲਈ ਸੀ ਜਿੰਨਾਂ ਨੇ ਜਾਨ।
ਵੱਸ ਨ ਹੋਏ ਜੋ ਆਲਮਗੀਰ ਤੋਂ; ਲੈਣ ਜੋ ਗੁੜ੍ਹਤੀ ਤਿੱਖੀ ਸ਼ਮਸ਼ੀਰ ਤੋਂ।
ਸਿੰਘ ਉਹਨਾਂ ਦੇ ਲਈ ਹਊਏ ਬਣੇਂ, ਵੀਰਤਾ–ਰਾਣੀ ਨੇ ਜਿਹੜੇ ਸੀ ਜਣੇਂ।
ਧਾਂਕ ਉਹਨਾਂ ਦੀ ਸੁਣੀ ਸੰਸਾਰ ਨੇ; ਸਿੱਖਰਾਂ ਛੋਹੇ ਉਹ ਤੇਗ਼ਾਂ ਮਾਰ ਨੇ।

ਮਹਾਂ–ਬਲੀ ਜਦ ਤੀਕ ਫਿਰ ਜਿਉਂਦਾ ਰਿਹਾ; ਪੈਰ ਸਿੰਘਾਂ ਦਾ ਅਗੇਰੇ ਹੀ ਪਿਆ।

ਪਰ ਜਦੋਂ ਉਹ ਮਰਦ-ਸੂਰਾ ਤੁਰ ਗਇਆ; ਰੋਹਬ ਸਾਡੇ ਦਾ ਹਿਮਾਲਾ ਖੁਰ ਗਇਆ।
ਭੂਤ ਭੂਏ ਹੋ ਗਏ, ਆਪੋ 'ਚ ਪਾਟ; ਦੁਸ਼ਮਣੀ ਦੀ ਭੜਕ ਉਠੀ ਸਿਖਰ–ਲਾਟ।
ਸਿੰਘ–ਤੱਵ ਦਾ ਤੇਜ ਸਭ ਜਾਂਦਾ ਰਿਹਾ; ਭੁਲਿਆ ਕਰਤੱਵ ਸਿੰਘ ਹੇਠਾਂ ਲਹਿਆ।
ਰਹਿਤ ਵਿਸਰੀ, ਹੋ ਗਏ ਅਚਾਰ–ਹੀਣ; ਲਹੂ ਇਕ ਦੂਜੇ ਦਾ ਡਹਿ ਪਏ ਸਿਖ–ਪੀਣ।

ਵਿਭਚਾਰੀ ਹੋ ਗਏ, ਬਾਣੀ ਭੁਲੇ; ਸਤਿਧਾਰੀ ਨਾ ਰਹੇ ਕੱਖੀਂ ਰੁਲੇ।
ਵੇਸਵਾ ਗਾਮੀਂ, ਕੁ-ਕਰਮੀ ਹੋ ਗਏ; ਭੁਲ ਗਈ ਗੁਰਮਤ ਭਰਮੀਂ ਹੋ ਗਏ।
ਰੱਜਕੇ ਪੀਂਦੇ ਸ਼ਰਾਬਾਂ, ਬੋਹਕਦੇ; ਮਹਿਫਲਾਂ ਗੰਦੀਆਂ ਜਮਾਕੇ ਕੋਹਕਦੇ।
ਸਾਊ ਨਾ ਉਹ ਸਭਿਆਚਾਰੀ ਰਹੇ; ਨਾਮ–ਰਸ ਦੇ ਨਾ ਬਿਉਪਾਰੀ ਰਹੇ।

ਨਾ ਸ਼ਬਦ, ਨਾ ਕੀਰਤਨ ਦੀਆਂ ਚੌਂਕੀਆਂ; ਗੁਰਦੁਆਰੇ, ਧਰਮ ਸਾਲਾਂ ਉਜੜੀਆਂ।
ਰਾਜ ਗਇਆ, ਸ਼ਰਮ ਗਈ ਤੇ ਸ਼ਾਨ ਗਈ; ਪੱਤ ਲੱਥੀ, ਫੁਟ ਹੋ ਪਰਧਾਨ ਗਈ।
ਜੁੱਟ ਨਾ, ਇਤਫਾਕ ਨਾ ਏਕਾ ਰਹਿਆ; ਨਾ ਧਮੇਕੇ ਪਿਆਰ ਦਾ ਸੇਕਾ ਰਹਿਆ।
ਲਹਿ ਗਈ ਮਾਲਾ ਗਲੋਂ, ਕੈਂਠੇ ਪਏ, ਕੰਨ ਨਾ ਗੁਰ-ਮੰਤ੍ਰ, ਪੈ ਕੁੰਡਲ ਗਏ।

ਹੋ ਗਇਆ ਮਾਨੋਂ ਸ਼ਰਾਫ਼ਤ ਦਾ ਪਤਨ; ਡੋਗਦਾ ਜਾਏ ਹਿਠਾਂਹ ਹੀ ਹਰ ਜਤਨ।
ਕੌਮ ਤਾਂਈ ਤੂੰਡ ਦਿਤਾ ਪਤ ਝੜੀ, ਜਾਨ ਅੰਦਰੋਂ ਨਿਕਲ ਕੇ ਬੁੱਲੀਂ ਅੜੀ।
ਇਸ ਸਮੇਂ ਕਰਤਾਰ ਦੀਆਂ ਰਹਿਮਤਾਂ, ਫੇਰ ਸਾਡੇ ਦੇਸ ਉਤੇ ਵਸੀਆਂ।
ਉਡ ਗਈ ਸਰਦੀ, ਤੇ ਪਾਲਾ ਨਸਿਆ, ਚੰਨ ਦਿਸਿਆ ਦੂਰ ਹੋਈ ਮਸਿਆ।

ਫੇਰ ਫੁੱਟੇ ਟੂੰਡ, ਰੰਗੀਨੀ ਹਸੀ, ਕਰੂਪਤਾ ਖਿਸਕੀ ਤੇ ਸੁੰਦਰਤਾ ਲਸੀ।
ਇਕ ਨਿਕਾ ਨਗਰ ਵਰੁਸਾਇਆ ਗਇਆ, ਇਕ ਕਿਰਤੀ ਬਾਪ ਉਚਿਆਇਆ ਗਇਆ।
ਇਕ ਬੀਬੀ ਮਾਂ ਦਾ ਵਸਿਆ ਅੰਙਣਾਂ, ਰੰਗ ਹਰਿਆਲੀ ਦਾ ਹੋਇਆ ਸੰਙਣਾਂ।
ਰਾਤ ਮੁਕੀ ਆ ਨਵੀਂ ਪਰਭਾਤ ਗਈ, ਨੂਰ ਵਸੇ, ਭਗਤਿ ਸਿਮਰਨ ਦਾਤ ਢਹੀ।

ਵਿਚ ਕਲਿਜੁਗ ਫੇਰ ਸਤਿਜੁਗ ਆਇਆ, ਨਾਮ-ਸਿਮਰਨ ਦਾ ਸੁਆਤਮ ਛਾਇਆ।
ਜਾਗੀਆਂ ਪੰਜਾਬ ਦੀਆਂ ਕਿਸਮਤਾਂ, ਵਗੀਆਂ ਧਾਰਾਂ ਨੇ ਅਮਿਓਂ ਰਸ ਦੀਆਂ।
ਜੂਹ ਭੈਣੀ ਦੀ 'ਚੋਂ ਉਠੀ ਇਹ ਅਵਾਜ਼' ਇਸ ਉਤੇ ਖੋਲ੍ਹੇ ਗਏ ਸਾਰੇ ਨੇ ਰਾਜ਼।
ਰਾਮ ਦਾ ਇਹ ਰੂਪ, ਪਿਆਰਾ ਰਾਮ ਸਿੰਘ! ਜੋਤਿ-ਸਤਿ ਸੋਹਾਣ ਸਾਰਾ ਰਾਮ ਸਿੰਘ!

ਦੂਸਰਾ ਦਾਤਾਰ ਸੱਚਾ ਪਾਤਸ਼ਾਹ, ਸੱਚ ਹੈ ਸਾਕਾਰ ਸੱਚਾ ਪਾਤਸ਼ਾਹ।
ਰੂਪ ਹੈ ਦਸਮੇਸ਼ ਦਾ, ਪਾਵਨ ਮਹਾਨ, ਆਇਆ ਹੈ ਸਿੰਘ–ਤਵ ਨੂੰ ਉਜਲਾਣ।
ਧਰਮੀਓ! ਜਾਗੋ, ਤੇ ਹੁਣ ਸੁਤਿਓ ਉਠੋ! ਭੁਲਿਓ! ਰਸਤੇ ਪਵੋ, ਸਿਮਰਨ ਜੁਟੋ।
ਰੁਸਿਓ! ਘਰ ਵਲ ਮੁੜੋ, ਸਚ ਨੂੰ ਦ੍ਰਿੜੋ; ਨਾ ਰੁੜੋ ਵੈਲਾਂ 'ਚ, ਨਾ ਫੁਟੋ, ਭਿੜੋ।
ਦੇਸ਼ ਨੂੰ ਆਜ਼ਾਦ ਕਰਵਾਓ ਤੁਸੀਂ, ਵਿਛੜਿਆਂ ਨੂੰ ਮੇਲ ਗਲ ਲਾਓ ਤੁਸੀਂ।
ਨਾਮਧਾਰੀ, ਨਾਮ-ਰਸ-ਪਾਗੇ, ਬਣੋਂ, ਤਨ ਦੇ ਨਿਰਮਲ, ਪਿਆਰ-ਅਨਰਾਗੇ ਬਣੋਂ।

ਮੈਂ ਹਾਂ, ਤੇਰੇ ਚਰਨਾਂ ਦਾ ਸੇਵਕ

ਪੰਜਾਬ ਵਿਚ ਖਾਲਸਾ ਰਾਜ ਗਿਰਾਵਟ ਵੱਲ ਪਲ ਪਲ ਵਧਦਾ ਜਾ ਰਿਹਾ ਸੀ। ਅੰਗਰੇਜ਼ ਦੀ ਸਤਿਲੁਜ ਪਾਰ ਤੋਂ ਤਿਰਛੀ ਤੇ ਲਲਚਾਵੀਂ ਅੱਖ ਮਹਾਰਾਜ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬ ਦੇ ਆਜ਼ਾਦ ਰਾਜ ਨੂੰ ਕਿਸੇਤਰਾਂ ਹੜੱਪਣ ਦੀ ਤਾਂਘ ਵਿੱਚ ਸੀ। ਸਿਖ ਸਰਦਾਰਾਂ ਦੇ ਆਚਰਨ ਸਾਜ਼ਸ਼ਾਂ ਦੇ ਪਤਲੇ-ਮੋਟੇ ਜਾਲਾਂ ਵਿੱਚ ਦੁਸ਼ਮਨਾਂ ਦਾ ਚਾਹਿਆ ਪਾਰਟ ਅਦਾ ਕਰ ਰਹੇ ਸਨ। ਓਦੋਂ ਮੇਰਾ ਬਾਪ ਤੇ ਤੂੰ ਇਕਠੇ ਹੀ ਖਾਲਸਾ ਫੌਜ ਵਿੱਚ ਨੌਕਰ ਸੀ। ਮੇਰੇ ਪਿਤਾ ਤੇ ਅਜੇ ਤੇਰੀ ਮਿਹਰ ਦੀ ਨਿਗਾਹ ਨਹੀਂ ਸੀ ਹੋਈ, ਤਾਂ ਹੀ ਉਹ ਆਪਣੀਆਂ ਦੂੰਹ ਸਰਦਾਰਨੀਆਂ ਨਾਲ ਰੰਗ ਰਲੀਆਂ ਮਾਣਨ ਤੋਂ ਬਿਨਾ ਹੋਰ ਵੀ ਸ਼ੌਕ-ਪੂਰਤੀ ਲਈ ਸਾਧਨ ਲਭਦਾ ਸੀ। ਉਸਦੀ ਅਖੜਖਾਨਗੀ, ਸ਼ਿਕਾਰ ਦੀ ਸ਼ੌਕੀਨੀ, ਮਾਸ ਸ਼ਰਾਬ ਦੀ ਚੇਟਕ ਤੇ ਧਕਾ-ਧੋੜਾ ਵਾਹਰੇ ਵਿੱਚ ਪ੍ਰਸਿਧ ਸੀ।

ਸਾਡਾ ਘਰ ਚਿੜੀਮਾਰ, ਬਟੇਰ-ਬਾਜ਼, ਕਬੂਤਰ ਬਾਜ਼, ਤੇ ਕਸਾਈਆਂ ਦਾ ਵੱਡਾ ਅੱਡਾ ਸੀ। ਜ਼ਿਬਹ ਖਾਨਾ ਏਸ ਤੋਂ ਵਧ ਕੀ ਹੋਣਾ ਹੈ। ਦਹਾਕਿਆਂ ਦੀ ਗਿਣਤੀ ਵਿੱਚ ਜਾਨਵਰ ਸਾਡੀ ਹਵਸ ਦਾ ਸ਼ਿਕਾਰ ਹੋਏ ਸਾਡੀਆਂ ਰਸੋਈਆਂ ਵਿੱਚ ਰਿਝਦੇ ਸਨ, ਦੂਜੇ ਪਾਸੇ ਮੱਟਾਂ ਮੂੰਹੀਂ ਸ਼ਰਾਬ ਦੀ ਤਿਆਰੀ ਲਈ ਲਾਹਣਾਂ ਦੇ ਚਾਟੇ ਵੀ ਚੁਲ੍ਹੇ ਚੜ੍ਹੇ ਰਹਿੰਦੇ। ਦਸਮੇਸ਼ ਜੀ ਦੀ ਸਿੱਖੀ ਨੂੰ ਨਵੀਆਂ ਵਿਉਂਤਣਾਂ ਦੇਣ ਲਈ ਉਸਤਰੇ ਕੈਂਚੀਆਂ ਕੰਮ ਕਰਦੀਆਂ ਰਹਿੰਦੀਆਂ ਤੇ ਸਾਡੇ ਵਡੇ ਪਰਵਾਰ ਨੂੰ ਆਪਣੇ ਸੁਆਦਾਂ ਵਿੱਚ ਜਹਾਨ ਭੁਲਿਆ ਹੋਇਆ ਸੀ।

ਤੂੰ ਕਿਵੇਂ ਆਇਓਂ ਤੇ ਕਦੋਂ ਆਇਓਂ ਯਾਦ ਨਹੀਂ। ਏਹ ਵੀ ਨਹੀਂ ਪਤਾ ਕਿ ਤੂੰ ਹੀ ਮੇਰੇ ਪਿਤਾ ਨੂੰ ਆਪਣੇ ਵੱਲ ਖਿਚ ਲਿਆ ਹੋਵੇ। ਕਿਉਂਕਿ ਉਹਨਾਂ ਦਿਨਾਂ ਵਿਚ ਪੰਜਾਬ ਨੂੰ ਨਵੀਆਂ ਰੰਗਣਾਂ ਦੇਣ ਵਾਲਾ ਇਕੋ ਇਕ ਤੂੰ ਹੀ ਸੈਂ। ਤੂੰ ਹੀ ਸੈਂ ਜਿਨ ਸਿਖੀ ਨੂੰ ਸੁਰਜੀਤ ਕੀਤਾ, ਖਖਰੀ-ਲੀਆਂ ਅਲਮਾਰੀਆਂ ਚੋਂ ਸਿਉਂਕੀਆਂ ਬੀੜਾਂ ਨੂੰ ਆਪਣੀ ਦਸਤਾਰ ਨਾਲ ਸਾਫ ਕਰ ਕਰ ਪਿੰਡਾਂ ਵਿੱਚ ਧਰਮਸਾਲਾਂ ਕਾਇਮ ਕਰਵਾਈਆਂ। ਤੇ ਉਹ ਸਾਰੇ ਹੀ ਜਿਨ੍ਹਾਂ ਨੂੰ ਤੂੰ ਅਗਲੀ ਜ਼ਿੰਦਗੀ ਦੇ ਵਡੇਰੇ ਕੰਮ ਬਖਸ਼ਣੇ ਸਨ, ਆਪ ਅੰਦਰਲੀ ਖਿੱਚ ਨਾਲ ਸੱਦ ਬੁਲਾਂਦਾ ਸੈਂ। ਇਕ ਨਹੀਂ ਅਨੇਕਾਂ ਤੇਰੀ ਅੰਤਰ-ਧੂ ਦੇ ਖਿਚੇ ਸੈਂਕੜਿਆਂ ਕੋਹਾਂ ਦਾ ਸਫ਼ਰ ਕਰ ਕਰ ਤੇਰੇ ਚਰਨਾਂ ਤੇ ਆ ਲਿਪਟੇ।

ਤੇ ਏਸਤਰਾਂ ਕਿਤੇ ਤੂੰ ਮੇਰੇ ਬਾਪ ਨੂੰ ਵੀ ਆਪਣੇ ਚਰਨਾਂ ਦੀ ਛੁਹ ਬਖਸ਼ ਦਿਤੀ। ਤੂੰ ਉਸਨੂੰ ਕੀ ਕਿਹਾ ਹੋਵੇਗਾ ? ਅੱਜ ਵੀ ਮੇਰੇ ਕੰਨਾਂ ਵਿਚ ਉਹ ਅਵਾਜ਼ ਗੂੰਜਦੀ ਹੈ। ਉਹ ਕਹਿੰਦਾ ਸੀ ਤੂੰ ਆਖਿਆ "ਸ਼ਾਮ ਸਿੰਘਾ, ਅਸਲੀ ਜੀਵਨ ਏਹ ਨਹੀਂ, ਸਿਰਫ ਆਪਣੇ ਲਈ ਜੀਉਣਾ– ਆਪਣੇ ਜੀਉਣ ਖਾਤਰ ਦੂਜਿਆਂ ਨੂੰ ਮੌਤ ਦੇਣੀ, ਏਹ ਜ਼ਿੰਦਗੀ ਦੀ ਗਲਤ ਵਰਤੋਂ ਹੈ। ਆ ਤੈਨੂੰ ਜੀਉਣਾ ਦਸੀਏ। ਜੀਉਂਦੇ ਉਹ ਨੇ ਜੋ ਦੂਜਿਆਂ ਲਈ ਮਰਦੇ ਹਨ। ਜੀਉਂਦੇ ਉਹ ਨੇ ਜੋ ਗਊ ਗਰੀਬ ਦੀ ਮਦਦ ਲਈ ਆਪਾ ਤਿਆਗਦੇ ਨੇ। ਤੂੰ ਏਸ ਰਾਹ ਦਾ ਰਾਹੀ ਨਹੀਂ ਜਿਸਤੇ ਪੈ ਗਿਆ ਏਂ। ਤੂੰ ਸਮਝਦਾ ਹੈਂ ਸੰਸਾਰਕ ਸੁਖ ਭੋਗ ਰਿਹਾ ਏਂ, ਪਰ ਉਹ ਉਲਟਾ ਤੈਨੂੰ ਭੋਗ ਰਹੇ ਨੇ। ਤੇਰੀ ਬਬਰਸ਼ੇਰੀ-ਜੁਆਨੀ ਅਜਾਈਂ ਜਾ ਰਹੀ ਹੈ! ਤੇਰਾ ਧਨ ਤੈਨੂੰ ਧੋਖਾ ਦੇ ਰਿਹਾ ਹੈ। ਤੇਰਾ ਮਨ ਤੈਨੂੰ ਵਿਕਾਰਾਂ ਵਲ ਲਈ ਜਾ ਰਿਹਾ ਹੈ। ਆ, ਘਰ ਆ ਬਥੇਰਾ ਕੁਝ ਕਰ ਡਿਠਾ ਈ। ਆ ਕੁਝ ਸੰਤ ਜੀਵਨ ਦਾ ਮਜ਼ਾ ਵੀ ਲੈ। ਆ ਕੁਝ ਦੂਜਿਆਂ ਲਈ ਜੀ ਕੇ ਵੀ ਵੇਖ। ਵੇਖ ਕਿਵੇਂ ਪੰਜਾਬ ਵਿੱਚ ਰਣਜੀਤ ਸਿੰਘ ਦਾ ਸੰਚਤ-ਧਨ ਖੁਰਦ ਬੁਰਦ ਹੋ ਰਿਹਾ ਹੈ। ਵੇਖ ਕਿਵੇਂ ਅੰਗਰੇਜ਼

ਦੀਆਂ ਬਿਲੀਆਂ ਅਖਾਂ ਖਾਲਸਾ ਰਾਜ ਨੂੰ ਹੜੱਪਣ ਦੀ ਤਾਕ ਵਿਚ ਹਨ।" ਤੇ ਪਤਾ ਨਹੀਂ ਹੋਰ ਕੀ ਕੁਝ ਤੂੰ ਉਹਨੂੰ ਆਖਿਆ ਕਿ ਉਸਦੀ ਜ਼ਿੰਦਗੀ ਵਿਚ ਅਜੇਹੀਆਂ ਵਡੀਆਂ ਤਬਦੀਲੀਆਂ ਉਠ ਖਲੋ-ਤੀਆਂ ਕਿ ਉਸਦੀ ਨਿਕੰਮੀ ਚਾਰ-ਯਾਰੀ ਉਸਨੂੰ ਛਡ ਗਈ ਤੇ ਉਹ ਤੇਰੇ ਚਰਨਾਂ ਦਾ ਭੌਰਾ ਬਣ ਤੇਰਾ ਤੇ ਤੇਰੀ ਸੰਗਤ ਦਾ ਹੀ ਹੋ ਗਿਆ।

* * * *

ਪਰ ਮੈਂ ਆਪਣੇ ਪੰਜਾਂ ਭਰਾਵਾਂ ਚੋਂ ਚੌਥਾ ਸਾਂ। ਮੇਰੇ ਲਈ ਘਰ ਦਾ ਲਾਡ ਪਿਆਰ ਅਮਿਤਵਾਂ ਸੀ। ਬੂਰੀਆਂ ਚੁੰਘਦਿਆਂ, ਸੌਂਚੀਆਂ ਕਬੱਡੀਆਂ ਖੇਡ-ਦਿਆਂ ਮੇਰੇ ਤੇ ਜਵਾਨੀ ਦੇ ਰਾਂਗਲੇ ਦਿਨ ਆਏ। ਆਪਣੇ ਦੁਆਲੇ ਵਿੱਚ ਮੈਂ ਭੀਮ-ਬਲੀ ਸਾਂ। ਲੋਹੜੇ ਦੇ ਬਲ ਵਾਲਾ ਭਰਵਾਂ ਚੌੜਾ ਚਕਲਾ ਫੌਲਾਦੀ ਜੁਸਾ, ਮੜ੍ਹੈਲੀ ਸ਼ਾਨਾਂ ਭਰਿਆ ਲੁਸ ਲੁਸ ਕਰਦਾ ਮੱਥਾ, ਵਿੰਨ੍ਹਵੀਂ ਤਕਣੀ ਵਾਲੀਆਂ ਮੋਟੀਆਂ ਹਰਨ-ਅੱਖੀਆਂ, ਬਹਾਦਰੀ ਤੇ ਗਭਰੇਟੂ ਹਾਲਾਤ ਦਾ ਪ੍ਰਗਟਾਵਾ ਕਰਦੀਆਂ ਖੜ੍ਹਵੀਆਂ ਮੁਛਾਂ, ਗੋਲ ਚੇਹਰੇ ਤੇ ਭਰਵਾਂ ਕਾਲਾ ਦਾਹੜਾ, ਮੇਰੀ ਜਵਾਨੀ ਨੂੰ ਰੁਹੜਨ ਲਈ ਸਾਰੇ ਮਸਾਲੇ ਇਕਤਰ ਸਨ ਤੇ ਮੈਂ ਜਵਾਨੀ ਦੇ ਵੇਗ ਵਿਚ ਆਪਣੇ ਇਲਾਕੇ ਦੇ ਬਹਾਦਰੀ ਭਰੇ ਕਰਤਵ ਨੂੰ ਕਰਨ ਲਗ ਪਿਆ– ਚੋਰੀ ਮੇਰਾ ਬੜਾ ਪਿਆਰਾ ਸ਼ੌਕ ਸੀ, ਬਾਪੂ ਵਾਲੇ ਸਾਰੇ ਦੌਰਾਂ ਚੋਂ ਲੰਘਿਆ। ਹੁਣ ਉਸਦਾ ਸੰਤ-ਪੁਣਾ ਮੈਨੂੰ ਚੰਗਾ ਨਹੀਂ ਸੀ ਲਗਦਾ। ਮੈਂ ਘਰ ਦਾ ਨਾਮਣਾ ਕਢ ਦਿਤਾ, ਮੇਰੀ ਚੋਰੀ ਦੀਆਂ ਧੁੰਮਾਂ ਸਨ, ਇਕ ਹਥ ਨਾਲ ਮੁਤਾਣਾ ਘੋੜਾ ਸੰਭਾਲਕੇ ਪੰਜ ਮਣ ਪਕੇ ਦੀ ਇਕੋ ਹਥ ਨਾਲ ਪੰਡ ਚੁਕਣ ਵਾਲਾ ਜੇ ਰੋਜ਼ਾਨਾ ਆਪਣੀ ਰੋਟੀ ਲਈ ਭੇਡ ਬਕਰੀ ਨਾ ਚੁਕ ਲਿਆਵੇ ਤਾਂ ਉਸਨੇ ਦੁਨੀਆਂ ਵਿੱਚ ਕੀ ਕਰਨਾ ਹੈ? ਕੁੜੀਆਂ ਮੁੰਡੇ ਮੇਰੀ ਜਵਾਨੀ ਤੋਂ ਸਦਕੇ ਜਾਂਦੇ ਤੇ ਮੇਰੇ ਐਬ ਆਏ ਦਿਨ ਸਵਾਏ ਹੁੰਦੇ ਜਾਂਦੇ, ਪਿਤਾ ਦਾ ਸੰਕੋਚ ਮੇਰੀ ਕਿਸਮਤ ਦਾ ਅਮੁਕ ਭੰਡਾਰ ਸੀ।

ਮੈਨੂੰ ਪਤਾ ਏ ਕਿ ਮੇਰੇ ਬਾਪੂ ਵਲੋਂ ਮੇਰੀਆਂ ਸ਼ਕਾਇਤਾਂ ਤੇਰੇ ਪਾਸ ਅਪੜਦੀਆਂ ਸਨ। ਤੇ ਜਿਦਣ ਤੂੰ ਮੈਨੂੰ ਉਹਨਾਂ ਅਖਾਂ ਨਾਲ ਭਰਕੇ ਤਕਿਆ ਜਿੰਨ੍ਹਾਂ ਨਾਲ ਤੂੰ ਸ਼ੈਤਾਨਾਂ ਨੂੰ ਨਥਕੇ ਬੇ-ਰੜਕ ਸੰਤ ਕਰਦਾ ਏਂ, ਮੇਰੇ ਵਿਚ ਕੀ ਰਹਿ ਗਿਆ ਸੀ? ਮੈਂ ਕੰਬ ਉਠਿਆ ਸਾਂ, ਮੇਰਾ ਅਨੰਤ ਬਲ ਜਿਵੇਂ ਅਮਾਪ ਕਮਜ਼ੋਰੀ ਹੋ ਗਿਆ। ਰੂਹ ਦੀਆਂ ਸ਼ੋਖੀਆਂ ਚੱਟੀਆਂ ਗਈਆਂ ਤੇ ਗਨੂਦਗੀ ਤਾਰੀ ਹੋ ਗਈ। ਦਿਲ ਜਿਵੇਂ ਕੋਈ ਅੰਦਰੋਂ ਚੁਰਾਕੇ ਲੈ ਗਿਆ, ਮੇਰੇ ਪਾਸ ਖਾਲੀ ਕਲਬੂਤ ਸੀ– ਪਰ ਕੋਈ ਲਿੱਲ੍ਹ ਲਗ ਗਈ ਤੇਰੇ ਦਰਸ਼ਨਾਂ ਦੀ, ਤੈਨੂੰ ਚੰਗਿਆਂ ਲੱਗਣ ਦੀ, ਤੇਰੇ ਨਾਲ ਇਕ ਮਿਕ ਹੋਣ ਦੀ।

ਤੇ ਏਹੋ ਜੇਹਾ ਇਕ ਮੈਂ ਹੀ ਨਹੀਂ ਸਾਂ, ਉਹਨੀਂ ਦਿਨੀਂ ਪੰਜਾਬ ਦੇ ਲਖਾਂ ਲੋਕੀਂ ਤੇਰੇ ਦਰਸ਼ਨਾਂ ਦੇ ਸ਼ੈਦਾਈ ਹੋ ਗਏ– ਤੇਰੇ ਇਸ਼ਾਰਿਆਂ ਤੇ ਜਾਨ ਘੋਲ ਘਤਣ ਵਾਲੇ ਬਣ ਗਏ। ਤੂੰ ਇਕ ਸੈਂ ਤੇਰੇ ਪਰ-ਵਾਨੇ ਬੇਗਿਣਤ ਸਨ।

ਤੇਰੇ ਦਰਸ਼ਨਾਂ ਦੀ ਧੂਹ ਅਲੌਕਿਕ ਸੀ, ਜਿਸ ਸਾਨੂੰ ਤੇਰੇ ਪਿਆਰ ਦੀ ਅਜੇਹੀ ਚੇਟਕ ਲਾਈ ਕਿ ਤੈਥੋਂ ਬਿਨਾ ਹੋਰ ਕਿਧਰੇ ਜੀ ਨਹੀਂ ਸੀ ਲਗਦਾ–

ਊਠਤ, ਬੈਠਤ, ਸੋਵਤ ਜਾਗਤ
ਇਹ ਮਨ ਤੁਝੈ ਚਿਤਾਰੈ।

ਜ਼ਰਾ ਦੱਸ ਤੇ ਸਹੀ ਤੂੰ ਸਾਡੇ ਤੇ ਕੀ ਜਾਦੂ ਧੂੜਿਆ? ਤੂੰ ਸਾਡਾ ਕੀ ਲਗਦਾ ਸੈਂ? ਨਾ ਗੋਤੀ ਨਾ ਗਿਰਾਈਂ, ਨਾ ਹਾਣੀ ਨਾ ਹਾਣੀਆਂ ਜੇਹਾ? ਨਾ ਰਿਸ਼ਤੇਦਾਰ ਨਾ ਰਿਸ਼ਤੇਦਾਰਾਂ ਦਾ ਸਗਾ ਸਬੰਧੀ? ਸਾਡੇ ਨਾਲ ਤੇਰਾ ਨਾਤਾ ਕੀ ਸੀ? ਤੇਰੇ ਨਾਲ ਸਾਡੀ ਰੂਹ ਕਿਵੇਂ ਅੜ ਗਈ? ਬਾਬਾ ਕੋਈ ਪਤਾ ਨਹੀਂ ਲਗਦਾ। ਕੀ ਏਹ ਇਸ਼ਕ ਸੀ ਜੋ ਰਾਹ ਜਾਂਦਿਆਂ ਤੇਰੇ ਨਾਲ ਹੋ ਗਿਆ? ਤੇਰੇ ਤੋਂ ਵਰੋਸਾਇਆਂ ਨੂੰ ਪਿਆਰ ਕਰਨ ਨੂੰ ਜੀ ਪਿਆ ਕਰੇ, ਉਹਨਾਂ ਲਈ ਕੁਰਬਾਨ ਹੋਣ ਨੂੰ ਚਿਤ ਪਿਆ ਚਾਹਵੇ! ਤੇਰੀਆਂ ਲਿਸ਼ਕਾਂ, ਤੇਰੀਆਂ ਕਸਕਾਂ, ਤੇਰੀਆਂ ਰਮਜ਼ਾਂ ਕੋਈ ਅਗੰਮੀ ਹੀ ਸਨ ਤੇ ਏਹ ਸਾਡੀ ਪਹੁੰਚੋਂ ਬਾਹਰੀਆਂ ਸਨ। ਤੇਰੀ ਤਕਣੀ ਅਗੇ ਸਾਥੋਂ ਪਲ ਭਰ ਅਟਕਿਆ ਨਹੀਂ ਸੀ ਜਾਂਦਾ। ਤੂੰ ਕਿਹੜੀਆਂ ਅਨੰਤ ਕਲਾ ਲੈਕੇ ਆ ਗਿਆ ਸੈਂ? ਤੇਰਾ ਭਉ ਸਾਨੂੰ ਕਿੰਨਾ ਸੀ, ਤੇਰਾ

ਪਿਆਰ ਸਾਨੂੰ ਕਿਵੇਂ ਆਪਣੀ ਮਾਰ ਹੇਠ ਰਖਦਾ, ਏਸ ਗਲ ਦਾ ਏਥੋਂ ਹੀ ਪਤਾ ਲਗ ਜਾਂਦਾ ਹੈ ਕਿ ਜ਼ਿਲਾ ਅੰਮ੍ਰਿਤਸਰ ਦਾ ਪਿੰਡ ਸਰਹਾਲੀ ਤੇ ਉਸ ਵਿੱਚ ਸਾਡੀ ਵਧੀਆ ਰਿਹਾਇਸ਼ੀ ਅਟਾਰੀ ਵੀ ਸਾਡੀ ਸਚੀ ਪਨਾਹ ਨਹੀਂ ਸੀ ਬਣ ਸਕੀ। ਸੈਂਕੜੇ ਮੀਲਾਂ ਦਾ ਫਾਸਲਾ ਨਦੀਆਂ ਨਾਲੇ, ਜੰਗਲ-ਉਜਾੜ, ਸ਼ਹਿਰ ਗਿਰਾਂ, ਕੰਧਾਂ ਕੋਠੇ ਸਭ ਨੂੰ ਤੇਰੀ ਇਲਾਹੀ ਨਜ਼ਰ ਚੀਰਕੇ ਆ ਜਾਂਦੀ ਸੀ, ਅਸੀਂ ਆਪਣੀ ਅਟਾਰੀ ਵਿਚ ਰਹਿੰਦੇ ਵੀ ਤੇਰੇ ਭਉ ਵਿਚ ਰਹਿੰਦੇ, ਤੇਰੇ ਪਿਆਰਾਂ ਵਿਚ ਪਲਦੇ ਤੇ ਤੇਰੇ ਇਕਰਾਰਾਂ ਤੇ ਜੀਉਂਦੇ।

* * * *

ਜਿਸ ਅੰਗਰੇਜ਼ ਨੂੰ ਤੂੰ ਆਪਣੇ ਪਿਆਰੇ ਪੰਜਾਬ ਦਾ ਹੁਕਮਰਾਨ ਹੋਇਆ ਨਹੀਂ ਸੈਂ ਵੇਖਣਾ ਚਾਂਹਦਾ ਉਸਦਾ ਕਬਜ਼ਾ ਅਟਲ ਹੋਣੀ ਵਾਂਗ ਹੋ ਗਿਆ ਤੇ ਤੇਰੀ ਪੈਦਾ ਕੀਤੀ ਸੰਤ-ਫੌਜ ਤੋਂ ਅੰਗਰੇਜ਼ ਨੂੰ ਬਗ਼ਾਵਤ ਦੀ ਬੂ ਆਉਣ ਲਗ ਪਈ ਤੇ ਜੋ ਕੁਝ ੧੯੨੯ ਬਿਕਰਮੀ ਵਿੱਚ ਹੋ ਗਿਆ, ਏਹ ਕੋਈ ਸੁਭਾਵਕ ਘਟਨਾ ਨਹੀਂ ਸੀ। ਤੇਰੇ ਪਿਆਰਿਆਂ ਤੇ ਅੰਗਰੇਜ਼-ਪਿਆਰਿਆਂ ਵਿੱਚ ਏਹ ਟਕਰ ਹੋਣੀ ਲਾਜ਼ਮੀ ਅਮਰ ਸੀ– ਨਤੀਜਾ ਨਿਕਲਿਆ ੮੦ ਨਾਮਧਾਰੀ ਵਖ ਵਖ ਤਰੀਕਿਆਂ ਨਾਲ ਮੌਤ ਦੇ ਘਾਟ ਉਤਾਰੇ ਗਏ। ਅੰਗਰੇਜ਼ ਨੇ ਸਾਰੀ ਸ਼ਾਹੀ ਤਾਕਤ ਕੂਕਿਆਂ ਖਿਲਾਫ਼ ਝੋਕ ਦਿਤੀ। ਨਿਤ ਦਿਨ ਗ੍ਰਿਫ਼ਤਾਰੀਆਂ ਹੁੰਦੀਆਂ, ਤਲਾਸ਼ੀਆਂ ਹੁੰਦੀਆਂ, ਸਜ਼ਾਵਾਂ ਮਿਲਦੀਆਂ ਤੇ ਭੈਣੀ ਸਾਹਿਬ ਤੇਰੀਆਂ ਸਰਗਰਮੀਆਂ ਦਾ ਸੋਮਾ ਸਦਾ ਲਈ ਬੰਦ ਕਰਨ ਲਈ ਤੈਨੂੰ ਵੀ ਮੇਰੇ ਪ੍ਰੀਤਮਾ! ਜਿਲਾ ਵਤਨ ਕੀਤਾ ਗਿਆ। ਤੇਰੀ ਨਗਰੀ ਦੀ, ਸਾਡੇ ਤੀਰਥ ਦੀ ਪਾਣੀ ਹਾਂਡੇ ਤਕ ਖੁਦਾਈ ਕਰਕੇ ਵੀ ਹਕੂਮਤ ਨੂੰ ਖ਼ੌਫ਼ ਸਤਾਂਦਾ ਸੀ। ਤੇਰੀ ਅਠੋਤਰੀ ਮਾਲਾ ਭਿਆ-ਨਕ, ੧੦੮ ਗੋਲਿਆਂ ਵਾਲੀ ਤੋਪ ਜਾਪਦੀ ਸੀ, ਤੇ ਤੇਰਾ ਪਿਆਰਾ ਭਾਈ ਤੇ ਉਸਦਾ ਸਾਰਾ ਪਰਵਾਰ ਸਣੇ ਤੇਰੇ ਆਸ਼ਕਾਂ ਦੇ ਘਰ-ਘਰ ਵਿਚ ਬੰਦੀ ਬਣ ਗਏ!

ਹੁਣ ਮੇਰਾ ਜੀ ਪੰਜਾਬ ਵਿਚ ਲਗਦਾ ਨਹੀਂ ਸੀ ਬਾਰ ਬਾਰ ਉਪਰਾਮਤਾ ਉਠਦੀ ਤੇ ਘਰ-ਬਾਰ ਛਡ ਕਿਤੇ ਦੂਰ ਦੇਸ ਨਿਕਲ ਜਾਣ ਲਈ ਤਨ ਮਨ ਬੇਤਾਬ ਹੋ ਜਾਂਦਾ ਤੇ ਜਾਂ ਫਿਰ ਦੇਸ਼ ਵਿਚ ਉਹ ਸੰਭਰ ਸੂਰੀ ਫੇਰਨ ਨੂੰ ਜੀ ਕਰਦਾ ਕਿ ਅੰਗਰੇਜ਼ ਰਾਜ ਦੀਆਂ ਸਦਾ ਵਾਸਤੇ ਭਾਰਤ ਭੂਮੀ ਚੋਂ ਜੜ੍ਹਾਂ ਵਢੀਆਂ ਜਾਂਦੀਆਂ– ਜੀ ਕਰਦਾ ਸੀ ਕਿਸੇ ਦੇ ਗਲ ਪੈ ਮਰੀਏ, ਹੋਈਆਂ ਦਾ ਬਦਲਾ ਚੁਕਾ ਲਈਏ– ਭਾਵੇਂ ਕਿੰਨਾ ਵੀ ਪੁਲਿਸ ਤੇ ਫੌਜ ਦਾ ਕਰੜਾ ਵਾਰ ਸੀ, ਕਿਸੇ ਕੀ ਪਰਵਾਹ ਕਰਨੀ ਸੀ ਜ਼ਿੰਦਗੀ ਦੀ?– ਪਰ ਤੇਰੇ ਇਸ਼ਾਰੇ ਸ਼ਾਂਤੀ ਦੇ ਸਨ। ਤੂੰ ਆਪਣੀ ਜਮਾਂ ਕੀਤੀ ਸ਼ਕਤੀ ਨੂੰ ਅਜੇ ਸ਼ਾਇਦ ਅਧੂਰੀ ਸਮਝਦਾ ਸੈਂ ਜਾਂ ਕਿਸੇ ਖਾਸ ਵਕਤ ਦੀ ਉਡੀਕ ਵਿਚ ਸੈਂ ਕਿ ਚਲਾਕ ਹਕੂਮਤ ਨੇ ਪਹਿਲ ਕਰ ਦਿਤੀ। ਖ਼ੈਰ; ਜੋ ਕੁਝ ਵੀ ਸੀ, ਮੇਰੀ ਰੂਹ ਲਈ ਅਜ਼ਾਬ ਸੀ, ਉਦਰੇਵਾਂ ਬਾਹਲਾ ਹੁੰਦਾ ਜਾ ਰਿਹਾ ਸੀ ਤੇ ਮੈਂ ਬਾਪ ਅਤੇ ਭਾਈਆਂ ਦੇ ਕਹੇ ਦੀ ਪਰਵਾਹ ਨਾ ਕਰਦਿਆਂ ਘਰੋਂ ਨਿਕਲ ਤੁਰਿਆ।

ਤੇਰੇ ਪਾਸ ਸ਼ਕਾਇਤ ਅਪੜੀ ਸੀ ਨ? ਬਾਪੂ ਨੇ ਏਥੋਂ ਲਿਖ ਘਲਿਆ ਸੀ ਕਿ ਪਰਵਾਹ ਨ ਕਰ-ਦਿਆਂ ਘਰੋਂ ਨਿਕਲ ਆਇਆ ਹੈ ਤੇ ਨੌਕਰੀ ਕਰ ਲਈ ਸੂ। ਸੱਚ ਦੱਸ ਸੁਹਣਿਆਂ ਤੂੰ ਸਾਡਾ ਕੀ ਲਗਦਾ ਸੈਂ? ਤੇਰੇ ਪਾਸ ਏਡੀ ਦੂਰ ਵੀ ਮੇਰੀ ਸ਼ਕਾਇਤ ਕਿਉਂ ਅਪੜ ਪਈ?

* * * *

ਹਾਂ, ਮੈਂ ਨੌਕਰੀ ਕਰ ਲਈ ਬਰਮਾਂ ਵਿਚ ਜਾਕੇ ਤੇਰੇ ਹੁਕਮ ਦੀ ਪਰਵਾਹ ਨਾ ਕੀਤੀ ਉਹਨਾਂ ਪਵਿਤ੍ਰ ਨਿਯਮਾਂ ਦੀ ਉਲੰਘਣਾਂ ਕਰ ਦਿਤੀ ਜੋ ਭਾਰਤ ਦੀ ਅਜ਼ਾਦੀ ਦੇ ਜ਼ਾਮਨ ਸਨ ਤੇ ਮੈਂ ਹੌਲੀ ਹੌਲੀ ਤੇਰੇ ਰਾਹ ਤੋਂ ਥਿੜਕਨ ਲਗ ਪਿਆ। ਮੇਰਿਆ ਮਹਿਰਮਾਂ! ਨਹੀਂ, ਤੂੰ ਮਹਿਰਮ ਹੀ ਨਹੀਂ ਤੂੰ ਮਾਲਿਕ ਵੀ ਹੈਂ; ਹਾਂ, ਮੇਰੇ ਮਾਲਕਾ! ਫੇਰ ਮੈਂ ਤੈਥੋਂ ਤੇ ਤੇਰੇ ਰਾਹ ਤੋਂ ਦੂਰ ਹੋਣ ਦੀ ਗ਼ਲਤੀ ਖਾ ਬੈਠਾ ਪਰ ਤੂੰ ਵੀ ਮੈਨੂੰ ਛਡ ਦਿਤਾ? ਨਹੀਂ, ਛਡਿਆ ਨਹੀਂ, ਪਰ ਛੱਡਣ ਵਰਗੀ ਸਜਾ ਜ਼ਰੂਰ ਦਿਤੀ।

ਮੈਨੂੰ ਪੁਠੀ ਭੁਆਲੀ ਆ ਗਈ। ਮੇਰੇ ਅੰਦਰੋਂ ਕੁਕਰਮ ਉਘੜਨ ਲਗੇ । ਸ਼ੈਤਾਨੀਅਤ ਜ਼ੋਰ ਫੜ ਗਈ, ਮਨ ਬੇਕਾਬੂ ਹੋ ਗਿਆ, ਕੋਈ ਰੋਕ ਕਾਰਗਰ ਨਾ ਸਾਬਤ ਹੋਈ,ਹੁੰਦੀ ਵੀ ਕਿਵੇਂ ਸਾਧ-ਸੰਗਤ ਦਾ ਕਿਲਾ ਮੈਥੋਂ ਖੁਸ ਚੁਕਾ ਸੀ । ਵਿਕਰਮੀ ਦੁਆਲੇ ਦੇ ਘਣੇ ਜੰਗਲ ਵਿਚ ਫਸ ਗਿਆ ਤੇ ਏਸਤਰ੍ਹਾਂ ਇਕ ਦਿਨ ਵੇਸਵਾ ਗਮਨੀ ਤਕ ਨੌਬਤ ਅਪੜ ਗਈ। ਭਲਾ ਮੇਰੇ ਨਾਲ ਏਸਤਰਾਂ ਕਿਉਂ ਕੀਤੋ ਈ ? ਜੇ ਤੂੰ ਜੋਗਾ ਸਿੰਘ ਨੂੰ ਵੇਸਵਾ ਦੇ ਦਰ ਮੂਹਰੇ ਖੜੋਕੇ ਖੋਟਾ ਕਰਮ ਕਰਨੋਂ ਰੋਕ ਸਕਦਾ ਸੈਂ ਤਾਂ ਕੀ ਮੇਰੇ ਵਿਚ ਓਦੂੰ ਵਧ ਅਭਿਮਾਨ ਆ ਵੜਿਆ ਸੀ, ਮੈਂ ਕੀ ਏਡਾ ਗੁਨਾਹ ਕਰ ਬੈਠਾ ਸਾਂ ਕਿ ਤੂੰ ਇਕ ਦਮ ਮੈਨੂੰ ਭੁਲਾ ਦਿਤਾ ਤੇ ਉਸ ਨਰਕ ਕੁੰਡ ਵਿਚ ਪਾ ਦਿਤਾ ਜਿਸ ਵਾਸਤੇ ਮੁੜ ਤੈਨੂੰ ਦਵਾਈਆਂ ਦਾ ਫਿਕਰ ਵੀ ਪਿਆ ਰਿਹਾ । ਮੈਨੂੰ ਪਤਾ ਹੈ, ਚੰਗੀ ਤਰਾਂ ਯਾਦ ਹੈ, ਤੇਰੇ ਹੁਕਮ ਨਾਮਿਆਂ ਵਿਚ ਮੇਰੇ ਲਈ ਨੁਸਖੇ ਲਿਖੇ ਆਉਂਦੇ ਰਹੇ-ਕੀ ਜਾਣਾ ਖਉਰੇ ਤੂੰ ਕਿੰਨਿਆਂ ਦਾ ਉਧਾਰ ਕਰਨਾ ਸੀ -ਪਰ ਸਦਕੇ ਤੇਰੇ ਫਿਕਰਾਂ ਤੋਂ, ਕੁਰਬਾਨ ਤੇਰੀ ਮੁਹੱਬਤ ਤੋਂ—ਤੂੰ ਮੈਨੂੰ ਮਾਪਿਆਂ ਨਾਲੋਂ ਵਧ ਪਿਆਰ ਨਾਲ ਅਪਣਾ ਬਚਾ ਜਾਣਕੇ ਬੜੀ ਗੰਭੀਰਤਾ ਨਾਲ ਸਾਦਾ ਜੇਹੇ ਲਫ਼ਜਾਂ ਵਿਚ ਲਿਖਿਆ । ਅਜ ਮੈਂ ਆਪਣੇ ਆਪ ਦਸ ਦਿਆਂ ਗਾ—ਮੈਨੂੰ ਡਰ ਨਹੀਂ ਸ਼ਰਮਾਂ ਦਾ, ਮੈਨੂੰ ਚਾ ਹੈ ਸਗੋਂ ਕਿ ਮੈਂ ਉਹ ਰਿਸ਼ਤਾ ਲੋਕਾਂ ਤਕ ਸਾਬਤ ਕਰਦਿਆਂ ਕਿ ਕਿਵੇਂ ਸਿਖ ਤੇ ਗੁਰੂ ਪ੍ਰੇਮ ਬੰਧਨ ਵਿਚ ਬਧੇ ਤਰਸ ਤੇ ਪਿਆਰ ਦੀ ਮੂਰਤ ਬਣੇ ਦੁਖ-ਸੁਖ ਸੁਣਦੇ ਤੇ ਕਰਦੇ ਹਨ। ਠੀਕ ਵੀ ਹੈ : ਦੂਖ ਸੂਖ ਇਸ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ। ਮੈਂ ਤੈਥੋਂ ਬਿਨਾਂ ਕੀਹਦੇ ਕੋਲ ਮਨ ਦੀਆਂ ਦਸਦਾ, ਮੈਨੂੰ ਕੋਈ ਤਥੋਂ ਵਧ ਹਿਤੂ ਨਹੀਂ ਸੀ ਜਾਪਦਾ ਨਾ ਮਾਤਾ ਨਾ ਪਿਤਾ ਤੇ ਨਾ ਕੋਈ ਹੋਰ।

* * * *

ਵਾਹ ਮੇਰੀ ਕਿਸਮਤ ! ਤੂੰ ਮੇਰਾ ਫੇਰ ਵੀ ਸਾਥ ਨਾ ਛਡਿਆ। ਪਤਾ ਲਗਣ ਤੇ ਕਿ ਸਾਡਾ ਸੱਚਾ ਪਾਤਸ਼ਾਹ ਬਰਮਾ ਦੇ ਰੰਗੂਨ ਸ਼ਹਿਰ ਵਿੱਚ ਕਿਸੇ ਥਾਂ ਬੰਗਲੇ ਵਿੱਚ ਨਜ਼ਰ ਬੰਦ ਹੈ–ਤੇਰੇ ਪਰੇਮੀਆਂ ਨੇ ਖਾਰੇ ਤੇਅਲੰਘ ਸਾਗਰ ਨੂੰ ਗਾਖ ਲਿਆ। ਤੇ ਓੜਕਾਂ ਦੀਆਂ ਪਾਬੰਦੀਆਂ ਦੀ ਪਰਵਾਹ ਨਾ ਕਰਕੇ ਤੇਰੇ ਵੀਰ ਦੀ ਪਰੇਰਨਾ ਪਾਕੇ ਤੇਰੇ ਦਰਸ਼ਨ ਪਰਸਨ ਲਈ ਤੇਰੇ ਪਰਵਾਨਿਆਂ ਦੀਆਂ ਡਾਰਾਂ ਚੱਲ ਪਈਆਂ ਗੁਰਬਾਣੀ ਦੀਆਂ ਉਹ ਤੁਕਾਂ ਪਹਿਲੀ ਵਾਰ ਸਫਲ ਹੋਈਆਂ—

ਝਖੜ ਝਾਗੀ ਮੀਹੁੰ ਬਰਸੈ
ਭੀ ਗੁਰ ਦੇਖਣ ਜਾਈ।
ਸਮੁੰਦ ਸਾਗਰ ਹੋਵੈ ਅਤਿ ਖਾਰਾ
ਗੁਰ ਸਿਖ ਲੰਘ ਗੁਰੂ ਪਹਿ ਜਾਈ।

ਏਹ ਗਲ ਸੰਮਤ ੧੯੩੫ ਦੀ ਹੋਵੇਗੀ ਕਿ ਮੇਰਾ ਵਡਾ ਵੀਰ ਜੀਉਣ ਸਿੰਘ ਅਤੇ ਮਰਾਣੇ ਦੇ ਭਾਈ ਸ਼ਬੇਗ ਸਿੰਘ ਜੀ ਵੀ ਤੇਰੀ ਢੂੰਢ ਵਿਚ ਨਿਕਲੇ ਏਧਰ ਆ ਗਏ, ਮੇਰੇ ਪਾਸ ਅਪੜੇ। ਸਕੇ ਵੀਰ ਤੇ ਧਰਮ-ਵੀਰਾਂ ਦੀ ਮਿਲਣੀ ਓੜਕਾਂ ਦੀ ਖਿਚਾਂਭਰੀਸੀ ਤੇ ਜਦ ਮੈਨੂੰ ਪਤਾ ਲੱਗਾ ਕਿ ਤੂੰ ਵੀ ਏਥੇ, ਏਸ ਦੇਸ ਵਿਚ ਹੈਂ ਤਾਂ ਮੈਂ ਪਹਿਲੀ ਸ਼ਰਮ ਨਾਲ ਤਾਂ ਦੁਖੀ ਸਾਂ ਹੀ ਦੂਜੀ ਉਸ ਤੋਂ ਵੀ ਹਾਵੀ ਹੋ ਗਈ । ਸਾਜਨ ਮੈਂਡਾ ਰੰਗਲਾ, ਜੇਹੜਾ ਹਭ ਕਹੀ ਦਾ ਮਿਤ ਹੈ ਮੇਰੇ ਪਾਸ ਹੀ ਸੀ ਪਰ ਮੈਂ ਨਿਕਰਮਾਂ ਅਜੇ ਤਕ ਨਹੀਂ ਸਾਂ ਮਿਲ ਸਕਿਆ— ਲੋਕ ਪੰਜਾਬ ਚੋਂ ਆ ਆ ਮਿਲ ਗਏ ਸਨ ਇਸ-ਤਰੀਆਂ ਤਕ ਵੀ ਆ ਮਿਲੀਆਂ ਸਨ ਮੈਥੋਂ ਹੀ ਉਹ ਚਰਨ ਨਹੀਂ ਪਰਸੇ ਗਏ ?

ਤੇ ਅਸੀਂ ਇਕ ਦਿਨ ਤ੍ਰੈਵੇ ਜਣੇ, ਹੇ ਸੁਹ-ਣਿਆਂ ਦੇ ਸੁਲਤਾਨ ਤੇਰੀ ਗਲੀ ਵੱਲ ਚਲ ਪਏ ਸ਼ਹਿਰੋਂ ਪਸਿਤਾ ਬੰਗਲਾ, ਅੰਗਰੇਜ਼ ਸੰਤਰੀਆਂ ਦਾ ਪਹਿਰਾ- ਸੰਗੀਨਾਂ ਦੀਆਂ ਨੋਕਾਂ ਤੇ ਜਿਵੇਂ ਮੌਤ ਮੰਡਰਾ ਰਹੀ ਸੀ । ਸੰਤਰੀਆਂ ਦੇ ਭਾਰੀ ਬੂਟਾਂ ਦਾ ਖੜਾਕ ਦਹਿਸ਼ਤ ਪੈਦਾ ਕਰ ਰਿਹਾ ਸੀ।

ਪਰ ਪ੍ਰੇਮੀਆਂ ਨੂੰ ਹਦ ਬੰਨੇ ਕਦੋਂ ਪੋਂਹਦੇਹਨ ?

ਨਾਗਾਂ ਵਾੜ ਸਮੁੰਦ ਘਰ
ਕੇਹਰ ਖੜੇ ਬੁਕੰਨ ।
ਜੇ ਜਮ ਹੋਵੈ ਪਾਹਰੂ,

ਪਰੇਮੀ ਜਾਇ ਮਿਲੰਨਿ।

ਫਰਿਹਾਦ ਨੇ ਪਹਾੜ ਕਟਕੇ ਪਿਆਰੇ ਨੂੰ ਮਿਲਣ ਲਈ ਨਦੀ ਸਿਰਜੀ ਸੀ ਸੱਸੀ ਅੰਤਾਂ ਦੇ ਬਰੇਤਿਆਂ ਚੋਂ ਪੁਨੂੰ ਦੀਆਂ ਪੈੜਾਂ ਵਿੰਹਦੀ ਘਾਇਲ ਹੋ ਮਰੀ-ਸੁਹਣੀ ਕਚੇ ਘੜਿਆਂ ਨੂੰ ਢਾਕ ਲਾ. ਪਿਆਰੇ ਵੱਲ ਜਾਂਦੀ ਭੂਤਰੇ ਝਨਾਉ ਦੀਆਂ ਜ਼ਾਲਮ ਲਹਿਰਾਂ ਵਿਰੁਧ ਲੜਦੀ ਰੁੜ ਮਰੀ। ਰੁੜ ਮਰਨਾਂ, ਜਲ ਬਲਨਾਂ ਪਰਵਾਨ ਜੇ ਪਿਆਰੇ ਵਲ ਮੂੰਹ ਹੋਵੇ, ਜੇ ਉਹਦੀ ਤਲਾਸ਼ ਨਿਸ਼ਾਨਾ ਹੋਵੇ ਜੇ ਉਹਦੀ ਪ੍ਰਾਪਤੀ ਹੀ ਕੇਵਲ ਰੀਝ ਹੋਵੇ ਤੇ ਹੁਣ ਜਦੋਂ ਅਲੰਘ ਸਮੁੰਦਰ ਗਾਖੇ ਜਾ ਚੁਕੇ ਸਨ, ਜਦੋਂ ਜੰਗਲਾਂ ਦੀ ਦੂਰਾਈ ਮੁਕਾ ਲਈ ਗਈ ਸੀ–ਪ੍ਰੇਮੀ ਪਰਸਪਰ ਕੋਈ ਗਲ ਵੀ ਨਾ ਕਰਦੇ ਇਹ ਕਿਵੇਂ ਹੁੰਦਾ ?

ਅਸਾਂ ਅੱਖ ਬਚਾ, ਪੱਥਰ ਨਾਲ ਵਲੇਟ ਕੇ ਅਪਣੇ ਮਨ ਦੀਆਂ ਗੱਲਾਂ-ਤੇਰੇ ਪਿਆਰੇ ਵੀਰ ਦੇ ਸੁਨੇਹੇ ਤੇ ਹੋਰ ਸਜਣਾਂ ਦੇ ਸੰਦੇਸ਼ ਲਿਖ ਕੇ ਬੰਗਲੇ ਵਿਚ ਵਗਾਹ ਮਾਰੇ, ਤੇ ਜਦ ਅਸੀਂ ਸਮਝਿਆ ਕਿ ਸਾਡਾ ਕਾਸਦ ਥਾਂ ਸਿਰ ਅਪੜ ਗਿਆ ਹੈ ਤਾਂ ਰੂਹਾਂ ਬਾਗ਼ ਬਾਗ਼ ਹੋ ਗਈਆਂ ਪਹਿਰੇ ਦਾਰਾਂ ਨੂੰ ਅਸਾਂ ਧੋਖਾ ਦੇ ਲਿਆ ਸੀ-ਪਿਆਰੇ ਨੂੰ ਮਿਲਣਾਂ, ਸਹਿਜ ਸੁਭਾ ਕਦੇ ਵੀ ਨਹੀਂ ਹੁੰਦਾ–ਕੀ ਜਾਣੀਏ ਸ਼ਾਇਦ 'ਧੋਖਾ' ਬਣਿਆਂ ਹੀ ਏਸੇ ਲਈ ਹੋਵੇ!

ਤੇ ਅਸਾਂ ਇਸ਼ਾਰਿਆਂ ਨਾਲ ਸਮਝ ਲਿਆ ਕਿ ਦੂਜੇ ਤੀਜੇ ਦਿਨ ਫੇਰ ਆਕੇ ਦਰਸ਼ਨ ਕਰੀਏ ਉਹ ਸਾਡੇ ਪਿਆਰਿਆ, ਏਹ ਕਿੰਨੀ ਅਜਰ ਵਸਤੂ ਸਾਨੂੰ ਜਰਾਈ ਜਾ ਰਹੀ ਸੀ ਕਿ ਤੂੰ ਸਾਹਮਣੇ ਵੀ ਸੈਂ ਪਰ ਅਸੀਂ ਰਜ ਕੇ ਮਿਲ ਵੀ ਨਹੀਂ ਸੀ ਸਕਦੇ. ਜ਼ਬਾਨੀ ਗਲਾਂ ਵੀ ਨਹੀਂ ਸਾਂ ਕਰ ਸਕਦੇ ਪਿਆਰ ਕਰਨ ਵਾਲਿਆਂ ਦਾ ਇਤਿਹਾਸ ਹੀ ਅਜੇਹਾ ਹੈ–ਪ੍ਰੇਮ ਦੀ ਪਰੰਪਰਾ ਹੀ ਅਜੇਹੀ ਹੈ।

ਪਰ ਸਾਨੂੰ ਸ਼ਾਂਤੀ ਆ ਗਈ! ਦੂਰੋਂ ਪਵਿਤਰ ਮੁਖੜੇ ਦੇ ਦਰਸ਼ਨ ਸੁੰਦਰ ਨੈਣਾਂ ਦੀ ਝਾਤ ਤੇ ਇਸ਼ਾਰਿਆਂ ਨੇ ਸਾਨੂੰ ਬਹੁਤ ਕੁਝ ਪ੍ਰਸੰਨ ਕਰ ਦਿਤਾ ਸੀ ਜਦੋਂ ਕਾਸੇ ਦੀ ਉਮੀਦ ਵੀ ਨਾ ਹੋਵੇ ਥੋੜਾ ਕੁਝ ਵੀ ਤ੍ਰਿਪਤੀ ਦੇ ਜਾਂਦਾ ਹੈ।

ਅਗਲਾ ਭਲਕ ਸਾਨੂੰ ਰਾਤ ਜਾਗਦਿਆਂ ਚੜਿਆ। ਤੇਰੇ ਪਿਆਰ ਦੀਦਾਰ ਤੇ ਗੁਫ਼ਤਾਰ ਦੀਆਂ ਗਲਾਂ ਹੀ ਸਾਡਾ ਦਿਲ ਪਰਚਾਵਾ ਸੀ ਤੇ ਜੀ ਕਰਦਾ ਸੀ ਕਿ ਅਜ ਰਾਤ ਸਿਰਫ ਦੋ ਘੜੀਆਂ ਦੀ ਹੋ ਜਾਏ ਸਵੇਰੇ ਅਸੀਂ ਅਪਣੇ ਸੁਹਣੇ ਦੇ ਸੁਨੇਹੇ ਸੁਣੀਏ!

ਤੇ ਰਾਤ ਬੀਤ ਹੀ ਗਈ!

ਉਸ਼ੇਰ ਵੇਲੇ ਹੀ ਅਸੀਂ ਲਕੜਾਂ ਚੁਣਨ ਦੇ ਬਹਾਨੇ ਤੇਰੇ ਬੰਗਲੇ ਵਲ ਜਾ ਨਿਕਲੇ ਤੇ ਫੇਰ ਪੱਥਰਨੇ ਮਦਦ ਕੀਤੀ ਹਾਂ ਵਿਚੋਲਗੀ ਕੀਤੀ ਤੇ ਅਸੀਂ ਤਿਖੇ ਸੰਤਰੀਆਂ ਦੇ ਪਹਿਰਿਆਂ ਚੋਂ ਵੀ ਆਪਣੀ ਕਿਸਮਤ ਦਾ ਹਾਲ ਲੈ ਮੁੜੇ!

ਓ ਮੇਰੇ ਰੱਬ ਜੀ, ਤੁਸਾਂ ਹੋਰਨਾਂ ਨੂੰ ਵੀ ਬਹੁਤ ਕੁਝ ਲਿਖਿਆ ਸੀ, ਪਰ ਜੋ ਕੁਝ ਮੇਰੇ ਪੱਤਰ ਤੇ ਲਿਖਿਆ, ਉਹ ਜਿਵੇਂ ਸਿਕੇ ਦੇ ਅੱਖਰ ਬਣ ੨ ਕੇ ਮੇਰੇ ਅੰਦਰ ਲੱਥਦੇ ਗਏ। ਕਿੰਨਾਂ ਪਿਆਰ ਸੀ, ਕਿੰਨਾਂ ਫਿਕਰ ਸੀ, ਕਿੰਨੀ ਸਾਦਗੀਤੇ ਕਿੰਨੀ ਹਕੀ-ਕਤ ਸੀ–ਤੁਸਾਂ ਲਿਖਿਆ, ਜਿਸਤੋਂ ਮੈਂ ਬਹੁਤ ਸ਼ਰਮਾਂਦਾ ਸਾਂ! ਤੁਸਾਂ ਲਿਖਿਆ ਮੇਰੀ ਸੋਚ ਤੋਂ ਉਲਟ! ਮੈਨੂੰ ਡਰ ਸੀ ਤੁਸੀਂ ਮੈਨੂੰ ਕਦੇ ਨਹੀਂ ਬਖਸ਼ੋਗੇ–

ਹਉਂ ਅਪਰਾਧੀ ਗੁਨਹਗਾਰ,
ਹਉਂ ਬੇ ਮੁਖ ਮੰਦਾ।

ਪਰ ਤੁਸੀਂ ਬਖਸਿੰਦ ਪਿਤਾ ਸਉ ਤੁਸਾਂ ਬਖਸ਼ ਦਿਤਾ ਤੇ ਕਿੰਨੇ ਹਿਤ ਨਾਲ ਲਿਖਿਆ। ਮੈਨੂੰ ਪਤਾ ਹੈ ਜੋ ਕੁਝ ਮੈਂ ਦਸਣ ਲਗਾ ਹਾਂ ਇਹ ਮੇਰੇ ਆਚ-ਰਨ ਦੀ ਕਮਜ਼ੋਰੀ ਨੂੰ ਹੀ ਪਰਗਟ ਕਰੇਗਾ ਪਰ ਮੈਂ ਦਸਣਾਂ ਏਸਲਈ ਚਾਂਹਦਾ ਹਾਂ ਕਿ ਸਭ ਨੂੰ ਪਤਾ ਲਗ ਜਾਵੇ ਸਿਖ ਤੇ ਗੁਰੂ ਦਾ ਕੇਡਾ ਪੱਕਾ-ਪੁਖਤਾ ਰਿਸ਼ਤਾ ਹੁੰਦਾ ਹੈ, ਇਸ ਵਿਚ ਕਿੰਨੀ ਸਦੀਵਤਾ ਤੇ ਕਿੰਨੀ ਏਕਤਾ ਹੁੰਦੀ ਹੈ। ਹਾਂ, ਤੁਸਾਂ ਲਿਖਿਆ :

"ਮੀਹਾਂ ਸਿੰਘ ਤੈਂ ਏਹ ਬਾਤ ਅੱਛੀ ਨਹੀਂ ਕੀਤੀ, ਰੰਡੀ ਦਾ ਸੰਗ ਕੀਤਾ ਹੈ। ਘਰ ਰਹਿੰਦਾ ਤੈਨੂੰ ਕੀ ਘਾਟਾ ਸੀ। ਰੰਡੀ ਦੇ ਸੰਗ ਤੇ ਇਕ ਤਾਂ ਸ਼ਰੀਰ ਨੂੰ ਦੁਖ ਲਗ ਜਾਂਦਾ ਹੈ, । ਦੂਜਾ ਪੈਸਾ

ਬਰਾਨ ਹੁੰਦਾ ਹੈ, ਤੀਆ ਧਰਮ ਜਾਂਦਾ ਹੈ, ਚੌਥਾ ਲੋਕਾਂ ਮੈਂ ਭੰਡੀ ਹੁੰਦੀ ਹੈ..ਅਰ ਜੇ ਤੂੰ ਘਰ ਦੀਸਿੰਘਣੀ ਨਾਲ ਪ੍ਰਸੰਗ ਕੀਤਾ ਤਾਂ ਓਸਨੂੰ ਬਿਮਾਰੀ ਹੋਇ ਜਾਇਗੀ। ਜੇ ਨਾ ਕੀਤਾ ਤਾਂ ਭੀ ਦੋਸ਼ ਹੈ। ਤੈਂ ਬਡੀ ਗਾਫ਼ਲੀ ਕੀਤੀ ਹੈ।''

ਤੇ ਆਪਦੇ ਦੂਰੋਂ ਦਰਸ਼ਨ ਪਰਸ ਕੇ, ਹੁਕਮ-ਨਾਮੇ ਲੈਕੇ ਆ ਗਏ। ਮੇਰਾ ਵਡਾ ਭਰਾ ਮੈਨੂੰ ਨਾਲ ਹੀ ਲੈ ਆਇਆ ਤੇ ਅੰਤ ਮੈ ਤੁਹਾਡਿਆਂ ਨੁਸਖਿਆਂ ਨਾਲ ਹੀ ਸ਼ਫਾ ਪਾਈ।

* * * *

ਨਾਮਧਾਰੀਆਂ ਤੇ ਅੰਗ੍ਰੇਜ਼ ਦਾ ਤਸ਼ੱਦਦ ਦਾ ਚੱਕਰ ਜਿਉਂ ਕਾ ਤਿਉਂ ਚੱਲ ਰਿਹਾ ਸੀ। ਅਜੇਹੇ ਸਮੇਂ ਵਿੱਚ ਹੇ ਮੇਰੇ ਸੁਆਮੀ, ਜੇ ਤੇਰਾ ਛੋਟਾ ਵੀਰ ਸਾਡੇ ਪਾਸ ਨਾ ਹੁੰਦਾ ਤਾਂ ਅੱਜ ਨੂੰ ਤੇਰੇ ਨਾਮ ਲੇਵਿਆਂ ਦਾ ਪਤਾ ਨਹੀਂ ਕੀ ਬਣਦਾ-ਪਰ ਤੇਰੇ ਹੁਕਮ ਨਾਮਿਆਂ ਤੇ ਅਮਲ ਕਰਦਿਆਂ ਕਰਾਂਦਿਆਂ ਸਤਿਗੁਰੂ ਹਰੀ ਸਿੰਘ ਜੀ ਨੇ ਸਿਖੀ ਨੂੰ ਆਪਣੀਆਂ ਰਗ਼ਾਂ ਤੱਕ ਦਾ ਖੂਨ ਪਾਕੇ ਹਰੇ ਰਖਿਆ ਤੇ ਹੌਲੀ ਹੌਲੀ ਤੇਰੇ ਪਿਆਰ ਦਾ ਦੂਜਾ ਸਰੂਪ ਜੋਤ ਕਾ ਜਾਮਾਂ ਨੂੰ ਜਾਣਿਆਂ ਜਾਣ ਲੱਗ ਪਿਆ।

ਪ੍ਰੀਤਮ ਚੀਨੀ ਵਾਲਿਆ, ਤੇਰੇ ਦਰਸ਼ਨ ਪਰਸ ਕੇ ਆਇਆਂ ਅਜੇ ੪-੫ ਬਹਾਰਾਂ ਹੀ ਬੀਤੀਆਂ ਸਨ ਕਿ ਸਰਹਾਲੀ ਵਿੱਚ ਮੇਰੇ ਤੇ ਲਕਵੇ ਦਾ ਹਮਲਾ ਹੋ ਗਿਆ। ਮੇਰਾ ਮੂੰਹ ਵਿੰਗਾ ਹੋ ਗਿਆ। ਸੋਹਣੇ ਮੂੰਹ ਚੋਂ ਕੋਹਜ ਇਉਂ ਨਿਕਲ ਆਇਆ ਜਿਵੇਂ ਜ਼ਿੰਦਗੀ ਵਿਚੋਂ ਹੀ ਮੌਤ ਫੁੱਟ ਨਿਕਲਦੀ ਹੈ। ਜਿੰਨਾਂ ਖੂਬਸੂਰਤ ਸੀ ਓਨੀ ਹੀ ਬਦਸੂਰਤੀ ਝਲਕਣ ਲੱਗ ਪਈ। ਘਰ ਦਿਆਂ ਨੂੰ ਚਿੰਤਾ ਦੀ ਚਿਖਾ ਮਿਲ ਗਈ। ਮਾਂ ਨੂੰ ਪਿਤਾ ਨੂੰ ਤੇ ਭਰਾਵਾਂ ਨੂੰ ਮੇਰੇ ਸਰੀਰ ਦੀ ਪਲੋ ਪਲੀ ਖਰਾਬ ਹੁੰਦੀ ਜਾਂਦੀ ਸਿਹਤ ਦਾ ਫਿਕਰ ਸਤਾ ਰਿਹਾ ਸੀ। ਅੰਤ ਪਿਤਾ ਜੀ ਆਤਸ਼ੀ ਸ਼ੀਸ਼ਾ ਲੈ ਆਏ, ਮੈਨੂੰ ਵਖਾਣ ਲਗੇ-ਪਰ ਮੈਂ ਤੇਰੇ ਚਰਨਾਂ ਨਾਲ ਤੇਰੇ ਵੀਰ ਦੇ ਚਰਨਾਂ ਨਾਲ ਆਪਣੀ ਗਹਿਰੀ ਸਾਂਝ ਪਾ ਚੁਕਾ ਸਾਂ-ਜੀ ਨਹੀਂ ਸੀ ਕਰਦਾ ਕਿ ਮੈਂ ਸ਼ੀਸ਼ਾ ਤੱਕਾਂ। ਤੇਰਾ ਮੁਖ ਤੇਰੇ ਵੀਰ ਦਾ ਮੁਖ ਮੇਰੇ ਸਾਰੇ ਦੁਖਾਂ ਦਾ ਦਾਰੂ ਸੀ ਤੇ ਮੈਂ ਆਤਸ਼ੀ ਸ਼ੀਸ਼ਾ ਤਕਣੋਂ ਇਨਕਾਰ ਕਰ ਸਿਧਾ ਭੈਣੀ ਸਾਹਿਬ ਨੂੰ ਤੁਰ ਪਿਆ-'ਗੁਰੂ ਮੁਖ ਦੇਖ ਗੁਰੂ ਸੁਖ ਪਾਇਅਉ' ਮੇਰਾ ਅਧਾਰ ਸੀ।

ਤੇਰਾ ਵੀਰ, ਸਾਡਾ ਰਾਖਾ ਲਾਟੋਂ ਦੀ ਢੱਕੀ ਇਕ ਨਿਰਮਲ ਜਲ ਦੇ ਕੁੰਡ ਪਾਸ ਬੈਠਾ ਸਿਮਰਨ ਕਰ ਰਿਹਾ ਸੀ। ਜਾਂ ਕੁਝ ਸੋਚ ਰਿਹਾ ਸੀ। ਮੇਰਾ ਜੀ ਭੈਣੀ ਸਾਹਿਬ ਵੀ ਨਾ ਲੱਗਾ, ਅੰਦਰ ਖਾਲੀ ਖਾਲੀ ਸੀ, ਇਸ ਨੂੰ ਜਾਂ ਤੂੰ ਤੇ ਜਾਂ ਤੇਰਾ ਵੀਰ ਹੀ ਭਰਪੂਰ ਕਰ ਸਕਦਾ ਸੀ। ਢੱਕੀ ਪਹੁੰਚਿਆ। ਦੂਰੋਂ ਤੱਕਕੇ ਹੀ ਭਾਈ ਦਾਨ ਸਿੰਘ, ਗੁਰੂ ਹਰੀ ਸਿੰਘ ਜੀ ਦੇ ਹਜ਼ੂਰੀਏ ਨੇ ਕਿਹਾ, ''ਮੂੰਹ ਵਿੰਗਾ ਸੂ ਪਰ ਜਾਪ-ਦਾ ਤਾਂ ਮੀਹਾਂ ਸਿੰਘ ਹੈ।'' ਸਤਿਗੁਰੂ ਹਰੀ ਸਿੰਘ ਇਕ ਪਲ ਲਈ ਵੀ ਮੇਰਾ ਮੂੰਹ ਵਿੰਗਾਂ ਨਹੀਂ ਤੱਕ ਸਕਦੇ ਸਨ। ਉਹਨਾਂ ਪਤਾ ਨਹੀਂ ਕਿਸ ਮਨ ਨਾਲ ਕਿਹਾ, ''ਮੀਹਾਂ ਸਿੰਘ ਦਾ ਮੂੰਹ ਤਾਂ ਠੀਕ ਹੈ, ਤੈਨੂੰ ਕਿਉਂ ਓਪਰਾ ਲਗਦਾ ਹੈ।'' ਤੇ ਮੇਰਾ ਮੂੰਹ ਪਹਿਲਾਂ ਜੇਹਾ ਹੀ ਸਿਧਾ-ਸੋਹਣਾ ਹੋ ਗਿਆ। ਸਤਿ ਗੁਰਾਂ ਦੇ ਚਰਨੀਂ ਲਗਾ ਤਾਂ, ਉਹਨਾਂ ਉਚੇਚਾ ਆਪਣੇ ਹੱਥਾਂ ਨਾਲ ਉਠਾਕੇ ਮੈਨੂੰ ਗਲ ਨਾਲ ਲਾਇਆ ਤੇ ਕਿਹਾ-**''ਜਦ ਤੱਕ ਸਿਖ ਦਾ ਮੂੰਹ ਆਪਣੇ ਸਤਿਗੁਰਾਂ ਵੱਲ ਸਿਧਾ ਹੈ ਤਦ ਤੱਕ ਉਸਨੂੰ ਕੋਈ ਹੋਰ ਦੁਖ-ਰੋਗ ਵਿੰਗਾ ਨਹੀਂ ਕਰ ਸਕਦੇ।''**

* * * *

ਮੇਰੇ ਪਿਆਰ ਦਿਆ ਸੋਮਿਆਂ, ਸਤਿਗੁਰੂ-ਮਾਨ ਸਰੋਵਰਾ, ਤੈਨੂੰ ਰੰਗੂਨ ਦੇ ਬੰਗਲੇ ਵਿੱਚ ਨਜ਼ਰ ਬੰਦ ਹੋਇਆਂ ੮॥ ਸਾਲ ਹੋ ਗਏ। ਤੇਰੇ ਅਨੰਤ ਚੋਜ ਤੱਕਕੇ ਸਰਕਾਰੀ ਕਰਮਚਾਰੀਆਂ ਤਾਂ ਥਰ ਥਰ ਕੰਬਣਾਂ ਹੀ ਸੀ ਤੇਰਾ ਹਜ਼ੂਰੀਆ ਸੇਵਕ ਭਾਈ ਨਾਨੂੰ ਸਿੰਘ ਵੀ ਤੈਥੋਂ ਭੈ ਖਾਣ ਲੱਗ ਪਿਆ। ਦੂਜੇ ਪਾਸਿਓਂ ਪੰਜ ਦਰਿਆਵਾਂ ਦੀ ਧਰਤੀਓਂ ਦਰਸ਼ਨ

(ਬਾਕੀ ਦੇਖੋ ਸਫਾ ੮੯)

ਸੰਤ ਇੰਦਰ ਸਿੰਘ ਜੀ 'ਚੱਕਰ ਵਰਤੀ'

'ਖੰਡੇ' ਦੇ 'ਅੰਮ੍ਰਿਤ' ਦੇ ਦਾਤੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਇਹ ਗਲ ਤੇ ਦੋ-ਤੇ-ਦੋ ਚਾਰ ਵਾਂਗ ਸਤ ਹੈ ਕਿ ਗੁਰਮਤ ਆਨੰਦ ਦੀ ਮਰਯਾਦਾ ਦਾ ਪ੍ਰਾਰੰਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕੀਤਾ। ਅਜ ਓਹ ਅਨੰਦ ਸਾਰੇ ਸਿਖ ਸਮਾਜ ਵਿਚ ਪ੍ਰਚੱਲਤ ਹੈ, ਭਾਵੇਂ ਕਿਸੇ ਰੂਪ ਵਿਚ ਹੋਵੇ। ਨਾਮਧਾਰੀਆਂ ਨੂੰ ਇਸ ਗਲ ਦਾ ਮਾਣ ਹੈ ਕਿ ਓਨਾ ਦੇ ਸਮਾਜ ਵਿਚ ਕੋਈ ਵੀ ਅਨਮਤੀ ਰੀਤ ਪ੍ਰਚੱਲਤ ਨਹੀਂ। ਨਾ ਵਿਆਹ ਨਾ ਸਰਾਧ ਨਾ ਬਰਸੀ ਨਾ ਬਾਹਰਾ। ਸਿਵਾਇ ਸ੍ਰੀ ਦਰਬਾਰ ਸਾਹਿਬ ਦੇ ਭੋਗ ਤੇ ਹੋਰ ਕੋਈ ਵੀ ਪੌਰਾਣਕ ਰੀਤ ਪ੍ਰਚੱਲਤ ਨਹੀਂ। ਸਿੰਘ ਸਭਾ ਆਦਿ ਸੰਪ੍ਰਦਾਵਾਂ ਨੇ ਸਾਰੀ ਪ੍ਰੇਰਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਚੱਲਤ ਮਰਯਾਦਾ ਤੋਂ ਹੀ ਲਈ ਪਰ ਅਜ ਵੀ ਓਥੇ ਪੂਰਨ ਗੁਰਮਤ ਨਹੀਂ ਹੋ ਰਹੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭਾਰਤ ਰਖਕ ਦੁਸ਼ਟ ਦਮਨ ਪਾਤਸ਼ਾਹ ਦੇ ਸਮੇ ਵਿਚ ਵੀ ਬ੍ਰਾਹਮਣੀ ਮਤ ਦਾ ਕਾਫੀ ਅਸਰ ਤੇ ਪ੍ਰਭਾਵ ਸੀ। ਪੁਰਾਤਨ ਪੰਥ ਪ੍ਰਕਾਸ਼ ਦਾ ਕਰਤਾ ਭਾਈ ਰਤਨ ਸਿੰਘ 'ਭੰਗੂ' ਜਿਸਦੇ ਪੰਥ ਪ੍ਰਕਾਸ਼ ਨੂੰ ਸਹੀ ਮੰਨਿਆ ਜਾਂਦਾ ਹੈ ਅਤੇ ਜਿਸਨੂੰ ਨਾ ਕੇਵਲ ਸੰਪਾਦਤ ਕਰਕੇ ਬਲਕਿ ਬਹੁਤ ਕੁਝ ਕਟ ਵਢ ਕਰਕੇ ਭਾਈ ਵਜੀਰ ਸਿੰਘ ਜੀ ਦੇ ਪ੍ਰੈਸ 'ਵਜੀਰ ਹਿੰਦ ਪ੍ਰੈਸ' ਅੰਮ੍ਰਿਤਸਰ ਨੇ ਛਾਪਿਆ ਹੈ, ਜਿਸਦੇ ਸੰਪਾਦਕ ਜੀ ਲਿਖਦੇ ਹਨ ਕਿ– "ਅਰ ਕਈ ਥਾਈਂ ਇਸ ਕਾਹਲੀ ਕਰਕੇ ਅਰ ਟਾਵੇਂ ਥਾਈਂ ਆਖਜੇਪਕ ਦੇ ਆਭਾਸ ਪੈਣ ਕਰਕੇ ਇਹ ਦਰੁਸਤੀ ਦਾ ਮੁਥਾਜ ਸੀ। ਪਰ ਅਸਾਂ ਆਪਣੀ ਵਲੋਂ ਪੂਰਾ ਯਤਨ ਕੀਤਾ ਹੈ ਕਿ ਸੁਧਾਈ ਪੂਰੀ ਹੋਵੇ। ਵਿਥਿਆ ਅੰਕ (ਚ) ਛਾਪ ਪਹਿਲੀ ਮਾਰਚ ੧੯੧੪। ਜਿਸਦੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣੇ ਵਲੋਂ ਸਿੰਘ ਸਭਾ ਦੇ ਖਿਆਲ ਅਨੁਸਾਰ ਪੂਰੀ ਸੁਧਾਈ ਕੀਤੀ ਹੈ। ਆਖਜੇਪਕ ਭਾਵ ਵਾਧੂ ਜਾਂ ਨਕਲੀ ਆਭਾਸ ਦੂਰ ਕਰ ਦਿਤਾ ਹੈ ਪਰ ਜੋ ਓਨਾ ਦੀ ਇਸ ਸੁਧਾਈ ਰੂਪ ਕਾਂਟ ਛਾਂਟ ਤੋਂ ਬਚਿਆ ਹੈ, ਅਤੇ ਜਿਸਨੂੰ ਓਨਾਂ ਸਹੀ ਕਰਕੇ ਮੰਨਿਆ ਹੈ ਉਸ ਵਿਚ ਹੋਰ ਬ੍ਰਾਹਮਣੀ ਮਤ ਦਾ ਗਲਬਾ ਤਾਂ ਕਿਤੇ ਰਿਹਾ ਖਾਲਸਾ ਪੰਥ ਦੀ ਸਾਜਨਾ ਸਮੇ ਦੁਸ਼ਟ ਦਮਨ ਦਸਮੇਸ਼ ਸਵਾਮੀ ਜੀ ਵੀ ਉਸਤੋਂ ਉਪਰ ਨਹੀਂ ਉਠ ਸਕੇ ਅਤੇ ਓਹ ਵੀ ਖਾਲਸਾ ਪੰਥ ਦੀ ਸਾਜਨਾ ਪੰਡਤ ਤੇ ਜੋਤਸ਼ੀ ਸਦਕੇ ਮਹੂਰਤ ਕਢਾਕੇ ਹੀ ਕਰਦੇ ਹਨ–

ਇਤਨੀ ਬਾਤ ਬਿਚਾਰ ਕਰ
ਹੁਤੀ ਬਾਤ ਲਈ ਚੀਨ।
ਸਤਿਗੁਰ ਬਹਿ ਸ੍ਰੀ ਕੇਸ ਗੜ
ਉਦਮ ਸੋਊ ਕੀਨ। ੩੭।
ਸੱਦ ਪੰਡਤ ਬਡ ਜੋਤਕੀ
ਮਹੂਰਤ ਖੂਬ ਕਢਾਇ।
ਖੜੇ ਕੀਏ ਭੁਜੰਗੀ ਛਾਂਟ ਪੰਜ
ਪੰਜੇ ਜਾਤ ਗਿਣਾਇ। ੩੮।

[ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੩੯

ਜਦ ਸਰਬ ਕਲਾ ਸਮਰਥ ਗੁਰੂ ਦੇਵ ਜੀ ਵੀ ਪੰਡਤ ਤੇ ਬਡਜੋਤਕੀ–ਜੋਤਸ਼ੀ–ਸਦਕੇ ਮਹੂਰਤ ਕਢਾਕੇ ਹੀ ਖਾਲਸਾ ਪੰਥ ਦੀ ਸਾਜਨਾ ਕਰਦੇ ਹਨ ਤਦ ਹੋਰ ਆਮ ਸਿਖ ਤੇ ਜੋ ਪੌਰਾਣਕ ਪ੍ਰਭਾਵ ਸੀ ਤੇ ਅਜ ਵੀ ਨਾਮਧਾਰੀਆਂ ਤੋਂ ਬਿਨਾਂ ਬਾਕੀ ਸਿਖਾਂ ਵਿਚ ਹੈ ਉਸਨੂੰ ਅਖ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਸੁਖ!

ਅਜ ਮੇਰਾ ਵਿਸ਼ਾ ਇਹ ਨਹੀਂ, ਅਜ ਤੇ ਮੈਂ ਕੇਵਲ ਏਹੀ ਦਸਣਾ ਹੈ ਕਿ ਅੰਮ੍ਰਿਤ ਦੀ ਜੋ ਮਰ-

ਯਾਦਾ ਅਜ ਦੇ ਸਮੇਂ ਪ੍ਰਚੱਲਤ ਹੈ, ਇਸਦੀ ਕਾਇਮੀ ਕਰਨ ਵਾਲੇ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਸ੍ਰੀ ਦਸਮੇਸ਼ ਸਵਾਮੀ ਜੀ ਦੀ ਤੇ ਅਜੋਕੀ ਮਰਯਾਦਾ ਵਿਚ ਬਹੁਤ ਫਰਕ ਹੈ। ਜਿਸਦਾ ਨਿਰਣਾ ਪੁਰਾਤਨ ਸਿਖ ਇਤਿਹਾਸਕਾਰਾਂ ਸਿਖ ਧਰਮ ਦੇ ਪੁਸਤਕਾਂ ਵਿਚ ਇੰਞ ਕੀਤਾ ਹੈ।

ਭਾਈ ਰਤਨ ਸਿੰਘ ਭੰਗੂ ਆਪ ਮੰਨਦੇ ਹਨ ਕਿ ਅਸੀਂ ਇਹ ਸਾਰਾ ਹਾਲ ਭਾਈ ਸੁਖਾ ਸਿੰਘ ਜੀ ਰਚਤ "ਗੁਰ ਬਿਲਾਸ" ਵਿਚੋਂ ਸੰਖੇਪ ਤੌਰ ਤੇ ਲੈਕੇ ਹੀ ਮਰੇ ਸਾਹਿਬ ਨੂੰ ਸੁਨਾਣ ਲਈ ਲਿਖਿਆ ਹੈ–

ਗੁਰ ਬਿਲਾਸ ਮਧ ਬਹੁ ਕਹੀ।
ਕਹੀ ਚਾਹੀਯੈ ਜੋ ਉਸਤੇ ਰਹੀ।
ਯਾਂਤੇ ਬਹੁਤ ਨ ਕਹੂੰ ਪਸਾਰਾ।
ਬਹੁਤ ਪਸਾਰੈ ਹੋਇ ਗ੍ਰੰਥ ਭਾਰਾ।
ਬਹੁਤ ਹੋਇ ਜਿਸ ਸੁਨਨੈ ਹੇਤ।
ਗੁਰ ਬਿਲਾਸ ਤੈ ਸੋ ਲਵੇ ਭੇਤ।
[ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੪੯

ਇਸ ਲਈ ਅਸੀਂ ਵੀ ਸਭ ਤੋਂ ਪਹਿਲਾਂ ਗੁਰ ਬਿਲਾਸ ਦੀ ਹੀ ਗਵਾਹੀ ਪੇਸ਼ ਕਰਦੇ ਹਾਂ। ਗੁਰ ਬਿਲਾਸ ਸਭ ਤੋਂ ਪੁਰਾਤਨ ਪੁਸਤਕ ਹੈ ਇਸਦੇ ਰਚਨ ਹਾਰ ਭਾਈ ਸੁਖਾ ਸਿੰਘ ਜੀ ਸ੍ਰੀ ਕੇਸ ਗੜ ਸਾਹਿਬ ਦੇ ਮਹੰਤ ਤੇ ਸ੍ਰੀ ਗ੍ਰੰਥੀ ਸ੍ਰੀ ਮਾਤ ਸਾਹਿਬ ਦੇਵੀ ਜੀ ਦੇ ਹੁਕਮ ਨਾਲ ਰਹੇ ਹਨ ਅਤੇ ਜਿੰਨਾ ਉਸ ਸਮੇਂ ਦਾ ਹਾਲ ਡਿਠਾ ਸੀ ਤੇ ਵੇਖਣ ਵਾਲਿਆਂ ਤੋਂ ਸੁਣਿਆ ਸੀ। ਓਨਾਂ ਕੇਵਲ ਅੰਮ੍ਰਤ ਤਿਆਰ ਕਰਨਾ ਹੀ ਲਿਖਿਆ ਹੈ ਪਰ ਕਿਵੇਂ ਕੀਤਾ ਕਿਹੜੀ ਬਾਣੀ ਪੜ੍ਹੀ ਇਹ ਕੋਈ ਨਹੀਂ ਲਿਖਿਆ।

ਹ੍ਵੈ ਕਰ ਉਦਾਸ। ਖਾਲਸ ਪ੍ਰਗਾਸ।
ਕਰਣਾ ਅਗਾਰ, ਸਤਿਗੁਰ ਦਯਾਰ।
ਆਗ੍ਯਾ ਅਕਾਲ, ਮਾਨੀ ਬਿਸਾਲ।
ਦੇਵੀ ਚਰਿਤ੍ਰ। ਉਰ ਧਰ ਬਚਿਤ੍ਰ।
ਨਿਜ ਜੋਤ ਧਾਰ। ਕੀਨੋ ਦਯਾਰ।
ਅਸਧੁਜ ਸੁ ਪੰਥ। ਦੈ ਸਰਬ ਸੰਥ।
ਪੜ ਕਰ ਸੁਮੰਤ੍ਰ। ਨਾਨਾ ਇਕੰਤ੍ਰ।
ਕਰ ਸੁਧ ਬੁਧ। ਭਯੋ ਪੂਰ ਸੁਧ।

ਰਾਮ ਕੁਇਰ ਬੁਢੇ ਸੁਮਤਿ ਯੋ ਮਾਤਾ ਜੀ ਤੀਰ।
ਨਖ ਸਿਖ ਕਥਾ ਦਯਾਲ ਕੀ
ਬਰਨੀ ਸੁਖਦ ਸਰੀਰ।
ਤਾਤੇ ਮਾਤਾ ਆਨ ਕਰ
ਦੀਸ ਪਤਾਸੇ ਡਾਰ।
ਖੁਸ਼ੀ ਭਯੋ ਜਗਤੇਸ ਜੂ
ਐਸੋ ਚਰਿਤ੍ਰ ਨਿਹਾਰ।
ਇਹ ਮਾਤਾ ਕੀਨੇ ਉਪਕਾਰਾ।
ਜਾਨ ਖਾਲਸਾ ਆਦਿ ਕੁਮਾਰਾ।
ਅੰਮ੍ਰਤ ਸਤਿਗੁਰ ਕੀਅਸ ਤਿਆਰਾ।
ਪੁਨ ਅਰਦਾਸ ਕਰੀ ਬਿਸਤਾਰਾ।
ਠਾਂਢ ਭਏ ਸਭ ਕਮਰ ਛਕਾਈ।
ਤਿਨ ਪਾਹਨ ਕੇ ਅੱਗ੍ਰ ਸੁ ਆਈ।
ਪੜ੍ਹੈ ਸਲੋਕ ਮੁਖ ਅਮੀ ਪਿਆਵੈ।
ਵਾਹਿਗੁਰੂ ਮੁਖ ਬੋਲ ਬੁਲਾਵੈ।
[ਗੁਰਬਿਲਾਸ ਭਾਈ ਸੁਖਾ ਸਿੰਘ ਪੰਨਾ ੨੦੩

ਅੰਮ੍ਰਤ ਕਿਵੇਂ ਤਿਆਰ ਕੀਤਾ ਕਿਹੜੀ ਕਿਹੜੀ ਬਾਣੀ ਪੜੀ ਇਹ ਨਹੀਂ ਕੁਝ ਦਸਿਆ। ਹਾਂ ਏਨਾ ਜਰੂਰ ਪਤਾ ਲਗਦਾ ਹੈ ਕਿ ਦੇਵੀ ਚਰਿਤ੍ਰ ਪੜ੍ਹਿਆ, ਸ਼ਾਇਦ 'ਚੰਡੀ ਚਰਿਤ੍ਰ' ਤੇ 'ਚੰਡੀ ਦੀ ਵਾਰ' ਤੋਂ ਮੁਰਾਦ ਹੈ ?

ਇਸਤੋਂ ਦੂਜੀ ਗਵਾਹੀ ਕਵੀ ਸੈਨਾ-ਪਤੀ ਰਚਿਤ 'ਦਸਮ ਗੁਰ ਸੋਭਾ' ਦੀ ਹੈ। ਜਿਸਦਾ ਸੰਪਾ-ਦਨ ਅਕਾਲੀ ਕੌਰ ਸਿੰਘ ਜੀ ਨਿਹੰਗ ਜੋ ਪਕੇ ਸਿੰਘ ਸਭੀਏ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਤੀਨਿਧ ਸਨ, ਨੇ ਕੀਤਾ ਓਹ ਇਸਦੀ ਭੂਮਕਾ ਵਿਚ ਲਿਖਦੇ ਹਨ– "ਕੌਮ ਦੇ ਵਿਦਮਾਨ ਮੰਨਦੇ ਹਨ ਕਿ 'ਗੁਰ ਸੋਭਾ' ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਰਚਨਾ ਹੈ......... ਇਤਨਾ ਤਾਂ ਨਿਰ ਬਿਵਾਦ ਮੰਨ ਸਕਦੇ ਹਾਂ ਕਿ ਇਸ ਗ੍ਰੰਥ ਦੀ ਰਚਨਾ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰ ਹਜ਼ੂਰੀ ਸਿਖ (ਖਾਲਸਾ) ਕਵੀ ਸਨ।" ਇਸ ਸਬੰਧੀ ਅਸੀਂ ਆਪਣੀ ਕੋਈ ਵੀ ਰਾਇ ਨ ਦੇਂਦੇ ਹੋਏ 'ਹਿਸਟਰੀ ਸੋਸਾਇਟੀ' ਦੇ ਮੁਖ ਪਤ੍ਰ 'ਇਤਿਹਾਸਕ ਪਤ੍ਰ' ਦੇ ਵਿਦਵਾਨ ਖੋਜੀ ਸ੍ਰੀ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਦੀ ਲਿਖਤ ਦਾ ਹਵਾਲਾ ਦੇਕੇ ਹੀ ਬਸ

ਕਰਦੇ ਹਾਂ–

"ਵੈਸਾਖੀ ਦੇ ਦਿਨ ਸੰਗਤ ਨੂੰ 'ਖਾਲਸਾ' ਬਣਾਕੇ ਖੰਡੇ ਦੀ ਪਾਹੁਲ ਦੇਣ ਦਾ ਪਤਾ ਪਹਿਲ ਪ੍ਰਥਮੇ ਕਵੀ ਸੈਨਾ ਪਤੀ 'ਖਾਲਸਾ' ਨੇ ਹੀ ਸਾਨੂੰ ਦਿਤਾ ਹੈ ਪਰ ਉਸਨੇ 'ਅੰਮ੍ਰਿਤ' ਤਿਆਰ ਕਰਨ ਦੀ ਵਿਧੀ ਵਰਨਣ ਨਹੀਂ ਕੀਤੀ। **ਇਸ ਬਾਰੇ ਦਸਮ ਪਾਤਸ਼ਾਹ ਦੀ ਆਪਣੀ ਯਾ ਹਜ਼ੂਰ ਦੇ ਕਿਸੇ ਸਮਕਾਲੀ ਤੇ ਦਰ-ਬਾਰੀ ਲਿਖਾਰੀ ਦੀ ਲਿਖਤ ਭੀ ਹਾਲਾਂ ਤਕ ਹਥ ਨਹੀਂ ਲਗੀ।**

(ਇਤਹਾਸਕ ਪਤ੍ਰ ਵੈਸਾਖ, ਜੇਠ, ਹਾੜ ਸੰ: ੧੯੫੧ ਪੰਨਾ ੬)

ਹੋਰ ਪ੍ਰਮਾਣੀਕ ਗਵਾਹੀ ਸ੍ਰੀਮਾਨ ਗਿਆਨੀ ਗਿਆਨ ਸਿੰਘ ਜੀ ਦੀ ਹੈ। ਗਿਆਨੀ ਜੀ ਦੀ ਹੀ ਓਹ ਮਹਾਨ ਹਸਤੀ ਹੈ ਜਿੰਨਾਂ ਨੇ ਸਿਖ ਇਤਿਹਾਸ ਨੂੰ 'ੳ' ਤੋਂ ਲੈਕੇ 'ੜ' ਤੀਕ ਕ੍ਰਮ ਬਧ ਕੀਤਾ। ਓਨਾਂ ਦੀ ਰਾਇ ਅੰਮ੍ਰਿਤ ਤਿਆਰ ਕਰਨ ਸਮੇਂ ਦੀ ਇਉਂ ਹੈ–

ਬੀਰਨ ਕਾ ਬਾਨਾ ਕਰ ਜੰਗ ਕਾ ਮਹਾਨਾ ਲਖ
ਕਟ ਮੈਂ ਕਛਹਿਰੇ ਅਛਹਿਰੇ ਧਰਾਇਕੈ।
ਪੋਸ਼ਸ਼ ਉਢਾਇ ਕਰਵਾਰੈਂ ਗਰ ਪਾਇ ਦੋਊ
ਹਾਥ ਜੁਰਵਾਇ ਗੁਰਮੰਤ੍ਰ ਜਪਾਇ ਕੈ।
ਪਾਇ ਲੋਹ ਬਾਸਨ ਮੈ ਜਲ ਮੈ ਪਤਾਸੇ ਖੰਡਾ
ਸੂਧ ਧਾਰ ਫੇਰ ਦੀਓ ਦੇਵੀ ਥਾ ਜੋ ਭਾਇਕੈ।
ਪਾਚ ਪਾਚ ਪੌੜੀ ਪੜ
ਜਪਜੀ ਔ ਜਾਪ ਜੀ ਕੀ
ਦਸਹੂੰ ਸਵੱਯੇ ਪੁਨ
ਚੌਪਈ ਅਲਾਇਕੈ।
ਆਨੰਦ ਉਚਾਰ
ਅਰਦਾਸ ਕਰਕੈ ਸੁਧਾਰ
ਅੰਮ੍ਰਿਤ ਤਿਆਰ ਗੁਰ
ਐਸ ਬਿਧ ਕੀਨੋ ਹੈ।
ਪ੍ਰਥਮ ਕਰਦ ਸਾਥ ਆਪ ਗੁਰ ਨਾਥ ਲੀਓ
ਪਾਛੇ ਆਛੇ ਆਪ ਪਾਚ ਸਿਖਨ ਕੋ ਦੀਨੋ ਹੈ।
ਪਾਂਚ ਪਾਂਚ ਅੰਚੁਰੀ ਪਿਲਾਈ ਫਤੇ ਬੁਲਵਾਈ
ਤਿਯੋਂ ਹੀ ਫਿਰ ਸਿਰ ਪਰ ਨੈਨਨ ਪੈ ਚੀਨੋ ਹੈ।
ਬਾਕੀ ਏਕ ਪਿਲਵਾਇਓ ਭੇਦ ਹੈ ਨਸਾਇਓ
ਏਕ ਜਾਤ ਸਭ ਕੋ ਬਨਾਯੋ ਭ੍ਰਮ ਛੀਨੋ ਹੈ।

ਸ੍ਰੀ ਗਿਆਨੀ ਜੀ ਪੰਜ ਪੰਜ ਪੌੜੀਆਂ ਜਪ ਤੇ ਜਾਪ ਦੀਆਂ ਪੜ੍ਹੀਆਂ ਹੀ ਦਸਦੇ ਹਨ। ਏਥੇ ਵੀ ਅੰਮ੍ਰਿਤ ਤਿਆਰ ਖੰਡੇ ਦਾ ਨਹੀਂ ਹੋਇਆ ਸਗੋਂ ਕਰਦ ਦਾ ਹੀ ਹੋਇਆ ਹੈ। ਕਿਉਂਕਿ– "ਖੰਡਾ ਸੂਧ ਧਾਰ ਫੇਰ ਦੀਓ ਦੇਵੀ ਥਾ ਜੋ ਭਾਇਕੈ।" ਲੋਹੇ ਦੇ ਬਰਤਨ ਵਿਚ ਜਲ ਤੇ ਪਤਾਸੇ ਪਾਇਕੇ ਓਹ ਖੰਡਾ ਫੇਰਿਆ ਜੋ ਦੇਵੀ ਨੇ ਦਿਤਾ ਸੀ। ਪਰ ਗਿਆਨੀ ਜੀ ਆਪਣਾ ਲਿਖਿਆ ਆਪ ਹੀ ਭੁਲ ਗਏ ਹਨ ਕਿ ਦੇਵੀ ਖੰਡਾ ਨਹੀਂ ਸਗੋਂ ਕਰਦ ਹੀ ਦਿਤੀ ਸੀ। ਕਿਉਂਕਿ ਪਿਛੇ ਆਪ ਸਾਫ ਲਿਖ ਆਏ ਹਨ ਕਿ–

ਪੁਨ ਇਕ ਲਘੁ ਕਿਰਪਾਨ ਦੈ
ਭਈ ਲੋਪ ਜਗ ਮਾਤ।
ਸਤਿਗੁਰ ਪੁਰੀ ਅਨੰਦ ਮੈਂ
ਆਏ ਫਿਰ ਬਖਜਾਤ।
[ਪੰਥ ਪ੍ਰਕਾਸ਼ ਪੰਨਾਂ ੧੫੩

ਸ੍ਰੀ ਗੁਰੂ ਦਸਮੇਸ਼ ਜੀ ਨੇ ਕਰਦ ਦਾ ਅੰਮ੍ਰਿਤ ਹੀ ਤਿਆਰ ਕੀਤਾ, ਜਿਸ ਵਿਚ ਨਾ ਪੂਰਾ 'ਜਪ' ਪੜ੍ਹਿਆ ਨਾ 'ਜਾਪ' ਸਗੋਂ ਪੰਜ ਪੰਜ ਪੌੜੀਆਂ ਪੜ੍ਹਕੇ ਹੀ ਤਿਆਰ ਕਰ ਲਿਆ। ਫਿਰ 'ਪ੍ਰਥਮ ਕਰਦ ਸਾਥ ਆਪ ਗੁਰ ਨਾਥ ਲੀਓ' ਉਸੇ ਕਰਦ ਨਾਲ ਜੋ ਦੇਵੀ ਨੇ ਦਿਤੀ ਸੀ ਅਤੇ ਜਿਸ ਨਾਲ ਅੰਮ੍ਰਿਤ ਤਿਆਰ ਕੀਤਾ ਸੀ।

ਇਹ ਸਤਰਾਂ ਲਿਖਣ ਤੋਂ ਮੇਰੀ ਮੁਰਾਦ ਇਹ ਨਹੀਂ ਕਿ ਓਹ ਅੰਮ੍ਰਿਤ ਨਹੀਂ ਸੀ। ਇਹ ਦਸਮੇਸ਼ ਸਵਾਮੀ ਦੀ ਰਜਾ ਸੀ ਓਹ ਅੰਮ੍ਰਿਤ ਦੇ ਦਾਤੇ ਸਨ ਓਨਾਂ ਦਾ ਨਾਮ ਹੀ ਅੰਮ੍ਰਿਤ ਹੈ, ਮੇਰਾ ਭਾਵ ਤਾਂ

ਇਹ ਹੈ ਕਿ ਅਜੋਕੀ ਜੋ ਅੰਮ੍ਰਿਤ ਦੀ ਮਰਯਾਦਾ ਹੈ ਇਸਦੇ ਪ੍ਰਚੱਲਤ ਕਰਨ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਹਨ।

''ਇਤਿਹਾਸਕ ਪੱਤ੍ਰ'' ਦਾ ਵਿਦਵਾਨ ਸੰਪਾਦਕ ਲਿਖਦਾ ਹੈ ਕਿ—(੧)ਸੈਨਾਪਤਿ ਤੋਂ ਚਾਲੀਕੁ ਸਾਲ ਬਾਦ ਸੰਮਤ ੧੮੦੮ ਬਿਕ੍ਰਮੀ ਵਿਚ 'ਸ੍ਰੀ ਗੁਰ ਸੋਭਾ ਦਾ ਹੀ ਆਸਰਾ ਲੈਕੇ ਭਾਈ ਕੁਇਰ ਸਿੰਘ 'ਕਲਾਲ' ਨੇ 'ਗੁਰ ਬਿਲਾਸ' ਗ੍ਰੰਥ ਰਚਿਆ ਹੈ। ਪਰ ਕਥਾ ਭਾਈ ਮਨੀ ਸਿੰਘ ਜੀ 'ਸ਼ਹੀਦ' ਦੇ ਮੁਖਾਰਬਿੰਦ ਤੋਂ ਕਰਵਾਈ ਹੈ, ਇਸ ਗ੍ਰੰਥ ਦੇ ਨੌਵੇਂ ਅਧਿਆ ਵਿਚ 'ਸੀਸ ਭੇਟ' ਪ੍ਰਸੰਗ ਤੋਂ ਬਾਦ ਲਿਖਿਆ ਹੈ—

ਦੋਹਰਾ—

ਉਤੇ ਲੋਕ ਜੋ ਭਾਖਈ ਇਤ ਪ੍ਰਭ ਯਾ ਬਿਧਿ ਠਾਨ।
ਨਿਕਸੇ ਤੰਬੂ ਤਾਹ ਤੇ ਸੰਗ ਸਿਖ ਸੁਖ ਮਾਨ। ੨੩।

ਸ੍ਵੈਯਾ—

ਤਾਂ ਕਰ ਸੋਂ ਕਰ ਧਾਰ ਅਏ ਪੁਨਿ
ਬੈਠ ਸਿੰਘਾਸਨ ਕੌਤਕ ਹੇਰੇ।
ਧਨ ਧੰਨ ਕਰੈ ਨਰ ਨਾਰ ਤਬੈ
ਪੁਨਿ ਭੂਖਨ ਅਨਿਕ ਦਏ ਤਿਹ ਕੇਰੇ।
ਕੋਰ-ਮਯਾ ੧ ਕਰ ਆਪ ਸਮਾਨ
ਕਰੇ ਤਬ ਹੀ ਅਤਿ ਸੁੰਦਰ ਚੇਰੇ।
ਸਰਤਾ ਜਲ੨ ਲੀਨ ਅਛੂਤ ਮੰਗਾਇਕੈ
ਪਾਤ੍ਰ-ਲੋਹ ਮੈ ਤਾ ਪ੍ਰਭ ਬੇਰੇ।੨੪।
ਪੜ੍ਹਤੇ ਸੁ ਉਦਾਸ ਹ੍ਵੈ ਮੰਤ੍ਰ ਕੋ ਪ੍ਰਭੁ
ਠਾਢੇ ਹੈ ਆਪ ਭਏ ਸੁ ਸਵੇਰੇ।
ਅਸ ਕੌਤਕ ਵੇਖ ਸੁ ਸਾਹਿਬ ਕੋ ਬਿਪ
'ਰਾਮ ਕ੍ਰਿਪਾ'੩ ਬਿਧਿ ਯਾ ਲਖ ਪਾਈ।
ਮਾਤਾ ਕੇ ਤੀਰ ਗਯੋ ਤਬ ਧਾਇਕੈ
ਛੋਰ ੪ ਕਥਾ ਨਖ-ਸਿਖ ਸੁਨਾਈ।
ਖਾਲਸ ਪੰਥ ਕੋ ਆਦ ਰੁ ਅੰਤ ਸੁ
ਯਾ ਬਿਧਿ ਕੋ ਸੁਨਿ ਮਾਤ ਸੁ ਆਈ।
ਤਾਸ ਮੈਂ ਆਨ ਪਤਾਸੇ ਡਰੇ ਗਨ
ਪੇਖੇ ਸੁ ਮਹਲ ੫ ਕੋ ਬਾਤ ਅਲਾਈ।
ਤਾਤ ੬ ਅਰ ਮਾਤ ਕੀ ਅੰਸ ਭਈ ਅਬ
ਯਾ ਕਰ ਹੇਤ ਭਵੈ ਨਿਜ ਮਾਈ।
ਪ੍ਰੇਮ ਪਤਾਸੇ ਡਰੇ ਅਬ ਮਾਤ ਨੇ
ਯੌਂ ਅਤਿ ਮੰਗਤਿ ਮੋਦ ਧਰਾਈ।
''ਧੰਨ-ਧੰਨ'' ਕਹੈਂ ਸਭ ਜਨ ਮਾਤ ਕੋ
''ਮਾਤਾ ਕੀਯੋ ਉਪਕਾਰ!'' ਗਨਾਈ।
ਜਲ ਥਲ ਮੈਂ ਜੋਤਿ ਬਿਰਾਜਤ ਮਾਤ ਕੀ
ਯਾਹਿ ਕਥਾ ਸੁਨਕੈ ਚਿਤ ਚਾਈ। ੨੬।

ਦੋਹਰਾ—

'ਅੰਮ੍ਰਿਤ' ਗੁਰੂ ਤਿਆਰ ਕਰਿ
ਕੈ ਅਰਦਾਸ ਕੀ ਰੀਤਿ।
ਠਾਢੇ ਕਮਰ ਛਕਾਇਕੈ
ਸਨਮੁਖ ਪੰਚ ਸੁਨੀਤ। ੨੭।

ਯਾਨੀ ਸਿਰਫ ਏਨਾ ਹੀ ਦਸਿਆ ਹੈ ਕਿ ਲੋਹੇ ਦੇ ਬਾਟੇ ਵਿਚ ਨਦੀ ਦਾ ਸੁਚਾ ਜਲ ਮੰਗਵਾਇਆ। ਉਸ ਉਤੇ ਗੁਰੂ ਸਾਹਿਬ ਖੁਦ ਚੁਪ ਚਾਪ (ਉਦਾਸ ਬਿਰਤੀ ਵਿਚ) ਖੜੋਕੇ ਮੰਤ੍ਰ ਪੜ੍ਹਨ ਲਗੇ। ਮਾਤਾ ਜੀ ਨੇ ਘਰੋਂ ਪਤਾਸੇ ਲਿਆਕੇ ਉਸ ਬਾਟੇ ਵਿਚ ਪਾ ਦਿਤੇ। ਇਉਂ ਮਿਠਾ ''ਅੰਮ੍ਰਿਤ'' ਤਿਆਰ ਹੋ ਗਿਆ।

(੨) ਇਸਤੋਂ ਬਾਦ ਨੇੜੇ ਦੇ ਲਿਖਾਰੀ ਬਾਬਾ ਸਰੂਪ ਦਾਸ 'ਭਲੇ' ਹਨ। ਆਪਨੇ ਸੰਮਤ ੧੯੩੩ ੩੪ ਬਿ: ਵਿਚ ''ਮਹਿਮਾ ਪ੍ਰਕਾਸ਼'' ਗ੍ਰੰਥ ਰਚਿਆ ਹੈ। ਜਿਸ ਵਿਚ ਮਸੰਦਾਂ ਦੀ ਸੋਧ, ਤੇ ਸੰਗਤ ਨੂੰ 'ਖਾਲਸਾ' ਕਰਨ ਦਾ ਪ੍ਰਸੰਗ ੨੨੧ ਵੀਂ ਸਾਖੀ 'ਚ ਲਿਖਿਆ ਹੈ ਅਰ ਖੰਡੇ ਦੀ 'ਪਾਹੁਲ' ਦਾ ੨੨੬ ਵੀਂ ਵਿਚ, ਆਪ ਲਿਖਦੇ ਹਨ—

੧–ਕਨਖੀ, ਕ੍ਰਿਪਾ–ਕਟਾਖ, ਮਿਹਰ ਦੀ ਨਜ਼ਰ! ੨ ਨਦੀ ਦਾ ਜਲ!
੩ਭਾਈ ਸੁਖਾ ਸਿੰਘ ਨੇ 'ਕ੍ਰਿਪਾ ਰਾਮ' ਬ੍ਰਾਹਮਣ ਦੀ ਥਾਂ ਇਹ ਭਲ ਭਾਈ ਰਾਮ ਕੁਇਰ ਜੀ ਨੂੰ ਦੇਣੀ ਉਚਿਤ ਸਮਝੀ ਹੈ!
੪ ਖੋਲਕੇ, ਵਿਸਥਾਰ ਨਾਲ
ਦੋਹਰਾ– 'ਰਾਮ ਕੋਇਰ' ਬੂਢੇ ਸੁਮਤਿ ਯੋ ਮਾਤਾ ਜੀ ਤੀਰ! ਨਖ ਸਿਖ ਕਥਾ ਦਿਯਾਲ ਕੀ ਬਰਨੀ ਸੁਖਦ ਸਰੀਰ! ੩੭,
੫ਗੁਰੂ ਜੀ ਨੇ ਆਪਣੀ ਘਰਦੀ ਮਾਤਾ ਜੀਤੋ ਜੀ ਨੂੰ ਆਈ ਵੇਖ! ੬ ਪਿਤਾ,

ਦੋਹਰਾ—ਨਵਤਨ ਪੰਥ ਮਿਰਜਾਦ ਧਰਿ
ਕਰੈ ਕਲਕੀ-ਧਰਮ ਪ੍ਰਕਾਸ਼।
ਸਸਿ ਕੇਸ ਨੀਲੰਬਰੀ
ਸਿੰਘ ਸੰਗਿਆ ੧ ਤੇਜ ਨਿਵਾਸ। ੧।
ਚੌਪਈ—
ਇਕ ਤਸਟਾ ਚਮਚਾ ਲੋਹ ੨ ਮੰਗਾਇਆ।
ਤਾਂ ਮੈਂ ਖੰਡੇ ਇਸਨਾਨ ਕਰਾਇਆ
"ਖੰਡੇ ਹੀ ਪਾਹੁਲ" ਭਈ ਤਿਆਰ।
ਤਬ ਸਿਖ ਮੁਖੀਏ ਪ੍ਰਭ ਲਏ ਹਕਾਰ। ੨।
ਨਿਜ ਚਰਨ ਪਖਾਰ ੩ ਗਗਰੇ ਮੋ ਧਰਾ।
ਕਰ ਬੰਦ ਲਖੌਟਾ ਮੁਹਰ ੪ ਮੁਖ ਕਰਾ।
ਸਤ ਰੁਦ੍ਰ ੫ ਮਾਂਹਿ ਅਮਾਨ ਧਰਾਇਆ।
"ਖੰਡੇ ਕੀ ਪਾਹੁਲ" ਹੁਕਮ ਕਰਾਇਆ।੩।
ਤਬ ਪਾਚ ਚਮਚਾ ਮਹਾਂ ਤੇਜ ਧਰ ਪੀਆ।
ਜਿਮ ਅਗਸਤ ਆਚਮਨ ਕੀਆ।
ਪੁਨ ਪਾਹੁਲ ਦੇਨ ਸਿਖਨ ਕੋ ਲਾਗੇ।
ਤਬ ਕਹਾ ਮਾਤਾ ਸੰਗਤਿ ਸੁਖ ਪਾਗੇ।੭।
"ਅਬਹੀ ਤੇਜ ਨ ਸਕੇ ਸਹਾਰ!
ਕਰ ਕਿਰਪਾ ਅਵਰ ਕੁਛ ਹੋਇ ਉਪਚਾਰ।
ਤਬ ਸਤਿਗੁਰ ਮਿਸਰੀ ਲਈ ਮੰਗਾਇ।
ਪੀਸਾਇ ਤਸਟੇ ਮੋ ਦੀਨੀ ਪਾਇ। ੮।

(੩) ਬਾਬਾ ਭੱਲਾ ਸਾਹਿਬ ਦੇ ਸਮਕਾਲੀ ਹੀ ਭਾਈ ਕੇਸਰ ਸਿੰਘ "ਛਿਬਰ" ਹਨ। ਉਹ ਚੂੰਕਿ ਮਾਮਾ ਕਿਰਪਾਲ ਸਿੰਘ ਜੀ ਰਾਹੀਂ ਮਾਤਾ ਸਾਹਿਬਾਂ ਵਲੋਂ 'ਸ੍ਰੀ ਹਰਿ ਮੰਦਰ ਸਾਹਿਬ' ਅੰਮ੍ਰਿਤਸਰ ਦੇ ਥਾਪੇ ਗਏ ਪਹਿਲੇ ਦਰੋਗੇ ਭਾਈ ਗੁਰਬਖਸ਼ ਸਿੰਘ 'ਛਿਬਰ' ਦੇ ਪੁਤਰ ਹਨ। ਇਸ ਲਈ ਉਨਾਂ ਦੀ ਗੱਲ ਕੁਝ ਵਧੇਰੇ ਇਤਬਾਰ ਜੋਗ ਮੰਨਣੀ ਪੈਂਦੀ ਹੈ ਭਾਈ ਸਾਹਿਬ ਫੁਰਮਾਉਂਦੇ ਹਨ :—

"ਸੰਮਤ ਸਤਾਰਾ ਸੈ ਚਉਰੰਜਾ ਭਏ। ਦਿਨ ਚੇਤ੍ਰ ਦੇ ਅਠਾਈ ਬਾਕੀ ਰਹੇ ਦਿਨ ਤ੍ਰੈ ਗੁਜਰੇ ਚੌਪਾ ਸਿੰਘ ਬੁਲਾਇਆ। ਦਰਬਾਰ ਲਗਾ ਹੋਇਆ। ਦੀਵਾਨ ਦੋਨੋ ਪਾਸ ਬਿਠਾਇਆ ।੩੧੬।

ਬਚਨ ਕੀਤਾ—
"ਕਟੋਰਾ ਜਲ ਦਾ ਸੁਚੇਤ ਕਰ ਲੈ ਆਉ।
ਲੈ ਆਇਆ—
ਦਿਤੀ ਕਰਦ ਕਹਿਆ "ਹਿਲਾਉ"।
'ਜਪੁ' ਅਤੇ—
'ਅਨੰਦ' ਰਸਨੀ ਕਰ ਉਚਾਰ।
ਤਾਂ ਦੀਵਾਨ—"ਸਾਹਿਬ ਚੰਦ"
ਹਥ ਜੋੜ ਖਲੋਤਾ ਵਿਚਦਰਬਾਰ।
੩੧੭

ਕਹਿਆ:— "ਗਰੀਬ ਨਿਵਾਜ!
'ਵਿਚ ਮਿਠਾ ਪਵੇ, ਤਾਂ ਬਣੇ ਸੁਆਦ।'
ਬਚਨ ਕੀਤਾ:—
"ਲੈ ਆਉ ਧਰਮ ਚੰਦਾ ! ਪਤਾਸੇ ਪ੍ਰਸਾਦ।"
ਪਤਾਸੇ ਪਾਏ ਅਤੇ ਕਰਦ ਹਿਲਾਈ।
ਨਾਉ ਧਰਿਆ 'ਪਾਹੁਲ' ਇਹ ਪਾਹੁ ਲਗਾਈ।
੩੧੮

[ਇਤਹਾਸਕ ਪੱਤ੍ਰ ਪੰ: ੯-੧੦

ਏਥੇ ਭਾਈ ਕੋਇਰ ਸਿੰਘ ਜੀ, ਆਪਣੇ ਵਡੇਰੇ ਚੌਪਾ ਸਿੰਘ ਤੋਂ ਕਰਦ ਜਲ ਵਿਚ ਹਲਵਾਇ ਕੇ 'ਜਪ' ਤੇ 'ਅਨੰਦ'ਪੜ੍ਹਕੇ ਹੀ ਪਹੁਲ ਤਿਆਰ ਕਰਨ ਦੀ ਸਾਖ ਭਰਦੇ ਹਨ। ਇਸਤੋਂ ਅਗੇ ਇਤਹਾਸਕ ਪਤ੍ਰ ਦੇ ਸੰਪਾਦਕ ਜੀ ਲਿਖਦੇ ਹਨ:—

(੪) ਕਵਿ ਸੈਨਾ ਪਤਿ ਤੇ ਭਾਈ ਕੁਇਰ ਸਿੰਘ ਦੇ ਪਾਏ ਪੂਰਨਿਆਂ ਤੇ ਹੀ ਚਲਦਿਆਂ ਸੰਮਤ ੧੮੫੪ ਬਿ: ਵਿਖੇ ਤਖਤ ਸ੍ਰੀ ਕੇਸ ਗੜ੍ਹ ਦੇ ਗ੍ਰੰਥੀ ਭਾਈ ਸੁਖਾ ਸਿੰਘ ਨੇ, 'ਗੁਰ ਬਿਲਾਸ ਪਾ: ੧੦' ਰਚਿਆ ਹੈ ਅਰ ਗਿਆਰਵੇਂਅਧਿਆ ਵਿਚ ੨੯ ਵੇਂ ਛੰਦ ਤੋਂ ੪੧ ਵੇਂ ਤਕ ਭਾਈ ਕੁਇਰ ਸਿੰਘ ਦੇ ਬਿਆਨ ਦੀ ਹੀ ਤਸਦੀਕ ਕੀਤੀ ਹੈ।

(੫) ਭਾਈ ਸੁਖਾ ਸਿੰਘ ਹੁਰਾਂ ਦਾ ਹੀ ਸਮਕਾਲੀ ਹੈ ਖੁਸ਼ਵਕਤ ਰਾਇ 'ਵਕਾਇਆ ਨਿਗਾਰ' ਸਰਕਾਰ ਅੰਗ੍ਰੇਜ਼ੀ ਜਿਸਨੇ ਸਨ ੧੮੧੧ -ਈ: (ਸੰਮਤ ੧੮੬੮ ਬਿ:) 'ਵਿਚ ਤਵਾਰੀਖ ਸਿਖਾਂ' (ਫਾਰਸੀ) ਲਿਖੀ ਹੈ। ਭਵਾਨੀ ਦਾ ਆਵਾਹਨ ਕਰਨ ਵਾਲੀ ਗਲ ਸੁਣਾਕੇ ਲਾਲਾ ਜੀ ਲਿਖਦੇ

੧ਨਾਮ ੨ ਬਾਟਾ ਤੇ ਚਮਚਾ ਸਰਬ ਲੋਹੇ ਦੇ ੩ ਗਾਗਰ ੪ ਲਾਖ ਦੀ ਮੁਹਰ (ਗਾਗਰ ਦੇ ਮੂੰਹ ਤੇਲਾਕੇ)ਪਕਿਰਿਆ ੬ਇਲਾਜ—ਉਪਾਉ,

ਹਨ:-

ਅਜ਼ਾ ਰੋਜ਼ ਜ਼ੁਨਾਰ ਬ-ਸ਼ਿਕਸਤ ਵ ਲਿਬਾਸ।
ਨੀਲਗੂੰ ਅਖ਼ਤਯਾਰ ਕਰਦ,ਵ-ਜ਼ੇਵਰ ਆਹਨੀ।
ਗੁਜ਼ੀਦ ਵ ਵਜ਼ਾ ਗ਼ੈਰ ਮੁਕੱਰਰ ਨਮੂਦ।,
ਵ ਦੋ ਸ਼ਮਸ਼ੇਰ ਬਰ ਕਮਰ ਬਸਤ, ਵ
ਕਾਰਦ ਵ ਚਕ੍ਰ ਤਮੰਚਾ ਵ ਕਮਾਣ
ਵਗੈਰਾ ਹਰਬਾ ਹਾਇ ਆਹਨੀ ਬਰਖ਼ੁਦ
ਆਵੇਖਤ। ਵ ਦਸਤਾਰ ਬ-ਕਦਰ।
ਯਕ ਦਸਤ ਦਰਾਜ਼ ਬਸਤਨ ਆਦਤ
ਕਰਦ। ਵ ਇਵਜ ਕਲਮਾ 'ਸਲਾਮ'
'ਫਤਿਹ ਵਾਹਿਗੁਰੂ ਜੀ ਕੀ' ਮੁਕਰਰ ਕਰਦ।
ਬਜਾਇ ਬਾਂਗ ਸੁਬਹ ਵ ਸ਼ਾਮ ਸ਼ਬਦ।
"ਅਕਾਲ! ਅਕਾਲ!! ਬ-ਆਵਾਜ਼ ਬਲੰਦ।
ਖਵਾਂਨਦਨ ਆਗਾਜ਼ ਨਮੂਦ। "ਗੁਰੂ ਗੋਬਿੰਦ
ਸਿੰਘ "ਖਾਲਸਾ" ਨਾਮੀਦ। ਵ ਅੱਵਲ
ਪੰਜ ਕਸ ਸਿੰਘਰਾਬਰ ਵਜ਼ਾ ਖਟੇਵਸ਼
ਪੈਦਾ ਕਰਦ। ਵ ਬਿਨਾਜ਼ਰ ਤਰਵੀਜ਼
ਤਸ਼ਹੀਰੁ ਤੌਹੀਦ ਮਿਲਹਿਤ ਖੁਦ
ਰਹਸਮਿ ਆਤਿ ਦੀਨ ਵ ਆਈਨ ਮੁਕਰਰ
ਸਾਖਤ। ਬ-ਦੀਂ ਤਫਸੀਲ ਕਿ-
ਪਾਇ ਖੁਦ ਰਾ ਬਿਸ਼ੁਸਤ, ਵਦਰਾਂ ਆਬ
ਸ਼ੀਰੀ ਨੀ ਆਮੇਖ਼ਤਾ ਕਾਰਦ ਦਰ ਦਸਤ
ਗਿਰਿਫਤਾ, ਦਰਾਂ ਆਬ ਮੇ ਰਾਂਦ, ਵ
ਈ ਪੰਜ ਅਫ਼ਸੂਨ ਹਾਇ ਹਿੰਦੀ ਭਾਖਾ
ਦਰ ਕੁਤਬਤ ਤਸਨੀਫ ਸਵੈਯਾ ਖੁਦ
ਰਾਮੇ ਖ਼ਾਦ, ਵ ਦਮ ਕਰਦ। ਵ
ਕਬਿੱਤ ਸ੍ਵੈਯਾਹਾਂ ਮਜ਼ਕੂਰ ਕੀ ਅੰਦ:-

ਕਬਿੱਤ ਸ੍ਵੈਯਾ ਅੱਵਲ

ਸਰਾਵਗ ਸੁਧ ਸਮੂਹ ਸਿਧਾਨ ਕੇ,
ਦੇਖ ਫਿਰਯੋ ਘਰਿ ਜੋਗ ਜਤੀਕੇ।

ਆਦਿ। ਪਹਿਲੇ ਪੰਜੇ ਸਵਈਏ ਲਿਖੇ ਹਨ-

ਅਰਥਾਤ-ਉਸ ਦਿਨ ਤੋਂ ਜਨੇਊ ਤੋੜ ਦਿਤਾ। ਨੀਲਾ ਬਾਣਾ ਸਜਾ ਲਿਆ! ਸਰਬ ਲੋਹ ਦੇ ਗਹਿਣੇ ਪਹਿਨਣੇ ਉਚਿਤ ਖਿਆਲ ਕੀਤੇ। ਅਣੋਖਾ ਜਿਹਾ ਰੂਪ ਬਣਾਲਿਆ। ਦੋ ਸ਼ਮਸ਼ੇਰਾਂ ਗਾਤਰੇ ਸਜ਼ਾ ਲਈਆਂ। ਕਰਦ ਚੱਕ੍ਰ ਤਮੰਚਾ (ਪਿਸਤੌਲ) ਤੇ ਕਮਾਣ ਆਦਿ ਸਰਬ ਲੋਹ ਦੇ ਸ਼ਸਤਰ-ਅਸਤ੍ਰ ਧਾਰਨ ਕਰ ਲਏ। ਅਰ ਦਸਤਾਰ ਹਥ ਕੁ ਭਰ ਉਚੀ (ਦੁਮਾਲੇ ਦਾਰ) ਸਜਾਉਣ ਦਾ ਸੁਭਾਉ ਬਣਾ ਲਿਆ (ਸਲਾਮ) ਦੀ ਥਾਂ 'ਫਤਹਿ ਵਾਹਿਗੁਰੂ ਜੀ ਕੀ' ਨੀਯਤ ਕੀਤੀ ਸੰਝ ਸਵੇਰ ਬਾਂਗ ਦੀ ਥਾਂ ਸ਼ਬਦ ਅਕਾਲ ਅਕਾਲ!! ਗਜਕੇ ਗਜਾਉਣਾਂ ਅਰੰਭ ਕਰ ਦਿਤਾ। ਆਪਣਾ ਨਾਮ ਗੁਰ ਗੋਬਿੰਦ ਸਿੰਘ 'ਖਾਲਸਾ' ਰਖ ਲਿਆ।

ਪਹਿਲ ਪ੍ਰਿਥਮੇ ਪੰਜ ਸਿੰਘ ਆਪਣੇ ਸਾਮਾਨ ਰੂਪ-ਧਾਰੀ ਪ੍ਰਗਟ ਕੀਤੇ (ਸਜਾਏ) ਅਰ ਆਪਣੇ ਪ੍ਰਚਾਰ, ਪ੍ਰਸਿਧੀ ਤੇ ਏਕਤਾ ਵਾਸਤੇ ਧਾਰਮਕ ਰਸਮਾਂ ਤੇ ਨਿਯਮ ਨੀਯਤ ਕੀਤੇ। ਇਸ ਵੇਰਵੇ ਅਨੁਸਾਰ:-

ਆਪਣੇ ਚਰਨ ਧੋਤੇ ਉਸ ਜਲ (ਚਰਨਾਮ੍ਰਿਤ) ਵਿਚ ਮਿਠਾ ਮਿਲਾਇਆ ਤੇ ਕਰਦ ਕਰ-ਕਮਲਾਂ ਵਿਖੇ ਗ੍ਰਹਣ ਕਰਕੇ ਉਸ ਅੰਦਰ ਫੇਰੀ। ਅਤੇ ਅਪਣੇ ਰਚੇ ਗ੍ਰੰਥਾਂ ਵਿਚੋਂ ਇਹ ਪੰਜ ਮੰਤ੍ਰ ਹਿੰਦੀ ਭਾਖਾ ਦੇ ਸਵੱਯੇ ਪੜ੍ਹਕੇ ਦਮ ਕੀਤਾ (ਫੂਕਾਂ ਮਾਰੀਆਂ)।

[ਸਿਖ ਇਤਹਾਸਕ ਪੱਤ੍ਰ ਪੰਨਾ ੧੧-੧੨

ਜਿੰਨੇ ਵੀ ਪੁਰਾਤਨ ਲਿਖਾਰੀ ਹਨ ਸਭ ਨੇ ਖੰਡੇ ਦੇ ਥਾਂ ਕਰਦ ਹੀ ਅੰਮ੍ਰਿਤ ਵਿਚ ਫੇਰਨਾ ਦਸਿਆ ਹੈ। ਕਿਸੇ ਇਕ ਵੀ ਲਿਖਾਰੀ ਨੇ ਖੰਡਾ ਨਹੀਂ ਦਸਿਆ। ਕਰਦ ਨਾਲ ਅੰਮ੍ਰਿਤ ਤਿਆਰ ਕੀਤਾ ਅਤੇ ਬਾਣੀ ਕਿਹੜੀ ਪੜ੍ਹੀ ਕਿਸੇ ਨੂੰ ਕੋਈ ਪਤਾ ਨਹੀਂ ਅਤੇ ਨਾਹੀਂ ਇਹ ਹੁਕਮ ਵੀ ਦਸਮੇਸ਼ ਜੀਦਾ ਕਿਤੇ ਹੈ ਕਿ ਅੰਮ੍ਰਿਤ ਇੰਵ ਪੰਜ ਸਿੰਘ ਤਿਆਰ ਕਰਿਆ ਕਰਨ ਤੇ ਇਹ ਬਾਣੀ ਪੜ੍ਹਨ।

ਇਸਤੋਂ ਅਗੇ "ਇਤਿਹਾਸਕ ਪਤਰ" ਦੇ ਸੰਪਾਦਕ ਜੀ ਲਿਖਦੇ ਹਨ ਕਿ-(ੲ) ਲਗ ਪਗ ਇਨਾਂ ਹੀ ਦਿਨਾਂ ਵਿਚ, ਨਿਰਮਲੇ ਸੰਤ ਭੂਪ ਸਿੰਘ ਜੀ ਨੇ 'ਸੁਧਰਮ ਮਾਰਗ' ਗ੍ਰੰਥ ਲਿਖਿਆ ਹੈ ਜੋ ਸੰਤ ਸੰਪੂਰਨ ਸਿੰਘ ਜੀ ਨੇ ਸਨ ੧੯੨੩ ਈ. ਵਿਚ ਛਪਵਾਇਆ ਹੈ। ਇਸਦੇ ਦੂਜੇ ਅਧਿਆ ਵਿਚ ਦੇਵੀ ਪ੍ਰਗਟਾਉਣ ਤੇ ਸੀਸ-ਭੇਟ ਕਉਤਕ ਵਰਤਾ-ਉਣ ਤੋਂ ਬਾਦ ਖੰਡੇ ਦਾ ਅੰਮ੍ਰਿਤ ਛਕਾਉਣ ਵਾਲਾ ਪ੍ਰਸੰਗ ਐਉਂ ਵਰਨਿਆਂ ਹੈ:-

"ਪੁਨਾਂ ਕਨਾਤ ਖੋਲ੍ਹ ਕੇ ਨਿਕਾਸੇ।
ਪਾਂਚੋਂ ਕੋ ਏਕਠ ਬੈਠਾਯਾ ।
ਅਰ ਪ੍ਰਸਾਦ ਲਾਂਗਰੀਆਂ ਕੋ ਦੀਆ, ਕਹਾ! "ਤਿਆਰ ਕਰੋ" ਤਿਸੀ ਸਮੇ ਸਭ ਦੇਵਤਾ ਆਨ ਇਸਥਿਤ ਭਏ ਅਪਨਾਂ ਅੰਸ ਸਭ ਦੇਵਤ ਭਏ:-

ਮੰਤ੍ਰ 'ੴ ਸਤਿਨਾਮ – – – –" ਉਪਦੇਸ ਸਕਤਿ ਗੁਰੂ ਨਾਨਕ ਜੀ ਦੀਆ ਔਰ

ਜੰਤ੍ਰ-"ਵਾਹਿਗੁਰੂ" ਮੋਹਨ ਵਸੀ ਕਰਨ ਤੇ ਦੀਆ।

ਤੰਤ੍ਰ-ਜਲ, ਅੰਮ੍ਰਿਤ ਵਾਸਤੇ ਵਰਣ ਚਿਤ ਦ੍ਰਿੜਤੇ ਚਤ ਭਇਆ।

ਮਿਸਟਾਨ-ਇੰਦ੍ਰ, ਬੁਧੀ ਮੀਠੀ ਰਹੈ-ਨਮਿਤ ਦੀਆ ਅਰ।

ਲੋਹ-ਪਾਤ੍ਰ-ਜਮਰਾਜ ਅੰਮ੍ਰਿਤ ਕੇ ਪਾਵਨੇ ਨਮਿਤ ਦੀਆ।

ਲੋਹ ਕਰਦ-ਕਾਲੀ ਜੀ ਦਈ ਜੁਧ ਵਾਸਤੇ।

ਕੇਸ-ਦੇਵੀ ਚੰਡੀ ਜੀ ਦੀਏ।
ਸਿੰਘਨਾਮ-ਸਿੰਘ ਬਾਹਨ ਨੈ ਦੀਓ।
ਕਾਛ-ਹਨੂੰਮਾਨ ਜੀ ਦੀਨੀ।
ਜਪੁਜੀ-ਮੁਕਤਿ ਤੇ ਪਾਠ ਦੀਆ।
ਅਨੰਦ-ਚਿਤ ਸ਼ਾਂਤਿ ਤੇ, ਗੁਰੂ ਅਮਰ ਜੀਦੀਨਾ।
ਚੌਪਈ-ਔਰ ਸਵਈਏ ੧੦-ਸ੍ਰੀ ਮੁਖਤੇ ਦ੍ਰਿੜ ਚਿਤ ਜੁਧ ਦੇ।

ਚਾਰ ਪਦਾਰਥ ਖੰਡੇ ਦੀ **ਪਾਹੁਲ**ਤੇ ਦੀਏ ਸਿਖੋ ਕੋ"

ਅਗੇ ਕੜਾਹ ਪ੍ਰਸਾਦ ਦੀਆਂ ਚੀਜਾਂ ਦਿਤੀਆਂ ਕੋਈ ਵਿਸ਼ਨੂੰ ਨੇ ਕੋਈ ਮਹਾਂ ਦੇਵ ਨੇ। ਪਹਿਲਾਂ ਤੇ ਸੰਤ ਭੂਪ ਸਿੰਘ ਜੀ "ਲੋਹ ਕਰਦ-ਕਾਲੀ ਜੀ ਦਈ ਜੁਧ ਵਾਸਤੇ" ਲਿਖਕੇ ਫਿਰ ਅੰਮ੍ਰਿਤ ਖੰਡੇ ਦਾ ਬਣਾ ਦਿਤਾ। ਸਾਡੇ ਲਿਖਾਰੀ ਕਰਦ ਨੂੰ ਹੀ' ਖੰਡਾ' ਦਸੀ ਗਏ ਹਨ। ਅਗੇ 'ਸੁਧਰਮ ਮਾਰਗ' ਦੇ ਕਰਤਾ ਜੀ ਲਿਖਦੇ ਹਨ:-

"ਤਬ ਸ੍ਰੀ ਮੁਖ ਹੁਕਮ ਦੀਆ "ਸਤਰੁਦਰ ਕੇ ਜਲ ਕੀ ਗਾਗਰ ਭਰ ਲਿਆਵੋ" ਸੋ ਜਲ ਲੈ ਆਏ ਓਸ ਸਮੇਂ **ਦੇਵੀ ਜੂਕੀ ਕਰਦ ਸਾਥ** ਪਾਚੋ ਸ਼ਸਤਰ ਲੋਹ ਕੀ ਗਾਗਰ ਮੈਂ ਪਾਏ। ਪੰਜ ਸ਼ਸਤ੍ਰ ਨਾਮ-੧ ਕਰਦ ੨ ਚੱਕਰ ੩ ਕਟਾਰ ੪ ਤੀਰ ੫ ਸ੍ਰੀ ਸਾਹਿਬ। ਤਬ ਸ੍ਰੀ ਸਤਿਗੁਰੂ ਜੀ **ਕਰਦ ਕੋ ਹਲਵਾਯਾ** ਅਪਨੀ ਓਰ ਜਪੁਜੀ ਆਦਿਕ ਮੰਤ੍ਰ ਪੜ੍ਹ। ਓਸ ਸਮੇ ਰਾਮ ਕੋਰ ਖਿਤਾਬ 'ਗੁਰਬਖਸ਼ ਸਿੰਘ' ਸਿਤਾਬੀ ਮਾਤਾ ਜੀਕੋ ਜਾਇ ਕਹਾ ਜੋ "ਸਾਹਿਬ ਪੰਥ ਰਚਨੇ ਲਾਗੇ ਹੈਂ। ਕੇਵਲ ਜਲ ਮੈਂ ਸ਼ਸਤ੍ਰ ਫੇਰਤੇ ਹੈ। ਪੰਥ ਤਮੋਂ ਗੁਣੀ ਹੋਇਗਾ। ਹਜੂਰ ਕੋ ਕੋਈ ਕਹਿਤਾ ਨਾਹੀਂ ਤੁਮ ਬੀਚ ਰਸ ਪਾਵੋ!" ਤਾਂ ਮਾਤਾ ਜੀ ਨੇ ਆਪ ਪਤਾਸੇ**ਗਾਗਰ ਮੇਂ ਡਾਰੇ** ਤਬ ਸਾਹਬ ਪ੍ਰਸੰਨ ਭਏ। ਮਾਤਾ ਜੀ ਭਲਾ ਕੀਆ ਰਸ ਪਾਇਆ ਅੰਮ੍ਰਿਤ ਤਿਆਰ ਕਰਿ ਕਰਦ ਜੁਗਤ ਪਾਚੋ ਸ਼ਸਤ੍ਰ ਆਪਣੇ ਮੁਖ ਮੈਂ ਨਿਚੰੜੇ (ਸ਼ਸਤ੍ਰ ਸਨ ਕਿ ਬਸਤ੍ਰ) ਉਚਾਰਾ:-"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ" ਇਸ ਭਾਂਤ ਕਹਿ ਕਹਿ ਨੇਤ੍ਰੋਂ ਮੇਂ ਡਾਰੇ। ਪੁਨ ਕੇਸੋ ਮੇਂ ਪਾਏ। ਤਿਸ ਸਮੇ ਉਠ ਕਰਿ ਸ਼ਸਤ੍ਰ ਕੋ ਗੁਰੂ ਰੂਪ ਜਾਨ ਕਰ ਨਮਸਕਾਰ ਕੀਆ। ਆਪ ਤਖਤ ਪਰ ਬੈਠੇ।"

ਪਰ ਇਹ ਨਹੀ ਦਸਿਆ ਕਿ ਦਰਬਾਰ ਸਾਹਿਬ ਦੀ ਬੀੜ ਕਿਥੇ ਸੀ ਤੇ ਉਸਨੂੰ ਨਮਸ਼ਕਾਰ ਕਿਉਂ ਨਹੀਂ ਕੀਤੀ।

ਸੰਤ ਜੀ ਮਹਾਰਾਜ ਨੇ ਤਾਂ ਹੋਰ ਵੀ ਝਗੜਾ ਖੜਾ ਕਰ ਦਿਤਾ ਅੰਮ੍ਰਿਤ ਬਾਟੇ ਵਿਚ ਬਨੌਣ ਦੀ ਥਾਂ ਗਾਗਰ ਵਿਚ ਤਿਆਰ ਕੀਤਾ ਅਤੇ ਉਸ ਵਿਚ ਸ਼ਸਤ੍ਰ ਵੀ ਕੱਲੀ ਕਰਦ ਨਹੀਂ ਸਗੋਂ ਪੰਜ ੧ ਕਰਦ ੨ ਚੱਕਰ ੩ ਕਟਾਰ ੪ ਤੀਰ ੫ ਸ੍ਰੀ ਸਾਹਿਬ ਆਦਿ ਵੀ ਉਸ ਗਾਗਰ ਵਿਚ ਪਾਏ। ਜੇ ਇਸ ਵਿਧੀ ਨਾਲ ਕਰਨਾ ਹੋਵੇ ਤਾਂ ਗਾਗਰ ਵਿਚ ਕਰਨਾਂ ਚਾਹੀਦਾ ਹੈ।

ਇਤਹਾਸਕ ਪਤ੍ਰ ਦੇ ਵਿਦਵਾਨ ਲੇਖਕ ਜੀ ਸਰਦਾਰ ਰਤਨ ਸਿੰਘ ਭੰਗੂ ਦੀ ਸ਼ਹਾਦਤ ਪੇਸ਼ ਕਰਦੇ ਹੋਏ ਲਿਖਦੇ ਹਨ:-

(੭) ਖਾਲਸਾ ਰਾਜ ਦੇ ਅੰਤਲੇ ਸਮੇ ਵਿਚ ਹੀ ਮੀਰਾ ਕੋਟੀਏ ਸ੍ਰ: ਮਤਾਬ ਸਿੰਘ ਸ਼ਹੀਦ ਦੇ ਪੋਤ੍ਰੇ ਤੇ ਸ੍ਰ: ਸ਼ਾਮ ਸਿੰਘ ਜਥੇਦਾਰ 'ਮਿਸਲਕਰੋੜੀਆਂ' ਦੇ ਦੋਹਤ੍ਰੇ ਸ੍ਰ. "ਰਤਨ ਸਿੰਘ ਜੀ ਭੰਗੂ" ਹੋਏ ਹਨ, ਜਿੰਨਾਂ ਨੇ ਸੰਮਤ ੧੮੯੮ ਬਿ: ਵਿਚ ਪੰਥ ਦੇ ਬੜੇ ਨਵੇਂ ਨਰੋਏ ਸਮਾਚਾਰ ਲਿਖ-ਮੁਕਾਏ ਹਨ। ਇਸ ਗ੍ਰੰਥ ਦਾ ਨਾਮ 'ਪ੍ਰਾਚੀਨ ਪੰਥ ਪ੍ਰਕਾਸ਼" ਰਖਕੇ ਸੰਨ ੧੯੧੪ ਈ: ਵਿਚ "ਵਜੀਰ ਹਿੰਦ ਪ੍ਰੈਸ ਅੰਮ੍ਰਿਤ-ਸਰ" ਨੇ ਛਾਪਿਆ ਹੈ, ਭੰਗੂ ਸਾਹਿਬ ਦੇ ਬਿਆਨ ਨੂੰ ਬਿਨਾ ਲਾਗ ਲਪੇਟ ਦਰੁਸਤ ਮੰਨਿਆ ਜਾਂਦਾ ਹੈ। ਸਰਦਾਰ ਜੀ ਨੇ 'ਪੰਥ ਦੀ ਉਤਪਤੀ ਦੀ ਸਾਖੀ' ਸੁਣਾਉਂਦਿਆਂ ਲਿਖਿਆ ਹੈ–

ਚੌਪਈ–
ਪਾਹੁਲ ਖੰਡੈ ਤਯਾਰ ਕਰਵਾਈ।
ਜਲ ਮਧ ਆਨ ਮਿਠਾਈ ਪਾਈ[੧]।
ਤਿਹ ਮਧ ਰਾਖੀ ਕਰਦ ਗਡਾਇ।
ਸਤਿਗੁਰ ਰਾਖੀ ਕਰਦ ਧਾਰੇ ਦਾਇ। ੬

ਦੋਹਰਾ–
ਸ੍ਰੀ ਸਤਿਗੁਰ ਸਤਿਨਾਮੁ ਕਹਿਓ
ਕਰਤਾ ਪੁਰਖ ਉਚਾਰ।
ਅਕਾਲ ਅਕਾਲ ਜਾਪ ਕਰ
ਤੌਰੀ ਕ੍ਰਿਪਾ, ਨਿਜ ਧਾਰ। ੭।

ਚੌਪਈ–
ਪ੍ਰਿਥਮ "ਭਗੌਤੀ ਵਾਰ" ਜੁ ਪੌੜੀ।
ਪੜ੍ਹ ਪ੍ਰਿਥਮੈ ਆਪ ਸਤਿਗੁਰ ਜੋੜੀ।
"ਨੌ ਪਾਤਸ਼ਾਹੀਅਨ ਲਈ ਧਿਆਇ।
ਅਬ ਦਸਮਨ ਪਰ ਹੋਈਂ ਸਹਾਇ।" ੮।
ਬਹੁੜ ਸਵਯੇ ਬਤੀ ਉਚਾਰੇ।
ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ।
ਤੇਜ ਤੇਜ ਜੋ **ਚੰਡੀ ਬਾਨੀ**।
ਸੋਊ ਪਾਹੁਲ ਕੇ ਮਧੈ ਠਾਨੀ। ੯।

ਤ੍ਰਿਭੰਗੀ ਛੰਦ
"ਖਗ ਖੰਡ ਬਿਹੰਡੰ ਖਲ ਦਲ ਖੰਡੰ
ਅਤਿ ਰਣ ਮੰਡੰ ਬਰ ਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨ-ਪ੍ਰਭੰ।
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲ ਵਿਖ ਹਰਣੰ ਅਸਿ ਸਰਣੰ।
ਜੈ ਜੈ ਜਗ-ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਿਤ ਪਾਰਣ ਜੈ ਤੇਗੰ।"

ਦੋਹਰਾ–
ਪ੍ਰਿਥਮ ਅੰਚਰੀ ਭਰੀ ਸ੍ਰੀ ਸਤਿਗੁਰ ਉਨ ਲਲਕਾਰ।
ਸਨਮੁਖ ਨੇਤ੍ਰ ਰਖਵਾਇ ਕਰ
ਦਈ ਮਧ ਮੋਂ ਡਾਰ। ੧੦।

ਚੌਪਈ–
ਅਕਾਲ! ਅਕਾਲ!!" ਕਰ ਜਾਪ ਜਪਾਈ।
"ਸ੍ਰੀ ਵਾਹਿਗੁਰੂ ਗੁਰ ਫਤੈ" ਬੁਲਾਈ।
ਪੁਨ ਪੰਚ ਪੰਚ ਸੀਸ ਅੰਚਰੀ ਪਾਇ।
ਪੰਚ ਪੰਚ ਪੰਚਨ ਦਈ ਛਕਾਇ। ੧੧।
ਇਕੈ ਸੁਨਾਰੇ ਸਭੀ ਰਲਾਇ।
ਭਿੰਨ ਭੇਤ ਕਛੁ ਰਖਨ ਨਾ ਪਾਏ।
ਚਾਰ ਬਰਨ ਔ ਆਸ਼੍ਰਮ ਚਾਰ।
ਜਨੇਊ ਟਿਕੋ ਦੀਯੋ ਉਤਾਰ। ੧੨।

ਅਰਥਾਤ ਸਤਿਗੁਰਾਂ ਪਹਿਲੋਂ–

(੧) ੧ਓ ਸਤਿਨਾਮ ਗੁਰਪ੍ਰਸਾਦਿ" ਮੂਲ ਮੰਤ੍ਰ ਪੜ੍ਹਿਆ ਤੇ "ਅਕਾਲ! ਅਕਾਲ!!" ਦਾ ਜਾਪੁ ਕੀਤਾ। ਫਿਰ–

(੨) ਵਾਰ ਸ੍ਰੀ ਭਗੌਤੀ ਜੀ ਕੀ ਵਿਚੋਂ ਪਹਿਲੀ ਪਉੜੀ– "ਪ੍ਰਥਮ ਭਗਉਤੀ ਸਿਮਰਕੈ" ਪੜ੍ਹਕੇ ਆਪਣੇ ਵਾਸਤੇ ਸਹਾਈ ਹੋਣ ਲਈ ਅਰਦਾਸ ਕੀਤੀ। ਬਾਦਾਂ–

(੩) "ਸਤ ਸਦੈਵ ਸਰੂਪ ਸਤ ਬ੍ਰਤ" ਵਾਲੇ ਬੱਤੀਹ ਸ੍ਵੈਯੇ ਪੜ੍ਹੇ। ਉਪ੍ਰੰਤ–

(੪) ਚੰਡੀ ਦੀ 'ਤੇਜ ਤੇਜ' ਬਾਣੀ 'ਚੰਡੀ ਦੀ ਵਾਰ' ਯਾ "ਚਰਿਤ੍ਰ। ਤੇ–

(੫) 'ਬਚਿਤ੍ਰ ਨਾਟਕ ਗ੍ਰੰਥ' ਦਾ ਅਰੰਭਕ ਮੰਗਲ ਵਾਲਾ "ਤ੍ਰਿਭੰਗੀ ਛੰਦ" ਉਚਾਰਣ ਕਰਕੇ "ਖੰਡੇ ਦੀ ਪਾਹੁਲ ਤਿਆਰ ਕੀਤੀ।"

[੧]ਪਤਾਸੇ ਜਾਂ ਮਿਸ਼ਰੀ,

[ਇਤਿਹਾਸਕ ਪੱਤ੍ਰ ਪੰਨਾ ੧੫-੧੬

ਜਦ ਰਤਨ ਸਿੰਘ ਜੀ ਸਾਫ ਲਿਖ ਰਹੇ ਹਨ-''ਤਿਹ ਮਧ ਰਾਖੀ ਕਰਦ ਗਡਾਇ।'' ਫਿਰ ਕਰਦ ਤੋਂ ਖੰਡਾ ਕਿਵੇਂ ਹੋ ਗਿਆ ? ਭਲਾ ਇਹ ਤੇ ਮੰਨਿਆ ਜਾ ਸਕਦਾ ਹੈ ਕਿ ''ਲਾਲਾ ਖੁਸ਼ ਵਕਤ ਰਾਇ'' ਖੰਡੇ ਤੇ ਕ੍ਰਿਪਾਨ ਦਾ ਭੇਦ ਨਹੀਂ ਸਮਝ ਸਕੇ, ਪਰ ਮੀਰਾਂ ਕੋਟੀਏ ਸ਼ਹੀਦ ਮਤਾਬ ਸਿੰਘ ਦਾ ਪੋਤਰਾ ਤੇ ਜਥੇਦਾਰ ਸ੍ਰ: ਸ਼ਾਮ ਸਿੰਘ ਮਿਸਲ ਕਰੋ-ਤਰੀਆਂ ਦਾ ਦੋਹਤਰਾ ਸ੍ਰ: ਰਤਨ ਸਿੰਘ ਭੰਗੂ ਤੇ 'ਕ੍ਰਿਪਾਨ' ਤੇ 'ਖੰਡੇ' ਦਾ ਭੇਤ ਚੰਗੀਤਰਾਂ ਸਮਝ ਸਕਦਾ ਹੈ। ਜਦ ਓਹ ਵੀ 'ਤਿਹ ਮਹਿ ਰਾਖੀ ਕਰਦ ਗਡਾਇ।'' ਲਿਖਦਾ ਹੈ ਤਦ ਸ਼ੱਕ ਨੂੰ ਕੋਈ ਵੀ ਗੁੰਜੈਸ਼ ਨਹੀਂ ਰਹਿ ਜਾਂਦੀ ਕਿ ਅੰਮ੍ਰਿਤ 'ਖੰਡੇ' ਦਾ ਨਹੀਂ ਸਗੋਂ 'ਕਰਦ' ਦਾ ਹੀ ਤਿਆਰ ਕੀਤਾ ਗਿਆ ਸੀ। ਫਿਰ ਭੰਗੂ ਸਾਹਿਬ ਤੇ ਬਾਣੀ ਵੀ ਤੇਜ-ਤੇਜ ''ਚੰਡੀ ਦੀ ਵਾਰ'' ਜਾਂ ''ਚੰਡੀ ਚਰਿਤ੍ਰ'' ਪੜਨ ਤੇ ਸਵੱਯੇ ੧੦ ਦੇ ਥਾਂ ਬੱਤੀ ਪੜ੍ਹਨ ਦੀ ਦਸ ਹੀ ਪੌਂਦੇ ਹਨ। ਬਾਕੀ ਬਾਣੀਆਂ ''ਜਪ'' 'ਅਨੰਦ' ਤੇ 'ਚੌਪਈ' ਦਾ ਉਕਾ ਹੀ ਜਿਕਰ ਨਹੀਂ ਕਰਦੇ, ਜਿਸਤੋਂ ਸਾਫ ਜਾਹਰ ਹੈ ਕਿ ਅੰਗ੍ਰੇਜੀ ਰਾਜ ਦੇ ਆਰੰਭ ਤੇ ਖਾਲਸਾ ਰਾਜ ਦੇ ਅੰਤ ਤਕ ਅੰਮ੍ਰਿਤ ਇਸੇਵਿਧੀ ਨਾਲ ਤਿਆਰ ਹੋਇਆ ਕਰਦਾ ਸੀ ਜੋ ਇਕ ਪ੍ਰਸਿਧ ਘਰਾਣੇ ਦਾ ਨੌ ਨਿਹਾਲ ਦਸ ਰਿਹਾ ਹੈ।

'ਇਤਹਾਸਕ ਪਤ੍ਰ' ਦੇ ਲੇਖਕ ਜੀ ਦਸਦੇ ਹਨ ਕਿ- '' ੮-ਖਾਲਸਾ ਰਾਜ ਸਮੇਂ ਦੇ ਲਿਖਾਰੀਆਂ ਵਿਚੋਂ ਭਾਈ ਸੰਤੋਖ ਸਿੰਘ ਜੀ ਸ਼੍ਰੋਮਣੀ ਕਵੀ ਤੇ ਲਿਖਾਰੀ ਮੰਨੇ ਗਏ ਹਨ। ਆਪਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ'' ਸੰ: ੧੯੦੦ ਬਿ: ਵਿਚ ਸੰਪੂਰਣ ਕੀਤਾ ਹੈ। ਜਿਸਦੀ ਰੁਤਿ ਤੀਜੀ ਦੇ ਉਨੀਹਵੇ ਅੰਸੂ ਵਿਚ ਆਪ ਜੀ ਅੰਮ੍ਰਿਤ ਤਿਆਰ ਕਰਨ ਬਾਰੇ ਐਉਂ ਲਿਖਦੇ ਹਨ-

ਚੌਪਈ-ਤਿਹ ਛਿਨ ਇਕ ਬਾਸਨ ਮੰਗਵਾਵਾ।
ਸਤੁਦ੍ਰਵ ਕੋ ਜਲ ਸੁਚਿ ਅਨੁਵਾਵਾ।
ਨਿਜ ਆਗੇ ਰੁਖਵਾਵਨਿ ਕੀਯੋ।

ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ।।੧੨

ਤਾ ਮਹਿ ਲਗੇ ਫੇਰਨੇ ਸੁਾਮੀ।
ਬਦਨ ਬਦਤ ਬਾਨੀ ਅਭਿਰਾਮੀ।
'ਜਪੁਜੀ' ਪਾਠ ਪ੍ਰਥਮ ਕਰ ਲੀਨਾ।
ਬਹੁਰ ਸ੍ਵੈਯੇ ਪਢਿਯੋ ਕੀਨਾ।
ਪੌੜੀ ਪਾਂਚ 'ਅਨੰਦ' ਪਢਯੋ ਹੈ।
''ਅੰਮ੍ਰਿਤ'' ਮਹਿ ਬਹੁ ਤੇਜ ਬਢਯੋ ਹੈ।੧੬

(ਜਿਸ ਵਿਚੋਂ ਦੋ ਚਿੜੇ ਚੁੰਝਾਂ ਭਰ ਭਰ ਪੀ ਗਏ, ਤੇ ਲੜਿ ਮੋਏ)

ਬਹੁਰ ਪਢਤ ਫੇਰਤ ਸੁ ਕ੍ਰਿਪਾਨਾ।
ਤਾ 'ਅੰਮ੍ਰਿਤ' ਸੋ ਤੇਜ-ਨਿਧਾਨਾ।

[ਇਤਿਹਾਸਕ ਪੱਤ੍ਰ ਪੰਨਾ ੧੭

ਭਾਈ ਸੰਤੋਖ ਸਿੰਘ ਜੀ ਜਿਹਾ ਮਹਾਂ ਵਿਦਵਾਨ 'ਕ੍ਰਿਪਾਨ' ਤੇ 'ਖੰਡੇ' ਦਾ ਭੇਦ ਨਾ ਸਮਝ ਸਕੇ ਇਹ ਕਹਿਣਾਂ ਇਕ ਸਖਤ ਹਿਮਾਕਤ ਹੀ ਹੈ। ਓਨਾਂ ਤੇ ਸਗੋਂ ਚੰਗੀ ਤਰਾਂ ਨਿਰਣਾਂ ਕਰ ਦਿਤਾ ਹੈ:-

''ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ।......ਤਾਮਹਿ ਲਗੇ ਫੇਰਨੇ ਸੁਾਮੀ'' ਜਿਹੜੀ 'ਕ੍ਰਿਪਾਨ' ਦੇਵੀ ਜੀ ਨੇ ਦਿਤੀ ਸੀ ਓਹ ਅੰਮ੍ਰਿਤ ਵਿਚ ਫੇਰਨ ਲਗੇ' ਬਾਣੀ ਕਿਹੜੀ ੨ ਪੜੀ। 'ਜਪੁਜੀ' 'ਸ੍ਵੈਯੇ' ਤੇ 'ਅਨੰਦ' ਪੰਜ ਬਾਣੀਆਂ ਦਾ ਕੋਈ ਵੀ ਜਿਕਰ ਨਹੀਂ ਸਾਰੇ ਇੰਦ ਹੀ ਵਖੋ ਵਖ ਦਸਦੇ ਹਨ।

ਹੁਣੇ ਹੁਣੇ ਇਕ ''ਪ੍ਰੇਮ ਸੁਮਾਰਗ'' ਨਾਮੀ ਗ੍ਰੰਥ 'ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤ ਸਰ' ਨੇ ਸੰਪਾ-ਦਤ ਕਰਕੇ ਪ੍ਰਕਾਸਤ ਕੀਤਾ ਹੈ ਇਸ ਦੀ ਭੂਮਕਾ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵੀ ਜਿਕਰ ਕੀਤਾ ਹੈ। ਅਤੇ ਜਾਹਰ ਕੀਤਾ ਹੈ। ਸਾਹਿਬਾਂ ਦੇ ਇਕ ਹੁਕਮ ਨਾਮੇ ਦਾ ਹਵਾਲਾ ਦੇ ਕੇ ਕਿ ਇਸ ਪੁਸਤਕ 'ਪ੍ਰੇਮ ਸੁਮਾਰਗ' ਦਾ ਸ੍ਰੀ ਸਤਿਗੁਰੂ ਜੀ ਨੇ ਖਾਸ ਤੌਰ ਤੇ ਬਖਾਨ ਕੀਤਾ ਹੈ। ਪਰ ਜਿਸ ਪ੍ਰੇਮ-ਸੁਮਾਰਗ ਦਾ ਜ਼ਿਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀਨੇ ਕੀਤਾ ਹੈ ਇਹ ਉਹ ਪ੍ਰੇਮ ਸੁਮਾਰਗ ਨਹੀਂ ਕਿਉਂਕਿ ਇਕ ਤੇ ਇਸ ਵਿਚ ਮਾਸ ਖਾਣ ਦਾ ਫੁਰਮਾਨ ਹੈ ਦੂਜਾ ਇਸਦੀ ਅੰਮ੍ਰਿਤ ਦੀ ਮਰਯਾਦਾ ਵੀ ਓਹ ਨਹੀਂ ਜਿਸਦਾ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਨੇ ਪ੍ਰਚਲਨ ਕੀਤਾ। ਇਸ ਵਿਚ ਅੰਮ੍ਰਿਤ ਛਕਾਣ ਸਮੇ ਲੋਹੇ ਦਾ ਜਾਂ ਸੋਨੇਦੀਆਂ

ਤਾਰਾਂ ਦਾ ਜਨੇਊ ਪਹਿਨਾਣਾਂ ਲਿਖਿਆ ਹੈ। ਤੀਜਾ ਅੰਮ੍ਰਿਤ ਸਮੇ ਪੈਰਾਂ ਤੋਂ ਲੈਕੇ ਜਰਾਬਾਂ ਸਮੇਤ ਪਜਾਮੇ ਇਕ ਬਸਤ੍ਰ ਪਹਿਨਣ ਦਾ ਨਿਰਦੇਸ਼ ਹੈ। ਜਿਵੇਂ:– ''ਪਹਿਲਾ ਦੇ ਕੜਾਹ ਕਰੇ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਕਾ ਫਿਰ ਨਾਰੀਅਲ ਸਵਾ ਰੁਪਿਯਾ ਭੇਟ ਰਖੇ। ਫੇਰਿ ਓਹ ਪ੍ਰਾਨੀ ਨਵੇਂ ਕਪੜੇ ਪਹਨੇ। ਅਰ ਪਗੜੀ ਜਾਮਾ ਸਫੇਦ ਪਹਿਰੇ ਅਗਲ ਬੰਦੀ। ਉਸ ਉਪਰਿ ਕਛ ਪਹਰੇ ਸਪੇਦ ਸੁਥਨ ਪੈਰਾਂ ਤੋਂ ਲੈਕੇ ਕਮਰ ਤਕ ਮੌਜਿਆਂ ਦੀ ਤਰਹ ਸਿਵਾਇ ਪਹਿਰੇ, ਚੂੜੀ ਕੋਈ ਵਿਚ ਪਵੈ ਨਹੀਂ–'' (ਇਤਿਹਾਸਕ ਪੱਤ੍ਰ ਪੰਨਾਂ ੨੫)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤ ਸਮੇ ਕਛਹਿਰੇ ਉਪਰ ਹੋਰ ਕੋਈ ਕਪੜਾ ਪਜਾਮਾ ਆਦਿ ਪਹਿਰਨ ਦੇ ਹਕ ਵਿਚ ਨਹੀ ਸਗੋਂ ਜੇ ਕਿਸੇ ਪਜਾਮਾ ਪਾਇਆ ਵੀ ਹੋਵੇ ਤਾਂ ਅੰਮ੍ਰਿਤ ਸਮੇਂ ਉਤਰਾਕੇ ਹੀ ਅੰਮ੍ਰਤ ਛਕਾਇਆ ਜਾਂਦਾ ਹੈ। ਜਿਸ ਪੁਸਤਕ ਨੂੰ ਓਹ ਏਡਾ ਸਤਕਾਰਦੇ ਹਨ ਉਸਦੀ ਮਰਯਾਦਾ ਤੇ ਅਮਲ ਕੋਈ ਨਾ ਕਰਦੇ, ਜਦ ਕਿ ਓਹ ਮਰਯਾਦਾ ਪੁਰਸ਼ੋਤਮ ਸਨ ਜਿਨਾਂ ਯਗ ਹਵਨ ਦੀ ਮੁੜ ਸਥਾਪਨਾ ਕੀਤੀ।

ਇਸ ਪੁਸਤਕ ਵਿਚ ਜਨੇਊ ਪਹਿਨਣ ਦਾ ਵਿਧਾਨ ਹੈ...........ਅਰ ਪ੍ਰੇਮ–ਜਨੇਊ ਲੋਹੇ ਦਾ ਅਥਵਾ ਸੁਇਨੇ ਕਾ ਰੰਗ ਕਰਾਇ ਲਏ। ਅਰ ਜੋ ਸੋਇਨੇ ਦਾ ਪਾਏ, ਤਾਂ ਭੀ ਇਕ ਦੋ ਤਾਰਾਂ ਲੋਹੇ ਦੀਆਂ ਅਮੇਜ਼ ਕਰੇ, ਸੋਇਨੇ ਦਾ ਰੰਗ ਕਰਕੇ ਪਹਿਰਾਈਐ–''

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਨੇਊ ਆਦ ਦੇ ਬੰਧਨਾ ਵਿਚ ਸੰਤ-ਖਾਲਸੇ ਨੂੰ ਨਹੀਂ ਪਾਇਆ। ਓਹਨਾਂ ''ਪੰਜੇ-ਕੱਕੇ'' ਹੀ ਧਾਰਨ ਕਰਾਏ ਹਨ, ਹੋਰ ਜੜਾ ਜਨੇਊ ਨਾ ਲੋਹੇ ਦਾ ਤੇ ਨਾ ਹੀ ਸੋਨੇ ਦਾ ਕੋਈ ਨਹੀਂ ਪਹਿਨਾਇਆ। ਹਾਂ **''ਅਗਲ ਬੰਦੀ'** ਜਿਸ ਨੂੰ **''ਛੋਕਲੀਆ ਕੁੜਤੀ''** ਆਖਿਆ ਜਾਂਦਾ ਹੈ, ਓਸਦੇ ਪਹਿਨਣ ਦਾ ਰਵਾਜ ਅਜ ਤੀਕ ਵੀ ਹੈ। ਪਰ ਓਹ ਗੋਡਿਆਂ ਤੋਂ ਉਚੀ ਹੀ ਹੋਇਆ ਕਰਦੀ ਹੈ। ਨਾਮਧਾਰੀ ਘਰਾਣਿਆਂ ਵਿਚ ਏਹ ਚਲਣ ਹੈ ਕਿ–''ਗੋਡੇ ਤੋਂ ਤ੍ਰੈ ਉਂਗਲ ਕਛਹਿਰਾ ਉਚਾ ਰਹੇ। ਕਛਹਿਰੇ ਤੋਂ ਤ੍ਰੈ ਉਂਗਲ ਕੁੜਤਾ ਉਚਾ ਰਹੇ'' ਕਿਉਂਕਿ ਲਿਖਿਆ ਵ ਹੈ ਕਿ ''ਗੋਡੇ ਢਕਣੀ ਕਛ ਨ ਪਹਿਰੈ ਜੋ ਪਹਿਰੈ ਸੋ ਤਨਖਾਹੀਆ'' ਫਿਰ ਅੰਮ੍ਰਿਤ ਸਮੇਂ ਤਾਂ ਪਜਾਮਾ ਉਕਾ ਹੀ ਨਹੀਂ ਪਹਿਨਾਇਆ ਜਾਂਦਾ। ਵੈਸੇ ਨਾਮਧਾਰੀਆਂ ਵਿਚ ਪਜਾਮਾ ਪਹਿਨਣ ਦਾ ਰਿਵਾਜ ਹੈ ਜੋ ਸ੍ਰੀ ਸਤਿਗੁਰੂ ਜੀ ਆਪ ਹੀ ਪ੍ਰਚਲਤ ਕੀਤਾ ਹੈ। ਪਰ ਓਹ ਪਜਾਮਾ ਅਜਿਹਾ ਨਹੀਂ ਸੀ ਜਿਸ ਵਿਚ ਚੂੜੀ ਕੋਈ ਨਾਂ ਹੋਵੇ ਜਿਵੇਂ ਸਾਰੰਗੀ ਨੂੰ ਬੁਗ ਚਾੜਿਆ ਹੁੰਦਾ ਹੈ। ਓਹ ਚੁਸਤ ਪਜਾਮਾ ਚੂੜੀਦਾਰ ਹੈ ਜੋ ਬਹੁਤ ਸੁਸੰਸਕ੍ਰਿਤਕ ਪਹਿਰਾਵਾ ਹੈ। 'ਛਿਕਲੀਆ ਕੁੜਤੀ' ਦੀ ਨਕਲ ਹੀ ਅਜ ਦਾ ਬੂਸ਼ਰਟ ਕਿਹਾ ਜਾ ਸਕਦਾ ਹੈ।

ਏਥੇ ਮੇਰਾ ਏਹ ਵਿਸ਼ਾ ਨਹੀ ਇਹ ਤੇ ਕਿਉਂਕਿ 'ਇਤਹਾਸ ਪਤਰ' ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਉਂ ਨਾਲ 'ਪ੍ਰੇਮ ਸੁਮਾਰਗ' ਦਾ ਸਬੰਧਤ ਜਿਕਰ ਆਇਆ ਹੈ। ''ਭਾਈ ਇਹ ਸੰਚੀ ਭੇਜੀ ਹੈ ਤੁਮਾਰੇ ਪਾਸ ਤੁਸੀਂ ਪੜ੍ਹ ਕੇ, ਫੇਰ ਸਾਨੂੰ ਦੇ ਦੇਣੀ। ਨਾਨੂੰ ਸਿੰਘ ਏਸ ਸੰਚੀ ਨਾਲ ਪਿਆਰ ਰਖਦਾ ਹੈ, ਨਿਤ ਦੇਖਦਾ ਪੜ੍ਹਦਾ ਹੈ। ਜੇ ਤੁਸੀਂ ਰਖਣੀ ਹੋਵੇ ਤਾਂ ਉਤਾਰ ਕਰ ਲੈਣੀ। ਨਹੀਂ ਤਾਂ ਪੰਜਾਬ ਤੇ ਈ ਆਈ ਹੈ, ਤੁਸੀ ਓਥੇ ਜਾਕੇ ਦੇਖ ਲੈਣੀ, ਉਤਾਰ ਲੈਣੀ। ਇਹ ਸੰਚੀ ਪ੍ਰਹਲਾਦ ਸਰ ਬਾਲੀ ਪੋਥੀ ਤੇ ਨਿਕਲੀ ਹੈ। ''ਨਾਲੇ ਪ੍ਰੇਮ-ਸੁਮਾਰਗ ਮੈਂ ਦੇਖ ਲੈਣਾਂ।'' ਇਤਹਾਸਕ ਪਤ੍ਰ ਪੰਨਾ ੬੬।

ਜਿਸ ਸੰਚੀ ਦਾ ਸ੍ਰੀ ਸਤਿਗੁਰੂ ਜੀ ਨੇ ਜਿਕਰ ਕੀਤਾ ਹੈ ਓਹ ਪ੍ਰਹਲਾਦ ਸਰ ਵਿਚੋਂ ਨਿਕਲੀ 'ਵਡ ਤੀਰਥ' ਦੀ ਸਾਖੀ ਕਰਕੇ ਪ੍ਰਸਿਧ ਹੈ। ਜਿਸ ਵਿਚ ਬਹੁਤ ਕੁਝ ਭਵਿਖਤ ਸਬੰਧੀ ਫੁਰਮਾਨ ਹੈ, ਓਹ ਹੈ।

'ਪ੍ਰੇਮ-ਸੁਮਾਰਗ' ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਨਿਜੀ ਲਾਇਬ੍ਰੇਰੀ ਵਿਚ ਹੈ, ਉਸ ਵਿਚ ਨਾ ਤੇ ਮਾਸ ਖਾਣ ਦੀ ਆਗਿਆ ਹੈ (ਜੇ ਹੁੰਦੀ ਤਦ ਸ੍ਰੀ ਸਤਿਗੁਰੂ ਜੀ ਇਸ ਪੋਥੀ ਦੇ

ਪੜ੍ਹਨ ਦਾ ਕਦੀ ਵੀ ਹੁਕਮ ਨ ਕਰਦੇ ਕਿਉਂਕਿ ਮਾਸ ਮਲੇਛਾਂ ਦੀ ਖੁਰਾਕ ਹੈ ਸੰਤ ਖਾਲਸੇ ਦੀ ਨਹੀਂ) ਨਾਹੀ ਉਸ ਪ੍ਰੇਮ ਸੁਮਾਰਗ ਵਿਚ ਕਿਤੇ ਜਨੇਊ ਪਹਿਨਣ ਦੀ ਆਗਿਆ ਹੈ। ਇਹ 'ਪ੍ਰੇਮ-ਸੁਮਾਰਗ' ਪਤਾ ਨਹੀਂ ਕਿਹੜਾ ਹੈ ਇਸ ਨੂੰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚਿਮਟੇ ਨਾਲ ਵੀ ਫੜਨ ਦਾ ਹੁਕਮ ਨਹੀਂ ਦੇ ਸਕਦੇ। ਓਹ'ਪ੍ਰੇਮ ਸੁਮਾਰਗ' ਨਾਮ ਜਪਣ, ਰਹਿਤ ਰਖਣ,ਦੀ ਆਗਿਆ ਕਰਦਾ ਹੈ ਤੇ 'ਜਹਾ ਕਹਾ ਪ੍ਰਸ਼ਾਦ' ਛਕਣ ਤੋਂ ਵਰਜਿਤ ਕਰਦਾ ਹੈ, ਜੋ ਸਤਿਗੁਰੂ ਜੀਦਾ ਮੁਢਲਾ ਨਿਯਮ ਹੈ। ਮੈ ਇਸ ਤੇ ਹੋਰ ਵਿਚਾਰ ਤੇ ਕਦੀ ਫਿਰ ਕਰਾਂਗਾ ਅਜ ਤੇ ਇਹ ਦਸਣਾ ਹੈ ਕਿ—ਅੰਮ੍ਰਿਤ ਦੀ ਖੰਡੇ ਦੀ ਪ੍ਰਚੱਲਤ ਮਰਯਾਦਾ ਦੇ ਬਾਨੀ ਅਤੇ 'ਜਪ' 'ਜਾਪ' ਸਵੱਯੀਏ ਸ੍ਵਾਗ ਸੁਧ, ਆਦਿ ਦਸ। ''ਚੌਪਈ'' ਤੇ ਅਨੰਦ ਪੜਨ ਦਾ ਅਦੇਸ਼ ਕਰਨ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਨਹੀਂ ਤੇ ਆਪ ਜੀ ਤੋਂ ਪਹਿਲਾ ਜਿੰਨੇ ਵੀ ਇਤਿਹਾਸਕ ਪੁਸਤਕ ਰਚੇ ਗਏ ਓਨਾ ਦੇ ਬਿਆਨ ਪ੍ਰਸਪਰ ਵਿਰੋਧੀ ਹਨ। ਪਰ ਹਾਂ ਇਕ ਗਲ ਨਾਲ ਓਹ ਸਾਰੇ ਸਹਿਮਤ ਹਨ ਕਿ ਅੰਮ੍ਰਿਤ ਵਿਚ 'ਖੰਡਾ' ਨਹੀਂ ਸਗੋਂ 'ਕਰਦ' ਹੀ ਫੇਰੀ ਸੀ।

ਸਭ ਤੋਂ ਪਿਛੋਂ ਦਾ ਇਤਿਹਾਸ ਪੁਸਤਕ 'ਗੁਰ-ਬਿਲਾਸ ਸ੍ਰੀ ਬਾਵਾ ਸੁਮੇਰ ਸਿੰਘ ਰਚਿਤ ਹੈ। ਜਿਸ ਦਾ ਰਚਨਾ ਕਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਪ੍ਰਦੇਸ ਗਵਨ ਤੋਂ ੧੦ ਸਾਲ ਬਾਦ ਭਾਵ ੧੯੮੨ ਈ: ਸੰਨ ਦਾ ਹੈ ਬਾਵਾ ਸੁਮੇਰ ਸਿੰਘ ਜੀ ਤਖਤ ਪਟਨਾਂ ਸਾਹਿਬ ਦੇ ਮਹੰਤ ਸਨ। ਆਪ ਪੂਰਨ ਵਿਦਵਾਨ ਤੇ ਖੋਜੀ ਸਨ। ਜਿੰਨਾ ਨੂੰ ਪ੍ਰਸਿਧ ਹਿੰਦੀ ਸਾਹਿਤ-ਕਾਰ ਤੇ ਕਵੀ ਸ੍ਰੀ ਪੰਡਤ ਅਯੁਧਿਆ ਸਿੰਘ ਉਪਾਧਿਆ ਆਪਣਾ ਵਿਦਿਆ ਗੁਰੂ ਮੰਨਦਾ ਹੈ। ਓਨਾ ਖਾਲਸਾ ਪੰਥ ਦੀ ਸਾਜਨਾ ਦਾ ਜਿਕਰ ਕਰਦਿਆਂ ਲਿਖਿਆ ਹੈ ਕਿ:—

''।੩।'' ਮਧਜ ਭਾਗ ਕਰ ਜੂਰੋ ਕੇਸਨ ਖੜਗ ਜਨੇਊ ਪਾਯੋ। ਕਮਰ ਕਸਾਇ ਜੁਗ੍ਰਇਦਊ ਕਰ ਵਾਹਿਗੁਰੂ ਉਚਰਾਯੋ। ਪਠਾਯੋ ਪਾਠ ਜਪਜੀ ਰ ਜਾਪਜੀ ਆਪ ਸਵੈਯਾ ਅਨੰਦ। ਅੰਮ੍ਰਿਤ ਕੀਓ ਤਿਆਰ ਅੰਮਿਤ ਬਰ ਅਜਰ ਜਰਨ ਜਗ ਮਾਨਦ।

(ਗੁਰਬਿਲਾਸ, ਬਾਵਾ ਸੁਮੇਰ ਸਿੰਘ ਜੀ ੧੫੮)

ਬਾਵਾ ਜੀ 'ਚੌਪੜੀ' ਛਡ ਹੀ ਗਏ ਹਨ ਚਾਰ ਬਾਣੀਆਂ ਓਹ ਵੀ ਪਤਾ ਨਹੀ ਕਿ ਅਨੰਦ ਸਾਰਾ ਕਿ ਪੰਜ ਪੌੜੀਆਂ ਆਦਿ ਕੁਝ ਨਹੀਂ ਦਸਿਆ ''ਇਤਿਹਾਸ ਪਤ੍ਰ'' ਦਾ ਲੇਖਕ ਲਿਖਦਾ ਹੈ ਕਿ— ''ਇਸ ਸਾਰੀ ਤਵਾਰੀਖੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਚੜ੍ਹਦੇ ਸੰਮਤ ਸਤਾਰਾਂ ਸੈ ਪਚ-ਵੰਜਾਹ ਦੀ ਵੈਸਾਖੀ ਦੇ ਮੌਕੇ, ਦਸਮ ਪਾਤਸ਼ਾਹ ਨੇ ਜੋ 'ਖੰਡੇ' ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਪਿਆਰਿਆਂ ਨੂੰ ਛਕਾਇਆ, ਉਹ ਸਰਬ ਲੋਹ ਦੇ ਬਾਟੇ ਵਿਚ ਸਤਿਲੁਜ ਨਦੀ ਦਾ ਸੁਚਾ ਜਲ ਤੇ ਪਤਾਸੇ ਪਾਕੇ, ਖੰਡੇ ਦੀ ਧਾਰ ਨਾਲ **'ਜਪੁ' 'ਅਨੰਦ' ਤੇ 'ਚੌਪਈ'** (ਹਮਰੀ ਕਰੋ ਹਾਥ ਦੇ ਰਛਾ। ਤੋਂ ਦੁਸ਼ਟੁ ਦੇਖ ਤੇ ਲੇਹੁ ਬਚਾਈ ਤੱਕ) ਗੁਰ ਬਾਣੀ ਰੂਪ ਮਹਾਂ ਮੰਤ੍ਰ ਪੜ੍ਹਕੇ, ਅਰੁ ਉਸ ਪੁਰ ਆਪ੍ਰਣੀ ਜਾਦੂ—ਅਸਰ ਅੰਮ੍ਰਿਤ—ਦ੍ਰਿਸ਼ਟੀ ਦਾ ਇਕ-ਟੱਕ ਧਿਆਨ ਧਰਕੇ ਤਿਆਰ ਕੀਤਾ ਸੀ''

(ਇਤਿਹਾਸਕ—ਪਤ੍ਰ ਪੰ; ੨੪ ਪੈਰ੍ਹਾ ੨)

ਵਿਦਵਾਨ ਲੇਖਕ ਜੀ ਨੇ ਆਪ ਹੀ ਈਮਾਨ ਦਾਰੀ ਨਾਲ ਮੰਨ ਲਿਆ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਤਿੰਨਾਂ ਬਾਣੀਆਂ 'ਜਪੁ' ਅਨੰਦ' ਚੌਪਈ ਦਾ ਪਾਠ ਕਰਕੇ ਹੀ ਅੰਮ੍ਰਿਤ ਤਿਆਰ ਕੀਤਾ ਸੀ। ਬਾਕੀ ਜੋ ਅੱਜ ਦੀ ਮਰਯਾਦਾ ਹੈ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਚੱਲਤ ਕੀਤੀ ਹੋਈ ਨਹੀਂ। ਸਗੋਂ ਇਸੇ ਪੈਰੇ ਵਿਚੋਂ ਸਾਬਤ ਹੋ ਜਾਂਦਾ ਹੈ ਕਿ—''ਲੇਕਿਨ ਬਾਦਾਂ—ਸਿੰਘਾਂ ਨੇ, ਸਤਿਗੁਰਾਂ ਦੀ ਆਗਿਆ ਪਾਕੇ ਯਾ ਹਜੂਰ ਦੇ ਅੰਤਰ ਧਿਆਨ ਹੋ ਜਾਣ ਤੋਂ ਮਗਰੋਂ 'ਗੁਰਮਤਾ' ਸੋਧਕੇ, 'ਜਾਪੁ' ਤੇ 'ਸ੍ਵੈਯੇ ੧੦ (ਸਰਾ-ਵਗ ਸੁਧ ਸਮੂਹ ਸਿਧਾਨ ਕੇ) ਭੀ ਅੰਮ੍ਰਿਤ ਤਿਆਰ ਕਰਨ ਵਾਲੇ 'ਮਹਾਂ ਮੰਤ੍ਰ' ਵਿਚ ਸ਼ਾਮਿਲ ਕਰ ਲਏ ਸਨ। ਚੂੰ ਕਿ 'ਅੰਮ੍ਰਿਤ' ਪੰਜਾਂ ਸਿੰਘਾਂ

ਰਲਕੇ ਤਿਆਰ ਕਰਨਾਂ ਹੁੰਦਾ ਏ, ਇਸ ਲਈ ਪੰਜਾਂ ਦੀ ਰਸਨਾਂ ਤੋਂ ਪੰਜ ਬਾਣੀਆਂ ਦਾ ਪਾਠ ਕਰਨਾ ਭੀ ਲਾਜ਼ਿਮੀ ਠਹਿਰਿਆ।'' (ਇਤਿਹਾਸ-ਪਤ੍ਰਕਾ ਪੰਨਾ ੨੪ ਪੈਰਾ ੨)

ਇਸ ਲੇਖ ਦੇ ਲਿਖਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿਖ ਹਿਸਟ੍ਰੀ ਰੀਸਰਚ ਸਕਾਲਰ, ਤੇ 'ਸਿਖ ਰੈਂਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ' ਦੇ ਲਾਇਬ੍ਰੇਰੀਅਨ ਸਾਹਿਬ ਹਨ ਤੇ ਇਸ 'ਪਤ੍ਰ' ਦੇ ਸੰਪਾਦਕ ਪ੍ਰਸਿਧ ਸਿਖ ਵਿਦਵਾਨ ਸ੍ਰੀ ਸ. ਸ. ਸਰਮੁਖ ਸਿੰਘ ਜੀ 'ਅਮੋਲ' ਹਨ ਹਨ। ਸਿਖ ਹਿਸਟ੍ਰੀ ਸੁਸਾਇਟੀ ਅੰਮ੍ਰਿਤਸਰ' ਦੇ ਸਕੱਤ੍ਰ ਡਾਕਟਰ ਗੰਡਾ ਸਿੰਘ ਜੀ ਕੇਵਲ ਹਨ। ਜਿੰਨਾਂ ਨੇ ਇਸ ਗਲ ਨੂੰ ਈਮਾਨ ਦਾਰੀ ਨਾਲ ਸ੍ਵੀਕਾਰ ਕਰ ਲਿਆ ਹੈ ਕਿ-ਅੰਮ੍ਰਿਤ ਦੀ ਅਜੋਕੀ ਮਰਯਾਦਾ ਓਹ ਨਹੀਂ ਜੋ ਸ੍ਰੀ ਦਸਮੇਸ਼ ਪਾਤਸ਼ਾਹ ਨੇ ਕਾਇਮ ਕੀਤੀ ਸੀ ਸਗੋਂ ਓਹ ਹੈ ਜੋ ਸਿੰਘਾਂ ਨੇ 'ਹਜ਼ੂਰ ਦੇ ਅੰਤ੍ਰ ਧਿਆਨ ਹੋ ਜਾਣ ਮਗਰੋਂ' ਗੁਰਮਤਾ ਸੋਧਕੇ ਆਪ ਹੀ ਪ੍ਰਚੱਲਤ ਕਰ ਲਈ ਹੈ।

ਬਾਣੀ ਦਾ ਪਾਠ 'ਮੰਤ੍ਰ' ਰੂਪ ਹੈ। 'ਮੰਤ੍ਰ' ਵਿਚ ਵਾਧ ਘਾਟ ਕਰਨਾ 'ਮੰਤ੍ਰ' ਦੀ ਸ਼ਕਤ੍ਰੀ ਦਾ ਹਰਾਸ ਕਰਨਾ ਹੈ। ਫਿਰ ਦੁਨੀਆਂ ਦੇ ਅਜ ਤੀਕ ਜਿੰਨੇ ਵੀ ਮਜ਼੍ਹਬ ਹੋਏ ਹਨ ਓਨਾਂ ਦੇ ਬਾਨੀ ਦੇ ਪ੍ਰਚੱਲਤ ਮੁਢਲੇ ਨਿਯਮ ਵਿਚ ਅਦਲਾ ਬਦਲੀ ਕਰਨ ਦੀ ਕਿਸੇ ਨੂੰ ਵੀ ਹਿੰਮਤ ਨਹੀਂ ਹੋਈ। ਫਿਰ ਕਿਤੇ ਵੀ ਸਾਹਿਬਾਂ ਇਹ ਆਦੇਸ਼ ਨਹੀਂ ਕੀਤਾ ਕਿ ਅੰਮ੍ਰਿਤ ਪੰਜ ਹੀ ਤਿਆਰ ਕਰਨ। ਕੋਈ ਵੀ ਇਤਿਹਾਸ ਸਹੀ ਤੌਰ ਤੇ ਇਹ ਨਹੀਂ ਦਸ ਰਿਹਾ ਕਿ ਇਹ-ਇਹ ਬਾਣੀ ਪੜ੍ਹਨੀ ਜਰੂਰੀ ਹੈ ਜੇ ਗੁਰਮਤਾ ਸੋਧਕੇ ਮੁਢਲੀ ਮਰਯਾਦਾ ਵਿਚ ਪ੍ਰੀਵਰਤਨ ਹੋ ਸਕਦਾ ਹੈ ਤਦ ਹੋਰਨਾਂ ਵਿਚ ਵੀ ਹੋ ਸਕਦਾ ਹੈ। ਕਲ ਨੂੰ ਜੇ ਕੁਝ ਪੱਛਮੀ ਫੈਸ਼ਨ ਦੇ ਅਸਰ ਹੇਠ ਆਏ ਸਿਖ ਨੌਜੁਆਨ ਇਹ 'ਗੁਰਮਤਾ' ਕਰ ਲੈਣ ਕਿ ਕੇਸਾਂ ਤੋਂ ਬਿਨਾਂ ਵੀ ਸਿਖ ਰਹਿਆ ਜਾ ਸਕਦਾ ਹੈ ਤਦ ਓਹ ਹੱਕ ਬਜਾਨਬ ਹਨ। ਜੇ ਇਕ ਮਰਯਾਦਾ, ਮਰਯਾਦਾ ਵੀ ਓਹ ਜੋ ਸੱਭ ਤੋਂ ਉਚੇਰੀ ਹੈ। ਸੱਭ ਤੋਂ ਪਹਿਲੀ ਤੇ ਸਰਵੋਪਰੀ ਹੈ। ਗੁਰਮਤੇ ਨਾਲ ਤਬਦੀਲ ਹੋ ਸਕਦੀ ਹੈ ਤਾਂ ਹੋਰ ਕੀ ਕੁਝ ਨਹੀਂ ਹੋ ਸਕਦਾ?

ਅਸਲ ਵਿੱਚ ਕੋਈ ਗੁਰਮਤਾ ਨਹੀਂ ਹੋਇਆ ਨਾ ਹੀ ਕਿਸੇ ਕੀਤਾ ਹੈ ਨਾ ਹੀ ਅਜੇਹਾ ਕਿਤੇ ਕਿਸੇ ਪੁਸਤਕ ਵਿੱਚ ਨਿਰਦੇਸ਼ ਹੀ ਆਇਆ ਹੈ। ਇਹ ਜੋ ਮਰਯਾਦਾ ਹੈ, ਖੰਡੇ ਦੇ ਅੰਮ੍ਰਿਤ ਤਿਆਰ ਕਰਨ ਦੀ ਤੇ ਪੰਜ ਸਿੰਘਾਂ ਦੇ ਪੰਜ ਬਾਣੀਆਂ ਪੜ੍ਹਨ ਦੀ ਪਰਚਲਤ ਹੈ ਇਸਦਾ ਚਲਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਜ ਸਰੂਪ ਬਾਰਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕੀਤਾ ਹੈ। ਆਪ ਜੀ ਦਾ ਹੁਕਮ ਹੈ:-

''ਪੰਜ ਸਿੰਘ ਸਕੇਸ਼ ਸ਼ਨਾਨ ਕਰਕੇ ਸੁਚ ਪਵਿਤ੍ਰ ਬਸਤ੍ਰ ਧਾਰਨ ਕਰਕੇ ਕਛਹਿਰੇ ਨਾਲ ਬੀਰਾਸਨ ਬੈਠਕੇ ਅੰਮ੍ਰਿਤ ਤਿਆਰ ਕਰਨ, ੧ ਜਪੁ ੨ ਜਾਪੁ ੩ ਸ੍ਵੈਯੇ (ਸਰਾਵਰਗ ਸੁਧ ਸਮੂਹ ਆਦ ੧੦) ੪ ਚੌਪਈ ੫ ਅਨੰਦ (ਪੰਜ ਪੌੜੀਆਂ ਮੁਢਲੀਆਂ ਤੇ ਇਕ ਅੰਤਲੀ। ਪੜਕੇ ਗਾਤ੍ਰੇ ਸ਼ਸਤ੍ਰ ਸਜਾਕੇ ਪੰਜ ਕਕੇ ਧਾਰਨ ਕਰਾਕੇ ਅੰਮ੍ਰਿਤ ਛਕਾਣ ਦੀ ਮਰਯਾਦਾ ਹੈ। ਜੋ ਅਜ ਤੀਕ ਪ੍ਰਚਲਤ ਹੈ''

ਇਸ ਲਈ ਇਹ ਗਲ ਨਿਰ ਵਿਵਾਦ ਮੰਨੀ ਜਾ ਸਕਦੀ ਹੈ ਕਿ ਖੰਡੇ ਦਾ ਅੰਮ੍ਰਿਤ ਪੰਜ ਸਿੰਘ ਪੰਜ ਬਾਣੀਆਂ ਪੜ੍ਹਕੇ ਤਿਆਰ ਕਰਨ ਦੀ ਮਰਯਾਦਾ ਸੰ: ੧੯੫੭ ਈ ਸੰਮਤ ੧੪੧੪ ਦੇਸਮੇ ੧ ਵੈਸਾਖ ਨੂੰ ਵੈਸਾਖੀ ਦੇ ਪਵਿਤ੍ਰ ਪੁਰਬ ਤੇ ਤਿਆਰ ਕਰਕੇ ਸਿੰਘਾਂ ਨੂੰ ਛਕਾਇਆ ਤੇ ਮਰਯਾਦਾ ਪ੍ਰਚਲਤ ਕੀਤੀ। ਬਾਕੀ ਹੋਰ ਸਿਖ ਦੁਨੀਆਂ ਵਿਚ ਅੰਮ੍ਰਿਤ ਦੀ ਮਰਯਾਦਾ ਅਜ ਵੀ ਇਕ ਨਹੀਂ ਸਗੋਂ ਵਖੋ ਵਖਰੀ ਹੀ ਹੈ ਕੋਈ ੩੨ ਸ੍ਵੈਯੇ ਤੇ ਚੌਪਈ ਪ੍ਰਣਵੋ ਆਦ ਏਕੰਕਾਰਾ ਪੜਦੇ ਹਨ ਕੋਈ ਹਮਰੀ ਕਰੋਂ ਹਾਥ ਦੈ ਰਛਾ ਤੇ ਅਨੰਦ ਦੀਆਂ ੪੦ ਪੌੜੀਆਂ ਪੜਦੇ ਹਨ। ਗਲ ਕੀ ਸਿਵਾਇ ਨਾਮਧਾਰੀਆਂ ਤੋਂ ਬਾਕੀ ਇਕ ਮਰਯਾਦਾ ਕਿਤੇ ਵੀ ਪ੍ਰਚਲਤ ਨਹੀਂ? ਜੇ ਕਿਤੇ ਹੈ ਓਹ ਓਹੀ ਹੈ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਾਇਮ ਕੀਤੀ ਹੈ। ਇਸ ਲਈ ਅਜ ਦੇ ਦਿਨ ਔਣ ਵਾਲੇ ਬਾਰਵੇਂ ਪਾਤਸ਼ਾਹ ਖੰਡੇ ਦੇ ਅੰਮ੍ਰਿਤ ਦੇ ਦਾਤੇ ਸਿੰਘਣੀਆਂ ਨੂੰ ਬਰਾਬਰ ਦਾ

ਅਧਿਕਾਰ ਦੇਣ ਵਾਲੇ ਤੇ ਅੰਮ੍ਰਿਤ ਛਕਾਣ ਵਾਲੇ ਅਤੇ ਅਨੰਦ ਦੀ ਪਵਿਤ੍ਰ ਮਰਯਾਦਾ ਪ੍ਰਚਲਤ ਕਰਨ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਿਹਾੜੇ ਦੀ ਸਾਰੇ ਸਿਖ ਸਮਾਜ ਨੂੰ ਬਹੁਤ-ਬਹੁਤ ਵਧਾਈ ਦੇਂਦੇ ਹਾਂ।

–:–੦–:–

ਸ੍ਰ. ਅਵਤਾਰ ਸਿੰਘ ਜੀ 'ਆਜ਼ਾਦ'

ਕੂਕੇ ਸ਼ਹੀਦਾਂ ਨੂੰ ਪਰਨਾਮ

(੧੭-੧੮ ਜਨਵਰੀ ਨੂੰ ਮਲੇਰ ਕੋਟਲਾ ਸ਼ਹੀਦੀ ਦਿਵਸ ਤੇ ਪੜ੍ਹੀ ਤੇ ਸਤਿਕਾਰੀ ਗਈ।)

ਪਰਨਾਮ ਸ਼ਹੀਦਾਂ-ਸਾਦਕਾਂ ਨੂੰ, ਹਥ ਜੋੜ ਅਸੰਖਾਂ ਵਾਰ ਕਰਾਂ,
ਇਸ ਖ਼ੂਨ-ਸ਼ਹੀਦੀ ਨਾਲ ਸਿੰਜੇ ਰੱਕੜ ਦਾ ਝੁਕ ਸਤਿਕਾਰ ਕਰਾਂ।
ਇਸ ਪਾਵਨ ਧਰਤੀ ਦੇ ਅਣੂਓਂ ਹਾਂ ਪੂਜ ਹੋ ਪਰਮ ਪੁਨੀਤ ਤੁਸੀਂ;
ਸੁਣਿਆ ਹੈ ਮਹਾਂ-ਸ਼ਹੀਦਾਂ ਦਾ ਅਤਿਪਾਵਨ ਮਧੁਰ ਸੰਗੀਤ ਤੁਸੀਂ;
ਉਗਲਛਦੀਆਂ-ਅੱਗ ਤੋਪਾਂ ਦੇ ਸਵ੍ਹੇਂ ਮੈਂ ਅਜ ਵੀ ਜਿਵੇਂ ਦੀਦਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ ਹਥ ਜੋੜ ਅਸੰਖਾਂ ਵਾਰ ਕਰਾਂ।
ਤੁਸਾਂ ਪੀਕੇ ਉਸ ਮੈ-ਖ਼ਾਨੇ 'ਚੋਂ ਮਸਤੀਆਂ ਅਗੰਮੀ ਲੈ ਲਈਆਂ;
ਮਸਤਾਨੇ ਜਦੋਂ ਪਿਆ ਦਿੱਤੀ, ਹੋਸ਼ਾਂ ਫਿਰ ਉਕੀਆਂ ਨਾ ਰਹੀਆਂ;
ਇਸ ਰੰਗ ਦੀਆਂ ਰੰਗਣਾਂ ਬਖਸ਼ ਦਿਓ, ਇਸ ਜਿੰਦੜੀ ਨੂੰ ਸਰਸ਼ਾਰ ਕਰਾਂ।
ਪਰਨਾਮ ਸ਼ਹੀਦਾਂ ਸਾਦਕਾਂ ਨੂੰ ਹਥ ਜੋੜ ਅਸੰਖਾਂ ਵਾਰ ਕਰਾਂ।
ਰੂਹਾਂ ਵਿਚ ਅਜਬ ਹੁਲਾਰਾ ਸੀ, ਤਨ ਤੋਪਾਂ ਜਦੋਂ ਉਡਾਏ ਸਨ;
ਜੁੜੀਆਂ ਸਨ ਚੀਨੀਵਾਲੇ ਵਿਚ, ਕੁਈ ਸੁਆਦ ਅਗੰਮੀ ਆਏ ਸਨ;
ਪਰਵਾਨ-ਪੁਰਖ ਦੇ ਆਸ਼ਕਾਂ ਨੂੰ, ਮੈਂ ਏਸੇ ਲਈ ਪਿਆਰ ਕਰਾਂ।
ਪਰਨਾਮ-ਸ਼ਹੀਦਾਂ ਸਾਦਕਾਂ ਨੂੰ, ਹਥ ਜੋੜ ਅਸੰਖਾਂ ਵਾਰ ਕਰਾਂ।
ਜਦ ਜੁੜਦੇ ਹਥ ਅੰਗ੍ਰੇਜ਼ ਅਗੇ, ਤਦ ਸੀਨੇ ਤਾਣ ਤੁਸੀਂ ਨਿਤਰੇ;
ਇਸ ਸਾਮਰਾਜ ਨੂੰ ਰੋੜ੍ਹਨ ਲਈ, ਬਣਕੇ ਤੂਫਾਨ ਤੁਸੀਂ ਨਿਤਰੇ,
ਇਸ ਖ਼ੂਨ-ਸ਼ਹੀਦੀ ਨਾਲ ਸਿੰਜੇ, ਰੱਕੜ ਦਾ ਝੁਕ ਸਤਿਕਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ, ਹਥ ਜੋੜ ਅਸੰਖਾਂ ਵਾਰ ਕਰਾਂ।
ਨਿਉਂ ਰਹੀ ਕਵੀ ਦੀ ਭਾਵਕਤਾ, ਸ਼ਰਧਾ ਵਿਚ ਗੁੱਧਾ ਮਨ ਨਿਵਿਆਂ;
ਮਥੇ ਇਹ ਧੂੜੀ ਲਾਵਣ ਲਈ, ਇਹ ਮੇਰਾ ਸਾਰਾ ਤਨ ਨਿਵਿਆਂ;
ਸਿੰਘ-ਤਵ ਦੇ ਇਹਨਾਂ ਆਦਰਸ਼ਾਂ ਨੂੰ, ਅਸ਼ਟਾਂਗ ਮੈਂ ਨਮਸਕਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ ਹਥ ਜੋੜ ਅਸੰਖਾਂ ਵਾਰ ਕਰਾਂ।
ਸਨ ਸੀਸ ਤਲੀ ਰੱਖੇ ਜਿਹਨਾਂ, ਉਹ ਮੌਤ ਤੋਂ ਕਦ ਫਿਰ ਡਰਦੇ ਸਨ;
ਉਹ ਤਾਂ ਵੰਗਾਰਕੇ ਕਾਤਲਾਂ ਨੂੰ, ਹਸ ਹਸ ਮਜ਼ਾਖਾਂ ਕਰਦੇ ਸਨ;
ਉਹਨਾਂ ਅਫ਼ਾਠ ਮਨਸੂਰਾਂ ਨੂੰ, ਮੈਂ ਸਿਦਕੀ ਸਮਝ ਜੁਹਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ ਹਥ ਜੋੜ ਅਸੰਖਾਂ ਵਾਰ ਕਰਾਂ।

ਜਦ ਤੀਕਣ ਸੂਰਜ, ਚੰਨ, ਤਾਰੇ, ਇਉਂ ਨਭ-ਮੰਡਲ ਵਿਚ ਚਮਕਣਗੇ;
ਤਦ ਤੀਕ ਸ਼ਹੀਦ ਇਸ ਰਕੜ ਦੇ, ਨੂਰਾਨੀਆਂ ਸੁਟਦੇ ਦਮਕਣਗੇ;
ਮੈਂ ਨਾਮ ਲੈ ਉਹਨਾਂ ਧਰਮੀਆਂ ਦਾ, ਹਿਰਦੇ ਨੂੰ ਠੰਢਾ ਠਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ, ਹਥ ਜੋੜ ਅਸੰਖਾਂ ਵਾਰ ਕਰਾਂ।
ਉਸ ਸਚੇ ਦੀ ਦਰਗਾਹ ਅੰਦਰ, ਪਰਵਾਨ ਹੋਏ ਪਰਵਾਨੇ ਉਹ;
ਸਚਖੰਡ ਗਏ ਮੁਕਤੀ ਲੈਕੇ, ਗੁਰ-ਪ੍ਰੀਤਮ ਦੇ ਮਸਤਾਨੇ ਉਹ;
ਇਹਨਾਂ ਹਜ਼ਾਰਾਂ ਚਿਹਰਿਆਂ 'ਚੋਂ, ਮੈਂ ਉਹਨਾਂ ਦੇ ਦੀਦਾਰ ਕਰਾਂ।
ਪਰਨਾਮ ਸ਼ਹੀਦਾਂ-ਸਾਦਕਾਂ ਨੂੰ, ਹਥ ਜੋੜ ਅਸੰਖਾਂ ਵਾਰ ਕਰਾਂ।

--o--

ਸੰਤ ਤਰਨ ਸਿੰਘ ਜੀ 'ਵਹਿਮੀ'

ਸਤਿਗੁਰ ਦਾ ਦਰਬਾਰ

ਬਾਣੀ ਭਜਨ ਪ੍ਰਵਾਹ ਉਮਾਹ ਰੱਬੀ, ਨਿਤਨੇਮ ਪ੍ਰੇਮ ਸਤਸੰਗ ਹੋਇਆ।
ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਜੀ, ਆਪ ਥਾਪ ਕੀਤਾ, ਰਾਗ ਰੰਗ ਹੋਇਆ।
ਭੋਗ ਰਾਮ ਵਿਛੋੜੇ ਦੇ ਭੋਗ ਲਈ ਪਏ, ਕਈਆਂ ਜੋੜਿਆਂ ਦਾ ਜੋਗ ਢੰਗ ਹੋਇਆ।
ਆ ਆ ਗੁਰਾਂ ਹਜ਼ੂਰ ਕਸੂਰ ਬੋਲਣ, ਸ਼ੁਰੂ ਤੋਲ ਸੱਚਾ ਬਿਨਾ ਸੰਗ ਹੋਇਆ।
ਤੋਬਾ ਕਿਸੇ ਤੋੜੀ ਭਾਵੇਂ ਸੌ ਵਾਰੀ, ਤਾਂ ਭੀ ਸ਼ਹੁ ਦਾ ਹੀਆ ਨ ਤੰਗ ਹੋਇਆ।
'ਅਗੋਂ ਕਰੀਂ ਨ' ਆਖਕੇ ਮਾਫ ਕਰਦੇ, ਪਿਛਾ ਸਾਫ, ਜੋ ਕੁਛ ਮੰਦ ਚੰਗ ਹੋਇਆ।
੧ਮਾਈ ਚੰਬੇ ਦੀ ਆਈ ਸੁਨਾਈ ਬਿਰਥਾ, ਬਿਰਥਾ ਜਨਮ ਗਿਆ, ਧਰਮ ਭੰਗ ਹੋਇਆ।
ਮਾਰੀ ਧੀ ਮੈਂ, ਕੀ ਜਵਾਬ ਦੇਵਾਂ? ਕੰਬੇ ਜੀਅ ਜਦੋਂ ਲੇਖਾ ਮੰਗ ਹੋਇਆ।
ਗੁਰਾਂ ਕਿਹਾ ਸਫਾਈ, ਰਿਹਾਈ, ਬਖਸ਼ਸ਼, ਲੋਹਾ ਲਿਸ਼ਕਦਾ ਜਿਉਂ ਬਿਨਾ ਜ਼ੰਗ ਹੋਇਆ।
ਰਵ੍ਹੇ ਦੋਸ਼ ਨ ਸੰਗਤ 'ਚ ਸੋਧ ਅੱਗਾ, ਲੱਜਾ ਲਾਹ ਨੰਗਾ ਧਰਮ ਅੰਗ ਹੋਇਆ।
ਸਹੀ ਢੰਗ ਸੱਚਾ, ਅਦਲ ਤੁਰਤ ਹੁੰਦਾ, ੨ਗੋਰਾ ਜ਼ਿਲੇ ਦਾ ਵੇਖਕੇ ਦੰਗ ਹੋਇਆ।
ਕਹਿੰਦਾ– ਕੀ ਸ਼ਕਤ? ਸਖਤੀ ਬਿਨਾਂ ਕਤਲ ਕਾਤਲ, ਮੰਨਣ ਗੁਰੋ, ਨਹੀਂ ਜਰਾ ਵਿਅੰਗ ਹੋਯਾ।
ਕਿਹਾ ਗੁਰੂ ਜੀ ''ਤੁਸਾਂ ਦੇ ਅਦਲ ਢੰਗੋਂ, ਸ਼ੁਰੂ ਜੱਗ ਬਦਲਾ ਅਤੇ ਜੰਗ ਹੋਇਆ।
ਜਿਹੜਾ ਸੱਚ ਬੋਲੇ, ਤੁਸੀਂ ਸਜ਼ਾ ਦੇਵੋ, ਸੁਖ ਸਜਾ ਪਾਏ ਨ ਫਾਹੇ ਟੰਗ ਹੋਇਆ।
ਸੱਚ ਬੋਲਦਾ ਜੋ ਹੁੰਦੀ ਬਖਸ਼ ਏਥੇ, ਅਦਲ ਸਦਾ ਅਨੁਸਾਰ ਹੀ ਮੰਗ ਹੋਇਆ।
ਭਾਗ ਭਾਵਨੀ ਦਾ ਆਇਆਂ ਮਿਲੇ ਏਥੇ, ਨੰਗੋਂ ਸ਼ਾਹ ਸੋਇਆ ਸ਼ਾਹੋਂ ਨੰਗ ਹੋਇਆ।
ਝਾਕੇ ਲੱਜ ਲਾਹ ਬੋਲਣਾ ਸੱਚ ਅਉਖਾ, ਪਰ ਹੈ ਬੋਲਦਾ, ਕੋਈ ਨਿਹੰਗ ਹੋਇਆ।
ਕਾਫੀ ਕਠਨ ਇਨਸਾਫੀ ਹੈ ਆਪ ਉਤੇ, ਮਾਫੀ ਮਿਲੀ, ਖ਼ਾਹ ਕਾਫੀਆ ਤੰਗ ਹੋਇਆ।
ਕੀਤਾ ਕਰਮ ਮੰਨੇ ਸੂਰੇ ਧਰਮੀਆਂ ਜਿਉਂ, ਜੀਹਦਾ ਮਨ ਪੰਖੀ ਬਿਨਾ ਫੰਗ ਹੋਇਆਂ।
ਮੰਗੇ ਮਰਨ ਲੰਘ ਦੁਖ ਸੁਖੋਂ ਧਰਮ ਰੰਗੇ, ਮਰਮਨ ਜਿਸਦਾ ਭਸਮ ਬੰਗ ਹੋਇਆ।''
ਸੁਣ ਵਾਰਤਾ ਇਹ ਗੁਨਾਹਗਾਰ ਮੈਂ ਦਾ, 'ਮਿਹਰਬਾਨ' ਬੋਲਾ ਓਸੇ ੩ਡੰਗ ਹੋਇਆ।
ਸੁਖੀ ਸਤਿਗੁਰਾਂ ਦੀ ਮਿਹਰੇ ਰਿਹਾ ਵਹਿਮੀ, ਦੁਖੀ ਗੁਰਾਂ ਦੀ ਮਤ ਉਲੰਘ ਹੋਇਆ।

੧ਮਾਈ ਦਾਨੀ ਪਿੰਡ ਚੱਬਾ ਜਿਲਾ ਅੰਮ੍ਰਿਤਸਟ, ੨ਡੀਡਾਨਲਡ, ਕਪਤਾਨ ਲੁਧਿਆਣਾ, ੩ਕਲੀ ਵਾ ਚਾਂਦੀ,

ਸ੍ਰ: ਅਵਤਾਰ ਸਿੰਘ ਜੀ 'ਅਜ਼ਾਦ'

ਗੁਰੂ ਨਾਨਕ–ਫੁਲਵਾੜੀ ਵਿਚ

ਬਸੰਤ ਲਿਆਉਣ ਵਾਲਾ

ਘਟ ਹੀ ਧਿਆਨ ਦਿਤਾ ਹੈ ਕਿਸੇ ਨੇ ਉਸ ਗਿਰਾਉ ਵੱਲ, ਜਿਸਦੇ ਕਾਰਨ ਖਾਲਸੇ ਦੀ ਸਿੰਘ-ਸੱਤਾ ਦਾ ਵਿਨਾਸ਼ ਹੋਇਆ ਸੀ। ਪੱਤ-ਝੱੜ ਦੀਆਂ ਘੋਰ-ਤਬਾਹੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਨੂੰ ਭਿਆਨਕ ਤਰ੍ਹਾਂ ਨਾਲ ਤਰੁੰਡ ਮਰੁੰਡ ਦਿਤਾ ਸੀ। ਸਾਡੀ ਧਾਰਮਿਕ, ਸਮਾਜਿਕ ਤੇ ਰਾਜਸੀ ਗਿਰਾਵਟ ਨੇ ਹੇਠਲੀ ਤੱਲ ਨੂੰ ਜਾ ਛੂਹਿਆ ਸੀ ਅਤੇ ਅਜੇ ਸਿਖ-ਰਾਜ ਦਾ ਸੂਰਜ ਨਹੀਂ ਸੀ ਅਸਤਿਆ, ਜਦ ਜ਼ਿਲਾ ਲੁਧਿਆਣਾ ਦੇ ਇਕ ਪਸਿਤੇ ਪਰ ਨਿਕੇ ਜਹੇ ਗਿਰਾਂ ਵਿਚ ਇਕ ਮਹਾਂ ਪੁਰਸ਼ ਨੇ ਜਨਮ ਲਇਆ। ਇਕ ਸਾਧਾਰਣ ਜਿਹਾ ਕਿਰਤੀ ਬਾਬਾ ਜੱਸਾ ਸਿੰਘ, ਜਿਸਨੂੰ ਉਸ ਮਾਨ-ਵਤਾ ਦੇ ਆਦਰਸ਼-ਪੁਰਸ਼ ਦੇ ਪਿਤਾ ਹੋਣ ਦਾ ਮਾਣ ਮਿਲਿਆ, ਉਸਨੇ ਕਦੇ ਸੁਫਨੇ ਵਿਚ ਵੀ ਇਹ ਕਿਆਸ-ਅਨੁਮਾਨ ਨਹੀਂ ਕੀਤਾ ਹੋਵੇਗਾ ਕਿ ਉਸਦੀ ਵੰਸ਼ ਵਿਚ ਕਲਿਜੁਗ ਵਿਚ ਸਤਿਜੁਗ ਵਰਤਾਣ ਵਾਲਾ,–ਪ੍ਰਭੂ ਦਾ ਆਪਣਾ, ਠਾਕਰ ਅਕਾਲ ਪੁਰਖ ਦਾ ਮਾਨਵੀ-ਆਕਾਰ ਰੂਪ ਮਾਨ ਹੋ ਪਰ-ਗਟਿਆ ਹੈ।

ਦਸਵੇਂ ਸਤਿਗੁਰਾਂ ਦਾ ਬਚਨ ਹੈ:–

"ਜਬ ਜਬ ਹੋਤ ਅਰਿਸ਼ਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ।"

ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੇ ਵੀ ਕਹਿਆ ਹੈ–"ਜਦੋਂ ਜਦੋਂ ਵੀ ਧਰਮ ਵਿਚ ਗਿਲਾਨੀ ਔਂਦੀ ਹੈ, ਓਦੋਂ ਓਦੋਂ ਹੀ ਮੈਂ ਧਰਮ ਨੂੰ ਉਬਾਰਨ, ਸੰਤਾ-ਸਾਂਧੂਆਂ ਦੀ ਰਖਿਆ ਕਰਨ ਅਤੇ ਦੁਸ਼ਟਾਂ ਨੂੰ ਸਿਘਾਰਨ-ਨਾਸ਼ ਕਰਨ ਲਈ ਮੈਂ ਆਉਂਦਾ ਹਾਂ।"

ਗੀਤਾ ਦੇ ਇਸ ਸ਼ਲੋਕ ਨੂੰ ਕਿਸੇ ਨੇ ਇੰਜ ਵੀ ਅਨੁਵਾਦਿਆ ਹੈ–

"ਜਬ ਜਬ ਹੋਤ ਧਰਮ ਕੀ ਹਾਨੀ। ਤਬ ਤਬ ਆਵਤ ਸਾਰੰਗ ਪਾਣੀ।"

ਕੁਰਾਨ ਵਿਚ ਵੀ ਆਇਤ ਆਉਂਦੀ ਹੈ ਕਿ–"ਮੈਂ ਪ੍ਰਭੂ ਹਰ ਕੌਮ ਤੇ ਹਰ ਦੇਸ ਵਿਚ ਲੋਕਾਂ ਨੂੰ ਸੁਮਾਰਗ ਦਿਖਾਉਣ ਲਈ ਆਪਣੇ ਪੈਗੰਬਰਾਂ-ਰੱਬੀ ਸੰਦੇਸਾ ਪੁਚਾਉਣ ਵਾਲੇ ਮਹਾਂ ਪੁਰਖਾਂ ਨੂੰ ਭੇਜਦਾ ਹਾਂ। ਰਸੂਲ ਦਾ ਅਰਥ ਹੈ, ਜੋ ਰਬ ਜੀ ਦਾ ਧੁਰੋਂ–ਉਸਦੀ ਸੱਚ–ਦਰਗਾਹੋਂ ਸਨੇਹਾ ਲੈ ਕੇ ਆਵੇ। ਜਿਵੇਂ ਅਗਿਆਨ–ਅੰਧਕਾਰ ਨੂੰ ਨਾਸ਼ ਕਰਨ ਵਾਲੇ ਨੂੰ ਗੁਰੂ ਕਹਿਆ ਜਾਂਦਾ ਹੈ, ਏਸੇਤਰਾਂ ਅਰਬੀ ਵਿਚ ਉਸ ਮਹਾਂ-ਪੁਰਸ਼ ਨੂੰ ਜਿਸ ਉਤੇ ਧੁਰ-ਦੀ ਬਾਣੀ–ਕਲਾਮ ਇਲਾਹੀ–ਉਤਰਦੀ ਹੈ ਅਤੇ ਜਿਹੜਾ ਭੁਲੇ ਭਟਕੇ ਮਨੁਖਾਂ ਨੂੰ ਸੱਚ ਦੀ ਟੇਕ ਲੈਣ ਦੀ ਪ੍ਰੇਰਨਾਂ ਦੇਂਦਾ ਹੈ, ਉਹ ਰਸੂਲ-ਪੈਗੰਬਰ ਜਾਂ ਹਾਦੀ ਅਖ-ਵਾਉਂਦਾ ਹੈ। ਕੁਰਾਨ ਵਿਚ ਇਬਰਾਨੀ ਪੈਗੰਬਰਾਂ ਤੇ ਉਹਨਾਂ ਦੀਆਂ ਧਰਮ–ਪੁਸਤਕਾਂ ਦੇ ਥਾਂ–ਥਾਂ ਤੇ ਹਵਾਲੇ ਹਨ, ਪੁਰਾਣਾਂ ਵਿਚ ਹਿੰਦੂ ਦੇਵੀ-ਦੇਵਤਿਆਂ ਅਤੇ ਅਵਤਾਰਾਂ ਜਾਂ ਰਿਸ਼ੀਆਂ ਮੁਨੀਆਂ ਦੇ ਪ੍ਰਸੰਗ ਆਉਂਦੇ ਹਨ। ਪਰ ਚਾਹੇ ਕੁਰਾਨੀ ਪ੍ਰਸੰਗ-ਕਥਾਵਾਂ ਹਨ, ਜਾਂ ਪੌਰਾਣਿਕ, ਉਹਨਾਂ ਰਾਹੀਂ ਸੱਚ, ਨੇਕੀ ਅਤੇ ਸਦਾਚਾਰ ਦ੍ਰਿੜ ਕਰਾਇਆ ਗਇਆ ਹੈ। ਸਭ ਦਾ ਇਕ ਹੀ ਮੱਤ ਹੈ ਕਿ ਸਮੇਂ ਸਮੇਂ ਸਿਰ ਸੱਚ–ਆਚਾਰ ਤੋਂ ਥਿੜਕੇ ਲੋਕਾਂ ਦੇ ਉਧਾਰ ਲਈ ਮਹਾਨ–ਵਿਅਕਤੀਆਂ ਜਨਮ ਲੈਂਦੀਆਂ ਅਤੇ ਪਲ ਕੇ ਪਰਵਾਨ ਚੜ੍ਹਦੀਆਂ ਹਨ।

ਸਿਖ-ਰਾਜ ਦੀ ਬਰਬਾਦੀ ਅਤੇ ਸਿਖ–ਸਮਾਜ ਦੀ ਹੈਰਾਨ ਕਰ ਦੇਣ ਵਾਲੀ ਗਿਰਾਵਟ ਦਾ ਪ੍ਰਤੀ ਕਰਮ ਹੋਣਾਂ ਹੀ ਸੀ ਅਤੇ ਉਹ ਪ੍ਰਤੱਖ ਹੋਇਆ।

ਮਾਤਾ ਸਦਾ ਕੌਰ ਦੀ ਕੁਖ ਕਿੰਨੀ ਸੁਲਖਣੀ ਸੀ, ਜਿਸ ਵਿਚੋਂ ਭਗਤ-ਅਵਤਾਰ, ਰਾਮ ਰੂਪ ਅਤਿ ਸੋਹਣੇਰੇ ਤੇ ਦਿੱਬ-ਜੋਤਿ ਬਾਲਕ ਨੇ ਜਨਮ ਲਿਆ। ਕੱਲਰ ਵਿੱਚ ਕੰਵਲ ਪੈਦਾ ਹੋਣਾ ਇਸੇ ਨੂੰ ਆਖਦੇ ਹਨ। ਸ੍ਰੀ ਮਾਤਾ ਸਦਾ ਕੌਰ ਜੀ ਸੂਝਵਾਨ ਸਨ। ਉਹਨਾਂ ਨੇ ਆਪਣੇ ਨੈਣਾਂ ਦੇ ਨੂਰ ਨੂੰ ਗੁਰਮੁਖੀ ਅੱਖਰ ਪੜ੍ਹਾਏ। ਅੱਠ ਸਾਲ ਦੇ ਛੈਲ ਨੱ ਢੇ ਹੀ ਸਨ ਕਿ ਕਈ ਬਾਨੀਆਂ ਕੰਠ ਹੋ ਗਈਆਂ। ਹੋਨ ਹਾਰ ਬਰੂਟੇ ਦੇ ਪੱ ਤੇ ਜ਼ਰੂਰ ਚੀਕਨੇ ਅਤੇ ਵਿਲੱਖਣ ਹੁੰਦੇ ਹਨ; ਅਤੇ ਜਦੋਂ ਆਪ ਦੇ ਹਾਣੀ ਮੁੰਡੇ ਦੋਹੜੇ ਲਾਉਂਦੇ, ਮਿਰਜ਼ੇ ਦੀਆਂ ਸੱਦਾਂ ਹੇਕਦੇ ਅਤੇ ਜਵਾਨ ਹੀਰ ਦੀਆਂ ਕਲੀਆਂ ਗਾਉਂਦੇ, ਬਾਬਾ ਜੱਸਾ ਸਿੰਘ ਜੀ ਦੇ ਇਹ ਨੌ ਨਿਹਾਲ ਆਪਣੀ ਮਧੁਰ ਰਸੀਲੀ ਲੈਅ ਵਿੱਚ ਖੂੰਡੀ ਉਤੇ ਰੰਬਾ ਮਾਰਕੇ ਅਤੇ ਰਾਗ-ਤਾਲ ਕੱਢਕੇ ਸ਼ਬਦ ਪੜ੍ਹਕੇ ਆਲੇ ਦੁਆਲੇ ਵਿਚ ਕੋਈ ਅਨੋਖਾ ਅਤੇ ਅਨੂਪਮ ਰਸ ਭੱਰ ਦੇਂਦੇ।

ਉਹਨਾਂ ਦਿਆਂ ਨੈਣਾਂ ਵਿਚੋਂ ਓਸੇ ਤਰਸ-ਹਮਦਰਦੀ ਦੀਆਂ ਸ਼ੁਆਵਾਂ ਆਪਣੇ ਹਾਣੀਆਂ ਉਤੇ ਅਤੇ ਹੋਰ ਸੁਣਨ ਵੇਖਣ ਵਾਲਿਆਂ ਉਤੇ ਪੈਂਦੀਆਂ ਸਨ, ਜੋ ਕਦੇ ਮਹਾਂ ਬੁਧ, ਗੁਰੂ ਨਾਨਕ ਦੇਵ ਅਤੇ ਸ੍ਰੀ ਈਸਾ ਜੀ ਆਦਿ ਮਾਨਵ-ਹਿਤਕਾਰੀ ਮਹਾਂ ਪੁਰਸ਼ਾਂ ਦੇ ਨੈਣਾਂ ਵਿਚੋਂ ਪਈਆਂ ਹੋਣਗੀਆਂ।

ਆਪਣੇ ਜੀਵਨ ਦੇ ਕਈ ਪੜਾਅ ਲੰਘਕੇ ਉਹ ਉਸ ਸਮੇਂ ਖਾਲਸਾ ਫੌਜ ਵਿਚ ਭਰਤੀ ਹੋਏ, ਜਦੋਂ ਸਿਖਾਂ ਵਿਚ ਨਾ ਆਪਣੇ ਵਡਿਆਂ ਵਾਲੀ ਪਵਿਤਰ ਸੂਰਮਗਤੀ ਬਾਕੀ ਰਹੀ ਸੀ ਅਤੇ ਨਾ ਹੀ ਉਹ ਸਦਾ ਚਾਰਿਕ ਪਵਿਤ੍ਰਤਾ, ਜਿਸਦੀ ਗਵਾਹੀ ਕਾਜ਼ੀ ਨੂਰ ਮੁਹੰਮਦ ਵਰਗੇ ਉਹਨਾਂ ਮੁਸਲਮਾਨ ਇਤਿਹਾਸ ਕਾਰਾਂ ਨੇ ਵੀ ਦਿਤੀ ਹੈ, ਜਿਹੜੇ ਤਅੱਸਬ, ਈਰਖਾ ਅਤੇ ਸਾੜੇ ਦੀ ਅੱਗ ਵਿੱਚ ਦਝਨ ਹੋ ਕੇ ਸਿੰਘ ਨੂੰ ਸਗ-(ਕੁਤੇ) ਲਿਖਣੋਂ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਰਾਜ, ਭਾਗ, ਸਰਦਾਰੀਆਂ, ਜਾਗੀਰਾਂ ਅਤੇ ਧਨ ਦੀ ਪ੍ਰਾਪਤੀ ਨੇ ਨਿਰੀ ਸਿਖਾਂ-ਸਰਦਾਰਾਂ ਵਚਿ ਹੀ ਨਹੀਂ, ਆਮ ਸਿਖਾਂ ਵਿੱਚ ਵੀ ਗਿਰਾਵਟ ਲੈ ਆਂਦੀ ਸੀ ਧਰਮ-ਪ੍ਰਚਾਰ ਹੋਣਾਂ ਬੰਦ ਹੋ ਗਿਆ ਸੀ। ਪੁਜਾਰੀ ਅਤੇ ਮਹੰਤ ਧਾਰਮਿਕ ਰਹੁ ਰੀਤ ਵਲੋਂ ਵੀ ਕੁਰਾਹੇ ਪਏ ਹੋਏ ਸਨ ਅਤੇ ਉਹਨਾਂ ਦੇ ਜੀਵਨ ਵਿੱਚ ਵੀ ਪਵਿਤ੍ਰਤਾ ਦੀ ਅੰਸ਼ ਬਾਕੀ ਨਹੀਂ ਸੀ ਰਹੀ। ਸਿਖ ਮਿਸਲਾਂ ਦੇ ਸਰਦਾਰਾਂ ਦਾ ਆਚ-ਰਨ ਹੀ ਏਨਾ ਡਿਗ ਚੁਕਾ ਸੀ ਕਿ ਭੰਗੀ ਸਰਦਾਰ ਗੁਲਾਬ ਸਿੰਘ ਬਾਹਲੀ ਸ਼ਰਾਬ ਪੀ ਕੇ ਹੀ ਚਿੱਤ ਹੋ ਗਿਆ ਇਸ ਤੋਂ ਪਿਛੋਂ ਤਾਂ ਸਿਖ ਰਈਸਾਂ, ਰਾਜਿਆਂ, ਰਜਵਾੜਿਆਂ, ਸਰਦਾਰਾਂ ਤੇ ਜਾਗੀਰ-ਦਾਰਾਂ ਵਿਚ ਉਹ ਸੱਭ ਕੁਝ ਆ ਗਿਆ, ਜਿਸਦੇ ਕਾਰਨ ਮੁਗਲਾਂ ਦਾ ਰਾਜ ਨਸ਼ਟ ਹੋਇਆ ਸੀ। ਮਹਾਂ ਕਵੀ ਇਕਬਾਲ ਨੇ ਕਿੰਨਾ ਸੋਹਣਾਂ ਕਿਹਾ ਹੈ:-

ਆ ਤੁਝ ਕੋ ਬਤਾਊਂ ਮੈਂ,
ਤਕਦੀਰਿ ਅਮਮ ਕਿਆ ਹੈ ?
ਸ਼ਮਸ਼ੀਰੋ-ਸਿਨਾਂ ਅੱਵਲ,
ਤਾਊਸੋ ਰੁਬਾਬ ਆਖਿਰ।

ਪੰਜਾਬੀ ਵਿੱਚ ਇਸ ਕਥਨ ਨੂੰ ਅਸੀਂ ਇੰਜ ਆਖਾਂਗੇ:-

ਆ ਤੈਨੂੰ ਦਸਾਂ ਮੈ, ਕੌਮਾਂ ਦੀ ਹੈ ਕੀ ਤਕਦੀਰ,
ਤਲਵਾਰ ਤਫੰਗ ਪਹਿਲਾ, ਤਾਊਸ ਰੁਬਾਬ ਆਖੀਰ।

ਸਿਖ ਵਡਕਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ; ਬੰਦ ਬੰਦ ਵਖ ਕਰਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਤਨ ਚਿਰਵਾਏ ਲਾਹੌਰ ਦੇ ਨਖਾਸ-ਬਾਜ਼ਾਰ ਵਿਚ ਫੀਤਾ ਫੀਤਾ ਹੋਕੇ ਉੱਡੇ, ਜਿਉਂਦੇ ਸਾੜੇ ਗਏ ਅਤੇ ਦੋ ਮਹਾਨ ਘਲੂ-ਘਾਰਿਆਂ ਵਿਚੋਂ ਹੋ ਕੇ ਲੰਘੇ; ਪਰ ਰਾਜ ਭਾਗ ਪ੍ਰਾਪਤ ਕਰਕੇ ਇਹ ਸਭ ਕੁਝ ਸੁਫਨਾ ਹੋ ਗਿਆ। ਬਾਣੀ ਪੜ੍ਹਨ ਵਾਲਿਆਂ ਅਤੇ ਨਾਮ ਜਪਣ ਵਾਲਿਆਂ ਦੀ ਸੰਖਿਆਂ ਘਟਦੀ ਘਟਦੀ ਬਹੁਤ ਹੀ ਘਟ ਗਈ। ਗੁਰਦਵਾਰਿਆਂ ਵਿੱਚ ਭੰਗਾਂ ਘੁਟਦੀਆਂ, ਡੋਡੇ ਮਲੇ ਜਾਂਦੇ ਤੇ ਛਤਰ-ਧਾਰਾ ਖਾਕੇ ਤਰਾਰੇ ਲਾਏ ਜਾਂਦੇ। ਨਾ ਕਥਾ ਹੁੰਦੀ ਨਾ ਪਾਠ ਹੁੰਦਾ ਅਤੇ ਨਾ ਹੀ ਕੀਰ-ਤਨ ਕੀਤਾ ਜਾਂਦਾ। ਪਿੰਡਾਂ ਵਿੱਚ ਕੰਜਰੀਆਂ, ਭੰਡਾਂ, ਨਾਚਿਆਂ, ਰਾਸਧਾਰੀਆਂ ਦੇ ਡੇਰੇ ਆਉਂਦੇ ਅਤੇ ਲੋਕ ਇਹਨਾਂ ਰੰਗ-ਤਮਾਸ਼ਿਆ ਵਿਚ ਪਾਣੀ ਵਾਂਗ ਰੁਪਇਆ ਰੋਹੜਦੇ। ਮਹੰਤ, ਪੁਜਾਰੀ, ਸੋਢੀ, ਬੇਦੀ, ਤ੍ਰੇਣ ਅਤੇ ਭੱਲੇ ਸਾਹਿਬਜ਼ਾਦੇ ਉਪਰੋਂ ਧਰਮ ਦਾ

ਪਖੰਡ ਤਾਂ ਰਚਾਈ ਰਖਦੇ, ਪਰ ਉਹਨਾਂ ਦੇ ਅੰਦਰ ਜੀਵਨ-ਕਣੀ ਉਕੀ ਹੀ ਨਾ ਰਹੀ । ਸਿਖ ਰਾਜ ਬਰਬਾਦੀ ਦੇ ਨਾਲ ਮਾਨਸਿਕ ਗਿਰਾਵਟ ਦੀ ਵੀ ਕੋਈ ਧੁਰ--ਧਜ ਨਾ ਰਹੀ । ਹਰ ਪਾਸੇ ਗਿਲਾਨਤਾ ਅਤੇ ਮਲੀਨਤਾ ਦੀ ਦੁਰਗੰਧੀ ਉਠ ਖਲੋਤੀ ਸੀ ਕਿ ਭੈਣੀ ਸਾਹਿਬ ਤੋਂ ਸੂਰਜ ਰੂਪ-ਮਹਾਂ ਸਰੂਪ ਪਰ-ਦਿਪਤ ਹੋਇਆ । ਜਿਵੇਂ ਬਸੰਤ ਨਵ-ਰੰਗਣਾਂ ਦਾ ਕਾਫਲਾ ਨਾਲ ਲਈ ਆਉਂਦੀ ਹੈ, ਇਸ ਤਰ੍ਹਾਂ ਭੈਣੀ ਤੋਂ ਪ੍ਰਕਾਸ਼ ਮਾਨ ਹੋਏ ਗੁਰਦੇਵ ਦੇ ਪ੍ਰਗਟ ਹੋਕੇ ਸਾਮ੍ਹਣੇ ਆਉਂਣ ਨਾਲ ਕੋਈ ਨਵਾਂ ਨਿੱਘ-ਸਰੂਰ ਆਉਂਦਾ ਪ੍ਰਤੀਤ ਹੋਇਆ, ਧਰਤੀ ਨੂੰ ਸ਼ਾਦਾਬੀਆਂ ਮਿਲੀਆਂ, ਅਤੇ ਦੇਸ਼ ਨੂੰ ਉਹ ਮਹਾਨ ਆਗੂ, ਜਿਸ ਦੀ ਵਿਅਕਤੀ ਵਿਚੋਂ ਮਾਨਵਤਾ ਦਾ ਸਾਰਾ ਉਚ-ਤਮ ਲਸ਼ ਲਸ਼ ਕਰ ਰਹਿਆ ਸੀ ।

ਇਸ ਨੂਰੀ ਵਿਅਕਤੀ ਵਿਚ ਕਟਕਾਂ ਦੀ ਆਕਰਸ਼ਣ--ਸ਼ਕਤੀ ਸੀ ਜੇ ਉਹ ਫੌਜ ਵਿਚ ਭਰਤੀ ਹੋਇਆ, ਤਾਂ ਅਨੇਕ ਉਸਦੇ ਫੌਜੀ ਸਾਥੀ ਉਸਦੇ ਨੇੜੇ ਆਕੇ ਸਤਿ ਮਾਰਗ ਦੇ ਪਾਂਧੀ ਬਣੇ ਅਤੇ ਫੇਰ ਜਦ ਉਸ ਨੇ ਫੌਜ ਦੀ ਨੌਕਰੀ ਛਡਕੇ ਆਪਣੇ ਸਚੇ ਕਰਤਾਰ ਦੀ ਆਗਿਆ ਨਾਲ ਧਰਮ ਦਾ ਨਾਦ ਪੂਰਨਾ ਅਰੰਭ ਕੀਤਾ, ਤਾਂ ਦਿਨਾਂ ਵਿੱਚ ਪੰਜਾਬ ਦੀ ਹਰ ਨੁਕਰ ਵਿਚੋਂ ਅਕਾਲ ਅਕਾਲ ਦੀ ਗੁੰਜਾਰ ਆਉਂਣ ਲੱਗ ਪਈ । ਫੇਰ ਧਰਮ ਸਾਲਾਂ ਵਿੱਚ ਬਾਣੀ ਦੀ ਗੁੰਜਾਰ ਸ਼ੁਰੂ ਹੋ ਗਈ । ਥਾ ਥਾਂ ਹੱਲੇ ਦੇ ਸ਼ਬਦ ਪੜ੍ਹੇ ਜਾਣ ਲਗੇ । ਅੰਮ੍ਰਿਤ ਵੇਲੇ ਜਾਗਣ ਵਾਲੇ ਸਿੰਘ ਗੜਵੇ ਲੈਕੇ ਖੂਹਾਂ, ਸਰਾਂ ਉਤੇ ਪਹੁੰਚਦੇ ਅਤੇ ਉਹਨਾਂ ਦੀਆਂ ਰਸਨਾਂ ਬਾਣੀ ਦੇ ਪਾਠ ਨਾਲ ਪਵਿਤ੍ਰ ਹੁੰਦੀਆਂ । ਸਾਂਦਾ ਪਰਸਾਫ ਸੁੱਛ ਬਾਣੇ ਪਾਕੇ ਗੁਰੂ ਜੀ ਦੇ ਉਹ ਸਤਿਕਾਰੇ ਪਿਆਰੇ ਸੰਤ ਭਗਤ ਜਿਥੇ ਬੈਠਦੇ, ਵਾਤਾਵਰਨ ਪਵਿਤ੍ਰ ਹੋ ਜਾਂਦਾ ਅਤੇ ਕੁਮਾਰਗ ਪਏ ਉਹਨਾਂ ਦੀ ਪ੍ਰੇਰਨਾਂ ਨਾਲ ਸੁਮਾਰਗ ਦੇ ਪਾਂਧੀ ਹੋ ਜਾਂਦੇ ।

ਉਹਨਾਂ ਨੇ ਕੇਵਲ ਧਾਰਮਿਕ ਅਤੇ ਸਮਾਜਿਕ ਜਾਗ੍ਰਿਤਿ ਹੀ ਨਾ ਲਿਆਂਦੀ, ਸਗੋਂ ਪੰਜਾਬ ਦੀ ਮਿਹਨਤੀ ਸ੍ਰੇਣੀ ਵਿਚ ਵਿਸ਼ੇਸ਼ ਕਰਕੇ ਮਹਾਨ ਰਾਜਸੀ ਅੰਦੋਲਨ ਕਰਨ ਦਾ ਅਮਿਣ ਬਲ-ਪ੍ਰਾਕ੍ਰਮ ਅਤੇ ਅਜ਼ਾਦੀ ਲਈ ਮਰ ਮਿਟਣ ਦਾ ਵਲਵਲਾ ਪੈਦਾ ਕੀਤਾ । ਉਹਨਾਂ ਦੇ ਦਰਸ਼ਨਾਂ ਵਿਚ ਪਰਮ-ਰਿਸ਼ੀਆਂ ਵਾਲਾ ਅਲੌਕਿਕ ਠੰਢਾ ਸੁਆਉ ਸੀ । ਮੁਖ-ਮੰਡਲ ਤੋਂ ਨੂਰਾਂ ਦੀ ਵਰਖਾ ਹੁੰਦੀ ਪਰਤੱਖ ਸਹੀ ਹੁੰਦੀ ਸੀ । ਜਿਸਨੇ ਵੀ ਦਰਸ਼ਨ ਕੀਤਾ, ਉਸ ਦਾ ਤਨ, ਮਨ ਸੀਤਲ ਹੋਗਿਆ । ਉਸ ਦਾ ਜੀਵਨ ਦੇਵਤਿਆਂ ਸਤਿ-ਪੁਰਖ ਸੰਤਾਂ ਵਾਲਾ ਹੋਗਇਆ । ਉਹਨਾਂ ਨੇ ਅਮਲ ਦੇ ਰੂਪ ਵਿਚ ਸੰਤ-ਖਾਲਸਾ ਦੀ ਮਰਯਾਦਾ ਆਪਣੇ ਸਰੂਪ ਤੋਂ ਪਰਚਲਤ ਕੀਤੀ । ਉਹ ਮਹਾਨ ਸੰਤ ਸਤਿਗੁਰੂ ਸਨ । ਉਹਨਾਂ ਨੇ ਸਿਖਾਂ ਦੇ ਜੀਵਨ ਵਿਚ ਪਲਟਾ ਲਿਆਂਦਾ ਗੁਰਮਤ ਦਾ, ਹਾਂ ਉਸ ਗੁਰਮਤ ਦਾ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਤਲਵਾਰ ਦੀ ਧਾਰ ਉਤੇ ਪਰਖ ਕਰਨ ਪਿਛੋਂ ਪ੍ਰਕਾਸ਼ ਮਾਨ ਕੀਤਾ ਸੀ, ਨਵੇਂ ਸਿਰੇ ਪਰਦਿਪੱਤ ਕੀਤਾ । ਮੜ੍ਹੀ ਕਬਰ, ਪੱਥਰ, ਪੀਰ ਫਕੀਰ ਤੇ ਬੁਤ ਪੂਜਾ ਵਲੋਂ ਹੋੜ ਕੇ ਸਿੰਘਾਂ ਨੂੰ ਇਕ ਅਕਾਲ ਪੁਰਖ ਦਾ ਸ਼ਰਨਾਗਤ ਬਣਾਇਆ । ਅਕਾਲ ਪੁਰਖ ਹੀ ਨਿਰਭਉ ਤੇ ਨਿਰਵੈਰ ਹੈ ਅਤੇ ਜਿਹੜਾ ਉਸ ਨਿਰਭੈ ਤੇ ਨਿਰਵੈਰ ਨੂੰ ਆਪਣੇ ਮਨ ਮੰਦਰ ਵਿਚ ਸਥਾਪਤ ਕਰ ਲੈਂਦਾ ਹੈ; ਉਹ ਫੇਰ ਨਾ ਕਿਸੇ ਦਾ ਭੈ ਮੰਨਦਾ ਹੈ ਨਾ ਆਪ ਕਿਸੇ ਨੂੰ ਭੈ ਦੇਂਦਾ ਹੈ । ਪੰਜਵੇਂ ਸਤਿਗੁਰਾਂ ਦਾ ਬਚਨਾ ਵੀ ਹੈ--

ਨਿਰਭਉ ਜਪੈ, ਸਗਲ ਭਉ ਮਿਟੈ ।

ਆਪਣੇ ਸਾਮ੍ਹਣੇ ਲਿਆਓ ਉਸ ਮਹਾਨ-ਘਟਨਾਂ ਨੂੰ, ਜਿਹੜੀ ਮਲੇਰ ਕੋਟਲੇ ਦੇ ਰਕੜ ਵਿਚ ੧੭ ਜਨਵਰੀ ੧੮੭੨ ਨੂੰ ਵਾਪਰੀ । ਸ਼ਹੀਦ ਸਰਦਾਰ ਹੀਰਾ ਸਿੰਘ ਜੀ ਅਤੇ ਉਹਨਾਂ ਨਾਮਧਾਰੀ ਸਾਥੀਆਂ ਨੇ ਕਿਵੇਂ ਅਜਗਰੀ-ਤੋਪਾਂ ਦੇ ਦਹਾਨਿਆਂ ਅਗੇ ਸੀਨੇ ਤਣੇ ਸਨ । ਉਹਨਾਂ ਨੂੰ ਤੋਪਾਂ ਅਗੇ ਨੂੜਿਆ ਨਹੀਂ ਸੀ ਗਇਆ, ਉਹ ਉਸੇ ਤਰਾਂ, ਜਿਵੇਂ ਪਤੰਗੇ ਦੀਪਕ ਦੀ ਜੋਤਿ ਉਤੋਂ ਸਦਕੜੇ ਹੁੰਦੇ ਹਨ ਆਪ-ਣੀਆਂ ਜਿੰਦੜੀਆਂ ਘੋਲ ਘੁਮਾਉਂਦੇ ਹਨ, ਆਪਣੇ ਕਰਤੱਵ ਤੋਂ ਨਿਛਾਵਰ ਹੋਏ । ਉਹਨਾਂ ਨੇ ਮੌਤ ਦਾ ਮੁਸਕਰਾਉਂਦੇ-ਹਸੂੰ-ਹਸੂੰ ਕਰਦੇ ਚਿਹਰਿਆਂ ਤੇ ਪ੍ਰੀਤਮ ਮਿਲਣੀ ਵਿਚ ਬੈਰਾਨੇ ਮਸਤਾਨੇ ਹੋਏ ਨੈਣਾਂ ਨਾਲ

ਸਵਾਗਤ ਕੀਤਾ। ਉਹਨਾਂ ਵਿਚੋਂ ਕਿਸੇ ਦੇ ਚਿਹਰੇ ਉਤੇ ਵੀ ਚਿੰਤਾ, ਤੇ ਜਾਂ ਮੌਤ ਦੇ ਤ੍ਰਾਸ ਦਾ ਕੋਈ ਚਿੰਨ ਨਹੀਂ ਸੀ। ਉਹ ਇੰਜ ਸਮਝ ਰਹੇ ਸਨ ਜਿਵੇਂ ਤੋਪ ਨਾਲ ਉਡਣ ਸਾਰ ਉਹਨਾਂ ਦੀਆਂ ਆਤਮਾਵਾਂ ਸ਼ਹੀਦਾਂ ਦੀ ਅਮਰ ਪਦਵੀ ਪ੍ਰਾਪਤ ਕਰ ਜਾਣਗੀਆਂ ਪੁਲਿਸ ਕਪਤਾਨ ਪਰਕਿਨਜ਼ ਗਵਾਹੀ ਦੇਂਦਾ ਹੈ– ''ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਬਹੁਤ ਵਧੀਆ ਪੁਸ਼ਾਕਾਂ ਪਹਿਨੀਆਂ ਹੋਈਆਂ ਹਨ। ਉਹ ਅਮੀਰ ਆਦਮੀ ਹਨ। ਉਹਨਾਂ ਦੇ ਮੁੜ੍ਹੰਗਿਆਂ ਤੋਂ ਪ੍ਰਤੀਤ ਹੁੰਦਾ ਹੈ ਕਿ ਦ੍ਰਿੜ੍ਹ ਵਿਸ਼ਵਾਸੀ ਵੀਰ-ਪੁਰਸ਼ ਹਨ।''

ਆਪਣੀ ਡਾਇਰੀ ਵਿਚ ਉਹ ਦੂਜੇ ਨਾਮਧਾ-ਰੀਆਂ ਦੀ ਨਿਰਭੈਤਾ ਦਾ ਜ਼ਿਕਰ ਇਹਨਾਂ ਸਬਦਾਂ ਵਿਚ ਕਰਦਾ ਹੈ–''ਕੈਦੀਆਂ ਵਿਚੋਂ ਬਾਹਲੇ ਹਨ, ਜੋ ਗਾਲੀਆਂ ਦੇਂਦੇ ਹਨ। ਉਹ ਖੁਲੇ ਡੁਲੇ ਸ਼ਬਦਾਂ ਵਿਚ ਆਖਦੇ ਹਨ ਕਿ ਅਸਾਂ ਇਹ (ਗੋਰਾ) ਸਰਕਾਰ ਨਹੀਂ ਰਹਿਣ ਦੇਣੀ। ਅਸੀਂ ਹੁਣ ਆਪਣੀ ਸਰ-ਕਾਰ ਬਣਾਵਾਂਗੇ।''

ਇਹ ਨਿਰਭੈਤਾ ਉਹਨਾਂ ਸਿੰਘਾਂ ਨੂੰ ਕਿਸ ਨੇ ਦਿਤੀ ਸੀ? ਮਹਾਨ ਸ਼ਕਤੀ ਸ਼ਾਲੀ ਅੰਗਰੇਜ਼-ਸਾਮਰਾਜ਼ ਸ਼ਾਹੀ ਸੀਨਾ ਡਾਹਕੇ ਸੰਗਰਾਮ ਕਰਨ ਦਾ ਸਾਹਸ ਉਹਨਾਂ ਨੂੰ ਕਿਥੋਂ ਅਤੇ ਕਿਹੜੇ ਸਤਿ ਪੁਰਸ਼ ਪਾਸੋਂ ਮਿਲਿਆ, ਕਿਹੜਾ ਉਹ ਮਹਾਨ ਦੇਸ਼ ਉਧਾਰਕ ਸੀ ਜਿਸ ਨੇ ਉਹਨਾਂ ਵਿਚ ਮਰ ਮਿਟਣ ਦੀ ਇਹ ਇੱਛਾ ਉਪਜਾ ਦਿਤੀ ਸੀ? ਇਤਿਹਾਸ ਇਕ ਹੀ ਜਵਾਬ ਦੇਂਦਾ ਹੈ ਕਿ ਉਹ ਮਹਾਨ ਵਿਅਕਤੀ ਉਹੋ ਸੀ, ਜਿਸ ਨੂੰ ਨਾਮਧਾਰੀ ਚੀਨੀ ਵਾਲਾ ਸਤਿਗੁਰੂ ਆਖਕੇ ਸੀਸ ਨਿਵਾਉਂਦਾ ਹੈ।

ਜਦੋਂ ਪਰਦੇਸ ਗਮਨ ਕੀਤਾ ਸੀ ਹਜ਼ੂਰ ਨੇ, ਤਾਂ ਸ੍ਰੀ ਮੁਖ ਤੋਂ ਇਹ ਬਚਨ ਵੀ ਕਰ ਗਏ ਸਨ ਕਿ ਮੈਂ ਇਸ ਸਰੀਰ ਵਿਚ ਵਾਪਸ ਆਪਣੇ ਦੇਸ ਦੀਆਂ ਸੋਹਣੀਆਂ 'ਮਲ-ਗੁਜਾਰਾਂ ਵਿਚ ਆਵਾਂਗਾ। ਆਪਣੀ ਨਜ਼ਰ ਬੰਦੀ ਸਮੇਂ ਉਹਨਾਂ ਨੇ ਕੋਈ ਅਸ-ਚਰਜ ਕੌਤਕ ਕੀਤਾ ਅਤੇ ਫਰੰਗੀ ਦੀ ਪਕੜ ਵਿਚੋਂ ਨਿਕਲਕੇ ਸੁਤੰਤਰ ਵਿਚਰਨ ਲਗ ਪਏ।

ਸਿਖੀ ਮੰਡਲ ਨੂੰ ਉਹਨਾਂ ਦੀ ਮਹਾਨ ਉਚੀ ਸੁਚੀ ਨਾਮ-ਰਸ-ਪਾਗੀ ਵਿਅਕਤੀ ਉਤੇ ਬਹੁਤ ਵਧੇਰੇ ਮਾਣ ਹੈ। ਉਹਨਾਂ ਨੇ ਸਿਖਾਂ ਨੂੰ ਉਹਨਾਂ ਹੀ ਪੂਰਨਿਆਂ ਉਤੇ ਤੋਰਿਆ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾ ਗਏ ਸਨ। ਦੇਸ ਦੀ ਗੁਲਾਮੀ ਨੂੰ ਉਹਨਾਂ ਨੇ ਹੀ ੧੮੪੯ ਦੀ ਪੰਜਾਬ ਦੀ ਨਸ਼ਟ ਹੋਈ ਆਜ਼ਾਦੀ ਪਿਛੋਂ ਮਹਿਸੂਸ ਕੀਤਾ। ੧੮੫੭ ਦੇ ਗੱਦਰ ਨੂੰ ਦਬਾਉਣ ਸਮੇਂ ਅੰਗਰੇਜ਼ ਨੇ ਨਵਾਬਾਂ ਨੂੰ ਤੇ ਰਾਜਿਆਂ ਨੂੰ ਲੋਕਾਂ ਦੀਆਂ ਭੀੜਾਂ ਸਾਹਮਣੇ ਫਾਹੇ ਲਾਇਆ ਸੀ। ਇਕ ਇਕ ਰੁਖ ਦੇ ਝੁਕੇ ਹੋਏ ਟਾਹਣਾਂ ਨਾਲ ਦਰਜਨ ਦਰਜਨ ਭਾਰਤੀਆਂ ਨੂੰ ਫਾਂਸੀ ਟੰਗ ਦਿਤਾ ਸੀ। ਬਹਾਦਰ ਸ਼ਾਹ ਦੇ ਪੁਤਰਾਂ ਦਾ ਜ਼ਾਲਮ ਹਡਸਨ ਨੇ ਚੁਲੀਆਂ ਨਾਲ ਲਹੂ ਪੀਤਾ ਅਤੇ ਆਖਿਆ ਸੀ ਕਿ ਜੇ ਮੈਂ ਇਹਨਾਂ ਦੇ ਸੀਨੇ ਵਿਚੋਂ ਉਬਲਦਾ ਲਹੂ ਨਾਂ ਪੀਂਦਾ ਤਾਂ ਪਾਗਲ ਹੋ ਜਾਂਦਾ। ਉਹਨਾਂ ਨੂੰ ਨਿਰਦਈ ਹਡਸਨ ਨੇ ਹੁਮਾ ਦੇ ਮਕਬਰੇ ਵਿਚੋਂ ਗ੍ਰਿਫਤਾਰ ਕੀਤਾ ਸੀ ਤੇ ਰਥ ਉਤੇ ਬਿਠਾਕੇ ਦਿਲੀ ਵਲ ਲਿਆਂਦਾ ਜਾ ਰਿਹਾ ਸੀ ਕਿ ਹਡਸਨ ਨੇ ਉਹਨਾਂ ਨੂੰ ਰਥ ਤੋਂ ਉਤਰ ਕੇ ਖੜੇ ਹੋਣੇ ਦਾ ਹੁਕਮ ਦਿਤਾ। ਫੇਰ ਉਹਨਾਂ ਦੀਆਂ ਸ਼ਾਹੀ ਪੁਸ਼ਾਕਾਂ ਉਤਰਵਾਈਆਂ ਗਈਆਂ। ਇੰਜ ਉਹਨਾਂ ਦੀਆਂ ਛਾਤੀਆਂ ਨੰਗੀਆਂ ਕਰਵਾਕੇ ਹਡਸਨ ਨੇ ਗੋਲੀਆਂ ਨਾਲ ਉਹਨਾਂ ਨੂੰ ਵਿੰਨ ਦਿੱਤਾ।

ਇਹ ਕਹਿਰ ਇਸ ਲਈ ਤੋੜਿਆ ਗਇਆ ਸੀ ਕਿ ਭਾਰਤ ਦੇ ਲੋਕਾਂ ਵਿਚ ਫਿਰ ਅੰਗਰੇਜ਼ ਦੇ ਸਾਮ੍ਹਣੇ ਖੜੇ ਹੋਣ ਦਾ ਹੀਆ ਕਦੇ ਪੈਦਾ ਹੀ ਨਾ ਹੋ ਸਕੇ। ਸਿਖ ਉਸ ਸਮੇਂ ਪੈਰਾਂ ਤੋਂ ਥਿੜਕੇ ਹੋਏ ਸਨ ਤੇ ਉਹ ਸਿਖ-ਰਾਜੇ, ਜਿਨਾਂ, ਨੇ ਸ਼ੇਰਿ-ਪੰਜਾਬ ਵਲ ਪਿਠ ਕਰਕੇ ਅੰਗ੍ਰੇਜ਼ ਨਾਲ ਧਮੇਕ ਪਾ ਲਇਆ ਸੀ, ਗ਼ਦਰ ਸਮੇਂ ਅੰਗਰੇਜ਼ ਦੀ ਸੱਜੀ ਬਾਂਹ ਬਣੇ ਹੋਏ ਸਨ ਨਿਕਲਸਨ ਨੇ ਸਿਖ ਫੌਜਾਂ ਨਾਲ ਹੀ ਕਾਲਿਆਂ ਪਾਸੋਂ ਦਿਲੀ ਖੋਹੀ ਸੀ। ਉਹਨਾਂ ਸਿਖਾਂ ਨੂੰ ਹੀ ਅਸੀਂ ਵੇਖਦੇ ਹਾਂ ਕਿ ਚੀਨੀ ਵਾਲੇ ਦੀ ਕਮਾਨ ਥਲੇ ਉਹ ਅਜ਼ਾਦੀ ਦੇ ਮੰਦਰ ਵਲ ਸਿਰਾਂ ਨੂੰ ਤਲੀਆਂ ਤੇ ਟਿਕਾਈ ਮਾਰਚ ਕਰ ਰਹੇ ਸਨ। ੧੮੬੨ ਤੀਕ ਨਾਮਧਾਰੀ ਲਹਿਰ ਦਾ ਪਸਾਰ ਖਿਲਾਰ ਢੇਰ ਵਿਸ਼ਾਲ ਹੋ ਚੁਕਿਆ ਸੀ ਅਤੇ ਸਿਖ

ਜਗਤ ਵਿਚ ਲੋਕਾਂ ਨੇ ਹੈਰਾਨ ਹੋਕੇ ਵੇਖਿਆ ਸੀ ਕਿ ਇਕ ਅਸਚਰਜ ਹਲੂਣਾਂ ਆ ਗਇਆ ਸੀ।

ਉਹਨਾਂ ਨੇ ਅਲਮਾਰੀਆਂ ਆਲਿਆਂ, ਝਰੋਖਿਆਂ ਬਸਤਿਆਂ ਬੰਦ ਧਰਮਸਾਲਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਮ-ਪਵਿਤਰ ਬੀੜਾਂ ਦਾ ਪ੍ਰਕਾਸ਼ ਕੀਤਾ। ਉਹਨਾਂ ਬੀੜਾਂ ਨੂੰ ਸਜਲ ਨੇਤਰਾਂ ਨਾਲ, ਆਪਣੇ ਦਸਤਾਰੇ ਨਾਲ ਝਾੜਿਆ ਅਤੇ ਸਾਫ ਕੀਤਾ। ਸਿਖਾਂ ਨੂੰ ਜੋ ਕੁਰਾਹੇ ਤੁਰੇ ਜਾ ਰਹੇ ਸਨ, ਗੁਰਮਤ ਗਾਡੀ ਰਾਹ ਦੀ ਸੂਝ ਬਖਸ਼ੀ। ਦੂਜੇ ਅਰਥਾਂ ਵਿਚ ਉਹਨਾਂਨੇ ਸਿਖੀ ਦੀ ਪੁਨਰ ਸਥਾਪਣਾ ਕੀਤੀ। ਕਿੰਨਾ ਮਹਾਨ ਕੰਮ ਕੀਤਾ ਹੈ ਉਹਨਾਂ ਨੇ ਅਤੇ ਕੌਣ ਕ੍ਰਿਤਘਣ ਹੈ ਜਿਹੜਾ ਉਹਨਾਂ ਦਾ ਕ੍ਰਿਤੱਗ ਨਹੀਂ ਹੋਵੇਗਾ? ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਿਹੜੀ ਗਿਰਾਵਟ ਸਿਖਾਂ ਵਿਚ ਆਈ ਸੀ, ਉਸਨੂੰ ਉਹਨਾਂ ਨੇ ਦੂਰ ਕੀਤਾ। ਸਿਖਾਂ ਨੂੰ ਦਸਿਆ ਕਿ ਗੁਰੂ ਦੇ ਸਿੰਘ ਦਾ ਕਰਤੱਵ-ਨਿਸ਼ਾਨਾ ਕੀ ਹੁੰਦਾ ਹੈ। ਮੈਂ ਉਹਨਾਂ ਦੇ ਪਰਮ-ਸਰੂਪ ਨੂੰ ਅਸੰਖ ਪਰਨਾਮ ਕਰਦਾ ਹਾਂ। ਉਹ ਸਿਖ ਇਤਿਹਾਸ ਦਾ ਹੀ ਨਹੀਂ, ਭਾਰਤ ਦੇ ਇਤਿਹਾਸ ਗੌਰਵ ਹਨ। ਉਹਨਾਂ ਦੀ ਉਚ ਕਰਣੀ ਨੂੰ ਮੇਰੀ ਅਸੰਖ ਨਮਸਕਾਰ ਹੈ।

—0—0—

——0——

ਸਵਰਨ ਸਿੰਘ ਜੀ "ਕੂਕਾ" ਗਾਜ਼ੀਆਬਾਦ

ਡੁਬਾ ਬੇੜਾ ਤਾਰਿਆ

ਸ੍ਰੀ ਦਸਮੇਸ਼ ਜੀ ਦੇ ਪਿਛੋਂ ਜਦ ਖਾਲਸੇ 'ਚ, ਖਾਸ ਇਕ ਵਾਸ ਫੁਟ ਪੈਰ ਆ ਪਸਾਰਿਆ।
ਦੁਧ ਰੂਪ ਖਾਲਸਾ ਜੋ ਪਿਆ ਪਿਆ ਫੁਟ ਗਿਆ, ਟੁੱਟ ਗਿਆ ਬਲ ਜਿਹੜਾ ਸੁਧਾ ਛੱਕ ਚਾੜ੍ਹਿਆ।
ਸ਼ਰਮ ਧਰਮ ਨਰਮ, ਅੱਗ ਈਰਖਾ ਗਰਮ ਹੋਈ, ਭੁਲ ਗਿਆ ਕੁਲ ਅਤੇ ਕਰਮ ਨ ਵਿਚਾਰਿਆ।
ਕਾਮ, ਕ੍ਰੋਧ, ਲੋਭ, ਝੂਠ, ਹੋਇਆ ਅਗਿਆਨ ਜੂਠ, ਮਦਰਾ ਤੇ ਮਾਸ ਛਕ ਸਿੰਘਾਂ ਬਲ ਹਾਰਿਆ।
ਚੋਰੀ ਯਾਰੀ ਰੰਡੀ ਜੂਆ ਵੰਡੀ ਆਈ ਖਾਲਸੇ ਦੇ, ਸਿਖੀ ਪੰਜ ਰਹਿਤ ਗਈ ਅਸਿਖੀ ਮਲ ਮਾਰਿਆ।
ਪੀਣ ਲਗੇ ਹੁਕੇ, ਸੁਕੇ ਸਿਖੀਓਂ ਕਟਾਏ ਕੇਸ, ਇਸਤਰੀ ਪਰਾਈ ਸੰਗ ਕੀਆ ਦਿਲ ਆਰਿਆ।
ਗਊ ਤੇ ਗਰੀਬ ਸੰਤ ਹੋਏ ਦੁਖਿਆਰ ਅੰਤ, ਵਿਗੜਿਆ ਵੇਖ ਆਵਾ ਧੌਲ ਵੀ ਪੁਕਾਰਿਆ।
ਹਾਰਿਆ ਜਾਂ ਪੰਥ ਰਹਿਤ ਮਿਟੀ ਦਸਮੇਸ਼ ਵਾਲੀ, ਵਾਲੀ ਦੋ ਜਹਾਨ ਤਾਈਂ ਕਿਸੇ ਆ ਵੰਗਾਰਿਆ।
ਜਿਲਾ ਲੁਧਿਆਣਾ ਨਾਮ ਰਾਮ ਸਿੰਘ ਗਾਮ ਭੈਣੀ, ਜਸਾ ਸਿੰਘ ਪਿਤਾ ਸਦਾ ਕੌਰ ਭਾਗ ਲਾ ਗਿਆ।
ਅਠਾਰਾਂ ਸੌ ਬਹੱਤਰੇ ਦੀ ਰੁਤ ਸੀ ਬਸੰਤ ਖਿੜੀ,
ਮਾਘ ਸੁਦੀ ਪੰਜ ਗੁਰਵਾਰ ਵਾਰ ਭਾਰਿਆ।
ਸਿਖੀ ਦਸਮੇਸ਼ ਵਾਲੀ ਭਾਲੀ ਆਲੇ ਖੁਡਿਆਂ ਬੀਂ,
ਪੂਜਕੇ ਲਗਾਇਆ ਗਲੇ ਅਤੇ ਸਤਿਕਾਰਿਆ।
ਪਾਇਕੇ ਮਧਾਣੀ ਦਇਆ ਸਤ, ਸੰਤੋਖ ਵਾਲੀ,
ਰਿੜਕ ਦਸਮੇਸ਼ ਸਿਖੀ ਮਖਣ ਨਿਤਾਰਿਆ।
ਕੇਸ ਰਖਵਾਏ ਹੁਕੇ ਮਦਰਾ ਛੁਡਾਏ ਮਾਸ,
ਦੇਕੇ ਪੁਠ ਨਾਮ ਨਾਮਧਾਰੀ ਨਾਂ ਉਚਾਰਿਆ।
ਗਿਆ ਕਲੂਕਾਲ ਭਇਆ ਸਤਿਜੁਗ ਸਵਰਨ ਸਿੰਘਾ,
ਸਤਿਗੁਰੂ ਰਾਮ ਸਿੰਘ ਡੁਬਾ ਬੇੜਾ ਤਾਰਿਆ।

ਸਾਥੀ ਅਰਜਣ ਸਿੰਘ ਜੀ ''ਗੜਗੱਜ''

ਨਾਮਧਾਰੀ ਲਹਿਰ ਦਾ ਦੇਸ਼ ਭਗਤਕ ਇਤਿਹਾਸ

ਦੇਸ਼ ਨੂੰ ਅਜ਼ਾਦ ਵੇਖਣ ਦੀਆਂ ਚਾਹਵਾਨ ਤੇ ਸਾਮਰਾਜ ਵਿਰੁਧ ਜਜ਼ਬਾ ਰਖਣ ਵਾਲੀਆਂ ਲਹਿਰਾਂ ਵਿਚ ਨਾਮਧਾਰੀ ਲਹਿਰ ਵੀ ਇਕ ਖਾਸ ਥਾਂ ਰਖਦੀ ਹੈ। ਇਹ ਲਹਿਰ ੧੮੫੭ ਵਿਚ ਹੀ ਅਰੰਭ ਹੋ ਗਈ ਸੀ– ਅਪ੍ਰੈਲ ੧੮੫੭ ਦੀ ਵੈਸਾਖੀ ਵਾਲੇ ਦਿਨ ਇਸਦਾ ਮੁਢ ਬੱਝਾ ਸਮਝਣਾ ਚਾਹੀਦਾ ਹੈ। ਪਰ ਅੰਗ੍ਰੇਜ਼ ਸਾਮਰਾਜ ਨੂੰ ਇਸਦਾ ਸ਼ੱਕ ਓਦੋਂ ਪਿਆ ਜਦ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿ: ਮੈਕਨਬ ਨੇ ੫ ਅਪ੍ਰੈਲ ੧੮੬੩ ਨੂੰ ਪੰਜਾਬ ਦੇ ਗਵਰਨਰ ਵਲ ਲਿਖਿਆ– ''ਰਾਮ ਸਿੰਘ ਨਾਮੀ ਇਕ ਸਿਖ ਸਿਆਲਕੋਟ ਜ਼ਿਲੇ ਦਾ ਦੌਰਾ ਕਰ ਰਿਹਾ ਹੈ। ਉਸਦੇ ਹਜ਼ਾਰਾਂ ਸੇਵਕ ਹਨ, ਉਹ ਆਪਣੇ ਨਾਲਦਿਆਂ ਨੂੰ ਬੰਦੂਕਾਂ ਦੀ ਥਾਂ ਸੋਟਿਆਂ ਨਾਲ ਕਵਾਇਦ ਕਰਵੌਂਦਾ ਹੈ ਅਤੇ ਉਹ ਕਿਸੇ ਦੁਨਿਆਵੀ ਹਾਕਮ ਦੀ ਈਨ ਨਹੀਂ ਮੰਨਦਾ।''

ਨਾਮਧਾਰੀ ਲਹਿਰ ਭਾਵੇਂ ਮਜ਼ਹਬੀ ਰੰਗਣ ਵਿਚ ਸੀ ਪਰ ਇਸਦਾ ਖਾਸਾ (ਐਂਟੀ ਇੰਪੀਅਰਲਿਸਟ) ਸਾਮਰਾਜ ਵਿਰੋਧੀ ਸੀ। ਜਿਵੇਂ ਉਸ ਸਮੇਂ ਦੀਆਂ ਜਾਂ ਉਸਤੋਂ ਪਿਛੋਂ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਹੋਰ ਵੀ ਕੁਝ ਲਹਿਰਾਂ ਉਠੀਆਂ, ਜਿੰਨਾਂ ਦਾ ਖਾਸਾ ਸਾਮਰਾਜ ਵਿਰੋਧੀ ਸੀ। ਤੇ ਉਹ ਆਪਣੇ ਦੇਸ਼ ਨੂੰ ਅੰਗਰੇਜ਼ ਤੋਂ ਅਜ਼ਾਦ ਕਰੌਣ ਦਾ ਜਜ਼ਬਾ ਰਖਦੀਆਂ ਸਨ। ਪਰ ਉਨ੍ਹਾਂ ਸਾਰੀਆਂ ਲਹਿਰਾਂ ਤੇ ਥੋੜਾ ਬਹੁਤ ਮਜ਼ਹਬੀ ਰੰਗ ਚੜ੍ਹਿਆ ਹੋਇਆ ਸੀ। ਆਰੀਆ ਸਮਾਜ ਲਹਿਰ ਸਿੰਘ ਸਭਾ ਲਹਿਰ,ਅਕਾਲੀਲਹਿਰ. ਬਬਰਅਕਾਲੀ ਲਹਿਰ, ਅਹਿਰਾਰ ਲਹਿਰ, ਦੇਵ ਬੰਦ ਲਹਿਰ, ਖਿਲਾਫਤ ਲਹਿਰ ਆਦ ਇਜੇਹੀਆਂ ਲਹਿਰਾਂ ਸਨ। ੧੮੫੭ ਈਸਵੀ ਦਾ ਗ਼ਦਰ ਵੀ ਗਊ ਤੇ ਸੂਰ ਦੀ ਚਰਬੀ ਵਾਲੇ ਕਾਰਤੂਸਾਂ ਦੀ ਚਰਚਾ ਤੋਂ ਛੇਤੀ ਭੜਕ ਉਠਿਆ ਸੀ। ੧੯੦੫ ਤੇ ੧੯੦੭ ਤੋਂ ਲੈਕੇ ੧੯੨੨-੨੩ ਤਕ ਉਹ ਟੈਰੋਰਿਸਟ ਨੌਜਵਾਨ ਜੇੜ੍ਹੇ ਦੇਸ਼ ਦੀ ਅਜ਼ਾਦੀ ਲਈ ਫਾਂਸੀਆਂ ਤੇ ਝੂਲ ਜਾਣਾਂ ਆਪਣੇ ਖੱਬੇ ਹੱਥ ਦਾ ਕਰਤਬ ਸਮਝਦੇ ਸਨ, ਉਹ ਵੀ ਇਨਕਲਾਬੀ ਪਾਰਟੀ ਵਿਚ ਮੈਂਬਰ ਬਣਨ ਲਗਿਆਂ ਜਾਂ ਦੇਸ਼ ਲਈ ਕੋਈ ਪਰਣ ਲੈਣ ਲਗਿਆਂ ਤਿਲਕ, ਹਵਨ ਤੇ ਗਣੇਸ਼ ਪੂਜਾ ਆਦ ਮਜ਼ਹਬੀ ਰਸਮਾਂ ਅਦਾ ਕਰਕੇ ਪਰਣ ਲੈਂਦੇ ਸਨ, ਉਸ ਵੇਲੇ ਦੇ ਕਰਾਂਤਕਾਰੀ ਨਾਵਲਾਂ ਵਿਚ ਅਨੰਦ ਮਠ ਦੀਆਂ ਕਹਾਣੀਆਂ ਤੇ ਹੋਰ ਵਾਕਿਆਤ ਇਸ ਗਲ ਦੇ ਗਵਾਹ ਹਨ। ਨਾਮਧਾਰੀ ਲਹਿਰ ਵੀ ਧਾਰਮਕ ਰੂਪ ਵਿਚ ਇਕ ਰਾਜਸੀ ਲਹਿਰ ਸੀ, ਨਾਮਧਾਰੀ ਲਹਿਰ ਦੇ ਮੋਢੀ ਗੁਰੂ ਰਾਮ ਸਿੰਘ ਜੀ ਦੇ ਦਿਲ ਵਿਚ ਅੰਗਰੇਜ਼ ਸਾਮਰਾਜੀਆਂ ਵਿਰੁਧ ਜਜ਼ਬਾ ਕੁਟ ਕੁਟਕੇ ਭਰਿਆ ਗਿਆ ਸੀ।

ਗੁਰੂ ਰਾਮ ਸਿੰਘ ਜੀ ਦੇ ਸਾਮਰਾਜ ਵਿਰੋਧੀ ਜਜ਼ਬੇ ਦਾ ਜ਼ਿਕਰ ਉਨਾਂ ਦੇ ਇਕ ਪੁਰਾਣੇ ਪਰੇਮੀ ਬਾਬਾ ਦਲੀਪ ਸਿੰਘ ਜੀ ਪਿੰ: ਸਾਧੜਾ ਜ਼ਿਲਾ ਹੁਸ਼ਿਆਰਪੁਰ ਨੇ, ਜਿਨਾਂ ਦੀ ਉਮਰ ਇਸ ਵੇਲੇ ੧੧੬ ਸਾਲਾਂ ਦੀ ਹੈ ਤੇ ਉਹ ਗੁਰੂ ਰਾਮ ਸਿੰਘ ਜੀ ਦੇ ਕਈ ਵਾਰ ਦਰਸ਼ਨ ਕਰ ਚੁਕੇ ਹਨ, ਕਿਉਂਕਿ ਉਨਾਂ ਦਸਿਆ ਹੈ ਕਿ ਮੈਂ ਭੈਣੀ ਸਾਹਿਬ ਜਾਕੇ ਕਈ ਵੇਰ ਉਨਾਂ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਨੂੰ ਅਜੇ ਤਕ ਉਸ ਵੇਲੇ ਦੀਆਂ ਕਈ ਘਟਨਾਵਾਂ ਵੀ ਯਾਦ ਹਨ। ਉਨ੍ਹਾਂ ਨੇ ਦਸਿਆ ਹੈ–

''ਮੈਨੂੰ ਸ੍ਰ: ਦੁੱਲਾ ਸਿੰਘ ਹਯਾਤਪੁਰ ਜ਼ਿਲਾ ਹੁਸ਼ਿਆਰਪੁਰ ਨੇ ਬਾਬਾ ਰਾਮ ਸਿੰਘ ਜੀ ਬਾਰੇ ਕਈ ਗਲਾਂ ਦਸੀਆਂ। ਸ੍ਰ: ਦੁਲਾ ਸਿੰਘ ਆਪ ਮਹਾਰਾਜਾ ਸ਼ੇਰ ਸਿੰਘ ਦੀ ਫੌਜ ਵਿਚ ਸੀ

ਉਸੇ ਫੌਜ ਵਿਚ ਹੀ ਬਾਬਾ ਰਾਮ ਸਿੰਘ ਜੀ ਵੀ ਸਨ। ਸਿਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਸਿਖ ਸ੍ਰਦਾਰਾਂ ਦੀਆਂ ਗ਼ਦਾਰੀਆਂ ਵੇਖਕੇ ਬਾਬਾ ਰਾਮ ਸਿੰਘ ਜੀ ਪਹਿਲਾਂ ਹੀ ਨੌਕਰੀ ਛਡ ਆਏ ਸਨ।''

ਸਾਫ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਦਿਲ ਵਿਚ ਪਹਿਲਾਂ ਪਹਿਲ ਅੰਗ੍ਰੇਜ਼ ਵਿਰੋਧੀ ਜਜ਼ਬਾ ਸਿਖ ਅੰਗ੍ਰੇਜ਼ ਲੜਾਈ ਤੋਂ ਤੇ ਫੇਰ ਸਿਖ ਸਰਦਾਰਾਂ ਦੀਆਂ ਅੰਗ੍ਰੇਜ਼ ਹਮੈਤੀ ਕਾਰਵਾਈਆਂ ਤੋਂ ਵਧਿਆ।

ਇਕ ਹੋਰ ਥਾਂ ਆਪਣੇ ਬਿਆਨ ਵਿਚ ਬਾਬਾ ਦਲੀਪ ਸਿੰਘ ਜੀ ਇਸ ਗਲ ਦੀ ਤਾਈਦ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ–

''ਸਿਖ ਰਾਜ ਦੇ ਚਲੇ ਜਾਣ ਤੇ ਜਦ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਕਾਇਮ ਹੋ ਗਿਆ ਤਾਂ ਅੰਗ੍ਰੇਜ਼ਾਂ ਵਿਰੁਧ ਇਕ ਤਾਂ ਇਹ ਸ਼ਕੈਤ ਬੜੀ ਸੀ ਕਿ ਉਹ ਗਊ ਬਧ ਕਰਦੇ ਹਨ। ਅੰਮ੍ਰਿਤ-ਸਰ ਜਿਥੇ ਪਹਿਲਾਂ ਗਊ ਬਧ ਨਹੀਂ ਸੀ ਹੁੰਦੀ ਅੰਗ੍ਰੇਜ਼ਾਂ ਦੇ ਹੁਕਮ ਨਾਲ ਓਥੇ ਵੀ ਗਊ ਬਧ ਹੋਣ ਲਗ ਪਿਆ ਸੀ, ਦੂਜੇ ਸ੍ਰੀ ਦਰਬਾਰ ਸਾਹਿਬ ਦੀ ਬਹੁਮੁਲੀ ਚਾਨਣੀ ਅੰਗ੍ਰੇਜ਼ ਲੰਡਨ ਲੈ ਗਏ ਸਨ। ਇਨਾਂ ਦੋਹਾਂ ਗਲਾਂ ਕਰਕੇ ਆਮ ਸਿਖਾਂ ਵਿਚਅੰਗ੍ਰੇਜ਼ ਵਿਰੋਧੀ ਜਜ਼ਬਾ ਉਭਰ ਰਿਹਾ ਜਿਸਨੂੰ ਨਾਮਧਾਰੀ ਲਹਿਰ ਜਥੇਬੰਦ ਕਰਨਾ ਸੀ ਚਾਹੁੰਦੀ ਸੀ।''

ਅਗੇ ਜਾਕੇ ਬਾਬਾ ਜੀ ਦਸਦੇ ਹਨ ਕਿ:–

ਇਕਵੇਰ ਸ੍ਰੀ ਅੰਮ੍ਰਿਤ ਸਰ ਵਿਖੇ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਚ ਬਹੁਤ ਸਾਰੇ ਸਿਖਾਂ ਦਾ ਇਕਠ ਹੋਇਆ ਦਰਬਾਰ ਸਾਹਿਬ ਦੀ ਚਾਨਣੀ ਚਲੇ ਜਾਣ ਤੇ ਬੜਾ ਰੋਸ ਪ੍ਰਗਟ ਕੀਤਾ ਗਿਆ। ਅੰਮ੍ਰਿਤ ਸਰ ਵਿਚ ਗਊ ਬਧ ਦੇ ਸ਼ੁਰੂ ਹੋ ਜਾਣ ਤੇ ਹੀ ਰੋਸ ਪ੍ਰਗਟ ਕੀਤਾ ਗਿਆ ਇਥੇ ਹੀ ਇਕ ਜਥਾ ਕਾਇਮ ਕੀਤਾ ਗਿਆ ਜਿਸਦਾ ਨਾਮ ''ਨਿਰਵੈਰ ਸੇਵਕ ਸ਼ਹੀਦ ਜਥਾ ਪੰਜਾਬ'' ਰਖਿਆ ਗਿਆ ਮੈਂ ਆਪ ਵੀ ਇਸ ਜਥੇ ਦਾ ਮੈਂਬਰ ਸਾਂ। ਨਾਮਧਾਰੀ ਪ੍ਰਚਾਰ ਨੇ ਲੋਕਾਂ ਵਿਚ ਬੜੀ ਖਿਚ ਪਾ ਲਈ ਸੀ॥

ਮੁਕਦੀ ਗਲ ਇਹ ਕਿ ਨਾਮਧਾਰੀ ਲਹਿਰ ਵੀ ਧਾਰਮਕ ਰੰਗ ਵਿਚ ਰਾਜਸੀ ਤੇ ਦੇਸ਼ ਭਗਤਕ ਲਹਿਰ ਸੀ।

ਇਨਾਂ ਸਾਰੀਆਂ ਸਾਮਰਾਜ ਵਿਰੋਧੀ ਖਾਸੇ ਵਾਲੀਆਂ ਲਹਿਰਾਂ ਦਾ ਮਜ਼ਹਬੀ ਰੂਪ ਲੈਣਾ ਕੋਈ ਅਣਹੋਣੀ ਗਲ ਨਹੀਂ ਸੀ ਕਿਉਂਕਿ ਉਸ ਵੇਲੇ ਦੇ ਜਗੀਰਦਾਰੀ ਢਾਂਚੇ ਅਤੇ ਹਰ ਪਹਿਲੂ ਤੋਂ ਜਗੀਰਦਾਰੀ ਦੀ ਪਕੀ ਜਕੜ ਦੇ ਦੌਰ ਵਿਚ ਇਹੋ ਕੁਝ ਹੋ ਸਕਦਾ ਸੀ। ਅਠਾਰਵੀਂ ਸਦੀ ਦੇ ਪਿਛਲੇ ਅੱਧ ਜਾਂ ਇਸਤੋਂ ਪਿਛੋਂ ਤਕ ਅਜੇ ਸਰਮਾਏਦਾਰੀ ਨੇ ਇੰਨੀ ਤਰਕੀ ਨਹੀਂ ਕੀਤੀ, ਸੀ ਕਿ ਲੋਕ ਸਾਂਇੰਟਫਿਕ ਤੌਰ ਤੇ ਨੈਸ਼ਨਲਿਜ਼ਮ ਦੇ ਸ਼ੈਦਾਈ ਬਣ ਜਾਂਦੇ। ਸਮਾਜ ਦੇ ਪਿਛੇ ਖਿਚੂ ਜਗੀਰਦਾਰੀ ਢਾਂਚੇ ਵਿਚ ਮਜ਼ਹਬੀ ਰੰਗ ਵਿਚ ਨੈਸ਼ਨਲਿਜ਼ਮ ਦਾ ਸਿਰ ਚੁਕਣਾਂ ਹੀ ਉਸ ਵੇਲੇ ਵਡੀ ਗਲ ਸੀ।

ਨਾਮਧਾਰੀ ਲਹਿਰ ਵੀ ਭਾਰਤੀ ਲੋਕਾਂ ਤੇ ਖਾਸ ਕਰਕੇ ਪੰਜਾਬੀਆਂ ਦੇ ਉਸ ਅੰਗਰੇਜ਼ ਵਿਰੋਧੀ ਨਫਰਤ ਦੀ ਪੈਦਾਵਾਰ ਸੀ ਜੇਹੜੀ ਨਫਰਤ ਪੰਜਾਬ ਦੇ ਸਿਖਾਂ ਹਥੋਂ ਅੰਗਰੇਜ਼ ਕੋਲ ਚਲੇ ਜਾਣ ਅੰਗਰੇਜ਼ ਹਥੋਂ ਇਥੇ ਦੇ ਆਪਾ ਨਿਰਭਰ ਸਮਾਜਕ ਢਾਂਚੇ ਦੇ ਤੋੜੇ ਮਰੋੜੇ ਜਾਣ ਅਤੇ ਦੇਸੀ ਕਾਰੀਗਰੀ ਨੂੰ ਦਬਾਕੇ ਅੰਗਰੇਜ਼ਾਂ ਵਲੋਂ ਆਪਣਾਂ ਮਾਲ ਇਥੇ ਠੋਸਣ ਨੇ ਲੋਕਾਂ ਵਿਚ ਭਰ ਦਿਤੀ ਸੀ, ੧੮੫੭ ਦੇ ਗਦਰ ਵਿਚ ਅੰਗਰੇਜ਼ਾਂ ਦੇ ਹਿੰਦੁਸ-ਤਾਨੀਆਂ ਉਤੇ ਅਤਿਆਚਾਰਾਂ ਨੇ ਵੀ ਇਸ ਲਹਿਰ ਨੂੰ ਹੋਰ ਭਖਾਇਆ ਸੀ।

ਨਾਮਧਾਰੀ ਲਹਿਰ ਹੀ ਨ ਸਿਰਫ ਪੰਜਾਬ ਵਿਚ ਸਗੋਂ ਭਾਰਤ ਭਰ ਵਿਚ ਸਭ ਤੋਂ ਪਹਿਲੀ ਲਹਿਰ ਸੀ ਜਿਸਨੇ ਅੰਗਰੇਜ਼ ਸਰਕਾਰ ਨਾਲ ਪੂਰੀ ਤੇ ਮੁਕੰਮਲ ਨਾ ਮਿਲ–ਵਰਤਨ ਕੀਤੀ ਸੀ। ਇਹ ਨਾ ਮਿਲਵਰਤਨ ੧੯੨੦–੨੧ ਦੇ ਗਾਂਧੀ ਜੀ ਦੇ ਨਾ ਮਿਲ ਵਰਤਨ ਤੋਂ ਕਿਤੇ ਮਜ਼ਬੂਤ ਤੇ ਅਗੇ ਸੀ ਮਿਸਾਲ ਦੇ ਤੌਰ ਤੇ ਨਾਮਧਾਰੀਆਂ ਦੇ ਹੋਰ ਧਾਰਮਕ ਤੇ ਸਭਯਾਚਾਰਕ ਨਿਯਮਾਂ ਤੋਂ ਇਲਾਵਾ, ਉਨਾਂ ਦੇ

ਰਾਜਸੀ ਨਿਯਮਾਂ ਵਿਚ ਇਹ ਦਰਜ ਸੀ।

(ੳ) ਸਰਕਾਰੀ ਨੌਕਰੀ ਨਹੀਂ ਕਰਨੀ

(ਅ) ਸਰਕਾਰੀ ਸਕੂਲਾਂ ਵਿਚ ਬਚੇ ਨਹੀਂ ਪੜ੍ਹੌਣੇਂ।

(ੲ) ਮੁਕਦਮੇ ਅੰਗਰੇਜ਼ੀ ਅਦਾਲਤਾਂ ਵਿਚ ਨਹੀਂ ਲਿਜਾਣੇ।

(ਸ) ਮੁਦੇਸ਼ੀ ਚੀਜ਼ਾਂ ਵਰਤਣੀਆਂ।

(ਹ) ਚਿਠੀ ਡਾਕਖਾਨੇ ਰਾਹੀਂ ਨਹੀਂ ਘਲਣੀ

(ਕ) ਵਾਹ ਲਗਦੀ ਅੰਗਰੇਜ਼ ਦੀ ਰੇਲ ਤੇ ਨਹੀਂ ਚੜਨਾਂ।

ਇਨਾਂ ਸਾਰੀਆਂ ਗਲਾਂ ਤੇ ਨਾਮਧਾਰੀ ਵੀਰ ਵੀਹਵੀਂ ਸਦੀ ਦੇ ਦੂਜੇ ਦਜੇ ਦਹਾਕੇ ਪੂਰੀ ਤਰਾਂ ਅਮਲ ਕਰਦੇ ਰਹੇ। ਇਹੋ ਹੀ ਨਹੀਂ ਨਾਮਧਾਰੀ ਲਹਿਰ ਨੇ ਜਥੇ ਬੰਦੀ ਨੂੰ ਵੀ ਉਤੋਂ ਉਸਾਰਨਾਂ ਸ਼ੁਰੂ ਕੀਤਾ ਸੀ ਜੇੜੀ ਹਕੂਮਤ ਨੂੰ ਆਪਣੇ ਮੁਕਾਬਲੇ ਦੀ ਇਕ ਹਕੂਮਤ ਜਾਪਣ ਲਗ ਪਈ।

ਨਾਮਧਾਰੀ ਜਥੇਬੰਦੀ ਅਨੁਸਾਰ ਪੰਜਾਬ ਨੂੰ ੨੨ ਹਿਸਿਆਂ ਵਿਚ ਵੰਡਿਆ ਗਿਆ ਸੀ। ਹਰ ਹਿਸੇ ਦਾ ਇਕ ਗਵਰਨਰ ਸੀ ਜਿਸਨੂੰ ਸੂਬਾ ਆਖਦੇ ਸਨ। ਇਹ ਸੂਬੇ ਅਦਾਲਤਾਂ ਕਰਦੇ ਸਨ। ਹਰ ਤਸੀਲ ਤੇ ਹਰ ਪਿੰਡ ਵਿਚ ਜਥੇਦਾਰ ਨੀਅਤ ਸਨ ਹਰ ਧਰਮ ਸਾਲਾ ਵਿਚ ਗ੍ਰੰਥੀ ਦਾ ਕੰਮ ਵਿਦਿਆ ਦੇਣੀ ਸੀ। ਡਾਕ ਦਾ ਮਹਿਕਮਾਂ ਵੀ ਇਨਾਂ ਦਾ ਆਪਣਾ ਹੀ ਸੀ ਜਿਸਨੂੰ ਸਰਕਾਰੀ ਕਾਗਜਾਂ ਵਿਚ "ਕੂਕਾ ਪੋਸਟਲ ਸਰਵਿਸ" ਕਰਕੇ ਲਿਖਿਆ ਗਿਆ ਹੈ।

ਇਹਨਾਂ ਸਾਰੀਆਂ ਗਲਾਂ ਤੋਂ ਅੰਗਰੇਜ਼ ਸਰਕਾਰ ਦਹਿਲ ਗਈ ਤੇ ਉਸਨੇ ਗੁਰੂ ਰਾਮ ਸਿੰਘ ਜੀ ਤੇ ਸਮੁਚੀ ਨਾਮਧਾਰੀ ਲਹਿਰ ਦੀ ਨਿਗਰਾਨੀ ਸ਼ੁਰੂ ਕਰ ਦਿਤੀ ਤੇ ਕੋਈ ਨ ਕੋਈ ਬਹਾਨਾ ਲਭਿਆ ਜਾਣ ਲਗਾ ਜਿਸ ਨਾਲ ਇਸ ਲਹਿਰ ਨੂੰ ਕੁਚਲਿਆ ਜਾ ਸਕੇ।

ਨਾਮਧਾਰੀ ਲਹਿਰ ਨਾਲ ਬੁੱਚੜਾਂ ਨੂੰ ਕਤਲ ਕਰਨ ਦੀ ਘਟਨਾਂ ਆਮ ਤੌਰ ਤੇ ਜੋੜੀ ਜਾਂਦੀ ਹੈ ਤੇ ਅੰਗ੍ਰੇਜ਼ੀ ਹਕੂਮਤ ਦੇ ਅਸਰ ਹੇਠ ਕੁਝ ਲਾਲਚੀ ਤੇ ਅੰਗ੍ਰੇਜ਼-ਭਗਤ ਇਤਿਹਾਸ ਕਾਰਾਂ ਨੇ ਇਸ ਘਟਨਾਂ ਨੂੰ ਫਿਰਕੂ ਰੰਗ ਦੇਣ ਦੇ ਯਤਨ ਕੀਤੇ ਪਰ ਮੇਰੀ ਨਜ਼ਰ ਵਿਚ ਬੁਚੜਾਂ ਦੇ ਕਤਲ ਦੀ ਵਾਰਦਾਤ ਫਿਰਕੂ ਨਹੀਂ ਸੀ ਕਿਉਂਕਿ ਨਾਮਧਾਰੀ ਬੁਚੜਾਂ ਨੂੰ ਨਹੀਂ ਬੁੱਚੜ ਖਾਨਿਆਂ ਨੂੰ ਖਤਮ ਕਰਨਾਂ ਚਹੁੰਦੇ ਸਨ ਓਹ ਬੁੱਚੜ ਖਾਨਿਆਂ ਨੂੰ ਅੰਗ੍ਰੇਜ਼ਾਂ ਵਲੋਂ ਹਮੇਸ਼ ਲਈ ਫਿਰਕੂ ਭੜਕਾਹਟ ਲਈ ਕਾਇਮ ਕੀਤਾ ਗਿਆ ਅੱਡਾ ਸਮਝਦੇ ਸਨ। ਜੇਹੜਾ ਹਿੰਦੂ ਮੁਸਲਿਮ ਫਸਾਦ ਦਾ ਕਾਰਨ ਬਣ ਸਕਦਾ ਸੀ ਤੇ ਜੇਹੜਾ ਪਿਛੋਂ ਬਣਿਆ ਵੀ।

ਨਾਮਧਾਰੀ ਲਹਿਰ ਅੰਗ੍ਰੇਜ਼ ਵਿਰੋਧੀ ਕਿੰਨਾਂ ਜਜ਼ਬਾ ਰਖਦੀ ਸੀ ਉਹ ਇਸ ਗਲੋਂ ਵੀ ਪ੍ਰਗਟ ਹੈ ਕਿ ਕਈ ਨਾਮਧਾਰੀ ਬੀਰਾਂ ਨੇ ਅੰਗ੍ਰੇਜ਼ ਨਾਲ ਲੜਨ ਲਈ ਹਥਿਆਰ ਇਕੱਠੇ ਕਰਨ ਦੇ ਵੀ ਯਤਨ ਕੀਤੇ ਤਾਂ ਕਿ ਸਤ ਸਮੁੰਦਰੋਂ ਪਾਰੋਂ ਆਏ ਬਦੇਸ਼ੀਆਂ ਕੋਲੋਂ ਆਪਣਾਂ ਵਤਨ ਅਜ਼ਾਦ ਕਰਵਾਇਆ ਜਾ ਸਕੇ। ਇਸ ਸਬੰਧ ਵਿੱਚ ਬਾਬਾ ਦਲੀਪ ਸਿੰਘ ਜੀ ਸਾਧੜਾ ਨੇ ਦਸਿਆ ਹੈ:-

"ਜਨਵਰੀ ਸੰਨ ੧੯੭੨ ਵਿੱਚ ਭੈਣੀ ਸਾਹਿਬ ਵਿਖੇ ਮਾਘੀ ਦੇ ਮੇਲੇ ਤੇ ਇਕ ਵਡਾ ਇਕੱਠ ਹੋਇਆ ਨਾਮਧਾਰੀ ਵੀਰ ਭਾਈ ਹੀਰਾ ਸਿੰਘ ਨੇ ਅੰਗ੍ਰੇਜ਼ ਜ਼ਾਲਮਾਂ ਵਿਰੁਧ ਬੜੀ ਧੂਆਂ ਧਾਰ ਤਕਰੀਰ ਕੀਤੀ ਤੇ ਆਖਿਆ:-ਸਾਨੂੰ ਮਲੇਰ ਕੋਟਲੇ ਤੇ ਹੱਲਾ ਬੋਲਕੇ ਹਥਿਆਰ ਲੁੱਟ ਲੈਣੇ ਚਾਹੀਦੇ ਹਨ। ਗਊ-ਬੱਧ ਰੋਕਣਾਂ ਚਾਹੀਦਾ ਹੈ ਤੇ ਅੰਗ੍ਰੇਜ਼ ਵਿਰੁਧ ਗਦਰ ਮਚੌਣ ਦੀ ਤਿਆਰੀ ਕਰਨੀ ਚਾਹੀਦੀ ਹੈ।

ਅਗੇ ਬਿਆਨ ਕਰਦੇ ਹੋਏ ਬਾਬਾ ਜੀ ਨੇ ਕਿਹਾ:-

"ਹੀਰਾ ਸਿੰਘ ਦੀ ਅਗਵਾਈ ਵਿੱਚ ਇਕ ਜਥਾ ਪਹਿਲਾਂ ਮਲੌਦ ਗਿਆ। ਇਸ ਜਥੇ ਵਿੱਚ ਦੋ ਕੁ ਸੌ ਬੰਦੇ ਹੋਣਗੇ। ਮੈਂ ਵੀ ਇਸ ਜਥੇ ਨਾਲ ਸ਼ਾਮਲ ਸਾਂ। ਸਾਡੇ ਕੋਲ ਟਕੂਏ, ਬਰਛੇ ਤੇ ਕ੍ਰਿਪਾਨਾਂ ਹੀ ਸਨ। ਅਸਾਂ ਸ੍ਰਦਾਰਾਂ ਤੋਂ ਹਥਿਆਰ ਮੰਗੇ। ਓਨ੍ਹਾਂ ਇਨਕਾਰ ਕਰ ਦਿਤਾ ਤੇ ਲੜਾਈ ਹੋ ਪਈ ਦੋਹਾਂ ਪਾਸਿਆਂ ਤੋਂ ਕੁਝ ਮਰੇ ਤੇ ਕੁਝ ਫੱਟੜ ਹੋਏ। ਕੁਝ ਹਥਿਆਰ ਤੇ ਕੁਝ ਘੋੜੀਆਂ ਸਾਡੇ ਹੱਥ ਲਗੀਆਂ। ਫੇਰ ਅਸਾਂ ਅਚਨ ਚੇਤ

ਮਲੇਰ ਕੋਟਲੇ ਜਾ ਧਾਵਾ ਬੋਲਿਆ ਬਾਹਰੋਂ ਫੌਜ ਆ ਗਈ ਤੇ ਸਾਨੂੰ ਨਸਣਾਂ ਪਿਆ।

ਬਾਬਾ ਜੀ ਦਸਦੇ ਹਨ ਕਿ ਇਥੇ ਉਨ੍ਹਾਂ ਬੁਚੜ ਨਹੀਂ ਮਾਰੇ ਸਗੋਂ ਹਥਿਆਂਰਾਂ ਲਈ ਹੀ ਧਾਵਾ ਬੋਲਿਆ ਸੀ।

ਹਕੂਮਤ ਨੇ ਆਪਣੇ ਪਿਠੂਆਂ ਤੋਂ ਰਪੋਰਟਾਂ ਕਰਵਾਈਆਂ ਕਿ ਨਾਮਧਾਰੀ ਲਹਿਰ ਖ਼ਤਰਨਾਕ ਲਹਿਰ ਹੈ ਤੇ ਇਸਨੂੰ ਦਬਾ ਦੇਣਾਂ ਚਾਹੀਦਾ ਹੈ।

ਸਭ ਤੋਂ ਪਹਿਲਾਂ ੧੮੬੩ ਵਿੱਚ ਫੀਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਆਪਣੇ ਜ਼ਿਲੇ ਵਿੱਚ ਨਾਮਧਾਰੀ ਦੀਵਾਨਾਂ ਤੇ ਪਾਬੰਦੀ ਲਾ ਦਿਤੀ, ਤੇ ਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕਾਂ ਸਣੇ ਨਜ਼ਰਬੰਦ ਕਰ ਦਿਤਾ। ਤੇ ਲਗਾਤਾਰ ੨੮ ਦਿਨ ਲੁਧਿਹਾਣੇ ਡੀ. ਸੀ.ਕੋਲ ਹਾਜ਼ਰੀ ਦੇਣ ਜਾਣਾਂ ਪਿਆ। ਪੰਜਾਬ ਦੇ ਗਵਰਨਰ ਨੇ ਜ਼ਿਲਾ ਅਟਕ ਦੇ ਐਸਿਸਟੈਂਟ ਸੁਪ੍ਰਟੰਡੰਟ ਪੁਲਸ ਨੂੰ ਬੁਲਾਕੇ ਹਜ਼ਰੋਂ ਦੇ ਕੂਕਿਆਂ ਦੀ ਨਿਗਰਾਨੀ ਕਰਨ ਦਾ ਹੁਕਮ ਦਿਤਾ। ਅੰਮ੍ਰਿਤਸਰ ਕਮਿਸ਼ਨਰੀ ਦੇ ਕਮਿਸ਼ਨਰ ਮੇਜਰ ਫਹਿੰਗਟਨ ਨੇ ੩੧ ਮਈ ੧੮੬੩ ਦੀ ਆਪਣੀ ਰਪੋਰਟ ਵਿੱਚ ਅਤੇ ਅੰਮ੍ਰਿਤਸਰ ਦੇ ਡੀ. ਐਸ. ਪੀ.ਮਿ:ਮੈਂਜੀਜ਼ ਨੇ ੭ ਅਤੇ ੨੨ ਜੂਨਦੀਆਂਆਪਣੀਆਂ ਰਪੋਰਟਾਂ ਵਿੱਚ ਨਾਮਧਾਰੀਆਂ ਵਲੋਂ ਬਗਾਵਤ ਦਾ ਡਰ ਦਸਿਆ। ੩੦ ਜੂਨ ੧੮੬੩ ਨੂੰ ਪੰਜਾਬ ਸ੍ਰਕਾਰ ਨੇ ਗੁਰੂ ਰਾਮ ਸਿੰਘ ਜੀ ਨੂੰ ਪੱਕੀ ਤਰਾਂ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿਤਾ ਪਰ ਨਾਮਧਾਰੀਆਂ ਵਿੱਚ ਗੁੱਸਾ ਵਧਦਾ ਵੇਖਕੇ ੧੮੬੬ ਵਿੱਚ ਪਾਬੰਦੀਆਂ ਚੁਕ ਲਈਆਂ ਗਈਆਂ। ਪਰ ਇਹ ਗੱਲ ਆਰਜ਼ੀ ਹੀ ਸੀ।

ਬੁੱਚੜ ਖਾਨਿਆਂ ਦੀ ਵਾਰਦਾਤ ਨਾਲ ਸਬੰਧ ਜੋੜਕੇ ੧੮੭੨ ਨੂੰ ਮਲੇਰ ਕੋਟਲੇ ਵਿੱਚ ਕਈ ਨਾਮਧਾਰੀ ਤੋਂਪਾਂ ਅਗੇ ਉਡਾਏ ਗਏ। ਬਾਬਾ ਦਲੀਪ ਸਿੰਘ ਜੀ ਦਸਦੇ ਹਨ:-

"ਭਾਈ ਹੀਰਾ ਸਿੰਘ ਸਣੇ ੫੦-੬੦ (ਅਸਲ ਗਿਣਤੀ ੬੮ ਹੈ-ਸੰਪਾਦਕ) ਨਾਮਧਾਰੀ ਵੀਰ ਤੋਪਾਂ ਅਗੇ ਉਡਾ ਦਿਤੇ ਗਏ। ਉਪ੍ਰੰਤ ਲੁਧੇਹਾਣੇ ਤੋਂ ੫੨ ਨਾਮਧਾਰੀ ਗ੍ਰਿਫਤਾਰ ਕੀਤੇ ਗਏ ਜਿਨਾਂ ਵਿਚ ਮੈਂ ਆਪ ਵੀ ਸਾਂ ਕਈ ਚਿਰ ਜੇਲਾਂ ਵਿਚ ਤਸੀਹੇ ਭੋਗਦਾ ਰਿਹਾ। ੨੦ ਬੰਦੇ ਮਲੌਦ ਲਿਆਕੇ ਫਾਹੇ ਦਿਤੇ ਗਏ। ਇਨਾਂ ਵਿਚ ਭਾਈ ਰਤਨ ਸਿੰਘ ਰਾਣੀ ਵਾਲ ਤੇ ਭਾਈ ਰਤਨ ਸਿੰਘ ਮੰਡੀ ਵਾਲਾ ਵੀ ਫਾਹੇ ਲਾਏ ਗਏ।

ਜੇੜੇ ਨਾਮਧਾਰੀ ਤੋਪਾ ਅਗੇ ਉਡਣੋਂ ਤੇ ਫਾਹੇ ਚੜਨੋਂ ਬਚ ਰਹੇ ਉਨਾਂ ਨੂੰ ਉਨਾਂ ਦੇ ਪਿੰਡਾਂ ਵਿਚ ਨਜ਼ਰ ਬੰਦ ਕਰ ਦਿਤਾ ਗਿਆ ਤੇ ਉਨਾਂ ਉਤੇ ਹੋਰ ਕਈ ਪਾਬੰਦੀਆਂ ਲਾ ਦਿਤੀਆਂ ਗਈਆਂ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਗਿਆ।

ਗਲ ਕੀ ੧੮੭੧-੭੨ ਤੋਂ ਲੈਕੇ ੧੯੨੦ ਤਕ, ਲਗ ਪਗ ਅੱਧੀ ਸਦੀ ਤਕ ਨਾਮਧਾਰੀ ਵੀਰਾਂ ਉਤੇ ਅੰਗਰੇਜ਼ ਸਾਮਰਾਜ ਵਲੋਂ ਸਖਤੀ ਦਾ ਦੌਰ ਜਾਰੀ ਰਿਹਾ ਤੇ ਹਿੰਦ ਦੀ ਕੌਮੀ ਲਹਿਰ ਦੇ ਚੜ੍ਹਾਅ ਨੇ ਉਨਾਂ ਤੋਂ ਇਹ ਪਾਬੰਦੀਆਂ ਨਰਮ ਕਰਵਾਈਆਂ।

ਇਹ ਸਾਰੀ ਵਿਥਿਆ ਇਹ ਗਲ ਸਪਸ਼ਟ ਤੌਰ ਤੇ ਪ੍ਰਗਟ ਕਰਦੀ ਹੈ ਕਿ ਨਾਮਧਾਰੀ ਲਹਿਰ ਦਾ ਖਾਸ਼ਾਅੰਗ੍ਰੇਜ਼ ਸਾਮਰਾਜ ਵਿਰੋਧੀ ਖਾਸਾ ਸੀ ਤੇ ਇਹ ਨਾਮਧਾਰੀ ਵੀਰ ਭਾਰਤ ਵਰਸ਼ ਨੂੰ ਅੰਗਰੇਜ਼ ਦੇ ਪੰਜੇ ਤੋਂ ਆਜ਼ਾਦ ਕਰਵੌਣ ਲਈ ਹੀ ਕੰਮ ਕਰ ਰਹੇ ਸਨ।

--o--

[ਸਵਰਨ-ਸਨੇਹੀ

ਸਰੂਵਾਂ ਫੁਲੀਆਂ, ਗੁੰਚੇ ਟਹਿਕੇ ਵਗੀ ਸਮੀਰਾਂ ਰਾਣੀ।
ਬਨ ਪਰਬਤ ਪੰਖੇਰੂ ਝੂਮੇ, ਜਲ-ਥਲ ਫਿਰੀ ਜਵਾਨੀ।
ਕੁਦਰਤ ਦਾ ਕਾਦਰ ਅਜ ਆਇਆ ਸਮਾਂ ਸੁਹਾਣਾ ਹੋਇਆ।
ਘਰ ਘਰਮੰਗਲ ਗੀਤ ਗੰਵੀਂਦੇ ਆਇਆ ਹੈ ਦਿਲ-ਜਾਨੀ।

ਸ੍ਰੀ ਪ੍ਰੀਤਮ ਸਿੰਘ ਜੀ 'ਪੰਛੀ'

ਇਤਹਾਸ ਦੇ ਪੈਰ-ਚਿੰਨ੍ਹ

ਬਚਪਨ ਦੀਆਂ ਯਾਦਾਂ ਉਂਞ ਵੀ ਅਭੁੱਲ ਹੁੰਦੀਆਂ ਹਨ, ਪਰ ਜੋ ਬਚਪਨ ਦੇ ਅਠ-ਦਸ ਵਰ੍ਹੇ ਭੈਣੀ ਸਾਹਿਬ ਬੀਤੇ ਸਨ ਉਹਨਾਂ ਵਰ੍ਹਿਆਂ ਦੀ ਅਮਿਟ ਛਾਪ ਅੱਜ ਭੀ ਮਨ ਉਤੇ ਜਿਉਂ ਦੀ ਤਿਉਂ ਉਕਰੀ ਹੋਈ ਹੈ। ਇਹ ਵਰ੍ਹੇ ਕੋਈ ਸਧਾਰਨ ਨਹੀਂ ਸਨ।

ਪੰਜਾਬ ਦੇ ਲਗ ਪਗ ਸਾਰੇ ਜ਼ਿਲਿਆਂ ਤੋਂ ਇਕੱਠੇ ਹੋਏ ਅਸੀਂ ਵਿਦਿਆਰਥੀ ਇਕ ਅਜਿਹੇ ਭਾਈ ਚਾਰੇ ਵਿਚ ਪਰੁੱਤੇ ਗਏ ਸਾਂ ਕਿ ਜਿਸਦੀਆਂ ਬੁਨਿਆਦਾਂ ਬੜੀਆਂ ਪੁਖਤਾ ਸਨ। ਬਚਪਨ ਦੇ ਅਲ੍ਹੜ ਦਿਨ ਲੰਘ ਜਾਣ ਤੇ ਸਾਨੂੰ ਮਹਿਸੂਸ ਹੋਣ ਲਗ ਪਿਆ ਸੀ ਕਿ ਅਸੀਂ ਜਿਸ ਪਵਿਤਰ ਧਰਤੀ ਉਤੇ ਰਹਿ ਰਹੇਹਾਂ, ਉਸ ਦੀ ਛੋਹ ਤਕ ਪ੍ਰਾਪਤ ਕਰਨੀ ਇਕ ਮਾਣ ਵਾਲੀ ਗਲ ਹੈ।

ਭੈਣੀ ਸਾਹਿਬ ਇਕ ਮਹਾਨ ਤੀਰਥ ਹੈ। ਇਸਦੇ ਗੌਰਵ ਮਈ ਇਤਹਾਸਤੋਂ ਪ੍ਰੇਰਨਾਂ ਲੈਣ ਲਈ ਦੇਸ਼ ਭਰ ਤੋਂ ਲੋਕ ਆਉਂਦੇ ਸਨ। ਉਹਨਾਂ ਵਿਚ ਉਹ ਮਹਾਨ ਕੌਮੀ ਆਗੂ ਵੀ ਹੁੰਦੇ ਸਨ, ਜਿਨਾਂ ਨੇ ਦੇਸ਼ ਨੂੰ ਬਦੇਸ਼ੀਆਂ ਤੋਂ ਸੁਤੰਤਰ ਕਰਾਉਣ ਲਈ ਆਪ-ਣੀਆਂ ਜਿੰਦਗੀਆਂ ਅਰਪਣ ਕਰ ਦਿਤੀਆਂ ਹੋਈਆਂ ਸਨ।

੧੯੩੪ ਦਾ ਉਹ ਦਿਨ ਅਜੇ ਵੀ ਯਾਦ ਹੈ। ਜਦੋਂ ਕਿ ਕੋਇਟੇ ਵਿਚ ਭੂਚਾਲ ਆਇਆ ਸੀ ਤੇ ਉਸ ਵੇਲੇ ਦੇ ਕਾਂਗਰਸੀ-ਪ੍ਰਧਾਨ ਬਾਬੂ ਰਾਜਿੰਦਰ ਪ੍ਰਸ਼ਾਦ ਭੁਚਾਲ-ਪੀੜਤਾਂ ਲਈ ਫੰਡ ਇਕੱਠਾ ਕਰਦੇ ਦੇਸ਼ ਭਰਦਾ ਦੌਰਾ ਕਰ ਰਹੇ ਸਨ। ਉਹ ਭੈਣੀ ਸਾਹਿਬ ਆਏ। ਹਰੀ ਮੰਦਰ ਵਿਚ ਉਹਨਾਂ ਦੀ ਸੁਆਗਤ ਹੋਇਆ। ਨਾਮਧਾਰੀ ਇਤਿਹਾਸ ਦੇ ਕਈ ਉਹ ਪੰਨੇ ਜਿਹੜੇ ਉਹਨਾਂ ਦੀਆਂ ਅੱਖਾਂ ਤੋਂ ਓਝਲ ਸਨ-ਸੁਣਕੇ ਉਹਨਾਂ ਦਾ ਦੇਸ਼ ਭਗਤਕ ਜਜ਼ਬਾ ਹੋਰ ਟੁੰਬਿਆ ਗਿਆ ਸੀ। ਕਾਂਗਰਸ ਦੇ ਮੋਹਰਲੀ ਕਤਾਰ ਦੇ ਆਗੂ ਹੋਣ ਦੀ ਹੈਸੀਅਤ ਵਿਚ ਉਹਨਾਂ ਨੇ ਕਬੂਲਿਆ ਸੀ ਕਿ ਨਾ- ਮਲਵਰਤਨ ਦੀ ਜੋ ਲਹਿਰ ਮਹਾਤਮਾਂ ਗਾਂਧੀ ਨੇ ਚਲਾਈ ਸੀ, ਉਹਨੂੰਪੂਰੀ ਸਫਲਤਾ ਨਾਲ ਚਲਾਉਣ ਵਾਲੇ ਨਾਮ-ਧਾਰੀ ਲਹਿਰਦੇਪ੍ਰਵਰਤਕਸਤਿਗੁਰੂ ਰਾਮ ਸਿੰਘਸਨ।

ਮੈਨੂੰ ਚੰਗੀਤਰਾਂ ਯਾਦ ਹੈ ਕਿ ਰਾਜਨ ਬਾਬੂ ਭੈਣੀ ਸਾਹਿਬ ਦੀ ਸਾਦਗੀ ਦੇਖਕੇ ਕਿੰਨੇ ਪ੍ਰਭਾਵਿਤ ਹੋਏ ਸਨ! ਮੋਟਾ ਖੱਦਰ ਪਹਿਨਣ ਵਾਲਾ ਹਰੇਕ ਨਾਮ-ਧਾਰੀ ਓਹਨਾਂ ਨੂੰ ਕੌਮੀ ਲਹਿਰ ਦਾ ਸਚਾ ਸਿਪਾਹੀ ਜਾਪਿਆ ਸੀ।

ਚਾਲੀ-ਪੰਜਾਹ ਵਿਦਿਆਰਥੀਆਂ ਦਾ ਖੱਦਰ ਦਾ ਪਹਿਰਾਵਾ ਦੇਖਕੇ ਉਨਾਂ ਨੇ ਓਦੋਂ ਕੰਡ ਥਾਪੜੀ ਸੀ।

ਮਾਤਾ ਜੀਵਨ ਕੌਰ ਤੇ ਫਤਹ ਕੌਰ ਦਾ ਤਿਆਗ ਤੇ ਸੇਵਾ ਦਾ ਜੀਵਨ ਉਹਨਾਂ ਲਈ ਇਕ ਮਹਾਨ ਪ੍ਰੇਰਣਾ ਸੀ। ਉਹ ਜਗਤ-ਮਾਤਾਵਾਂ ਸਨ ਜਿਨ੍ਹਾਂ ਨੇ ਦੇਸ਼ ਲਈ ਬੜੀਆਂ ਘਾਲਣਾ ਘਾਲੀਆਂ ਸਨ। ਜਿਹੜਾ ਵੀ ਕੋਈ ਭੈਣੀ ਸਾਹਿਬ ਦੀ ਯਾਤਰਾ ਲਈ ਆਇਆ, ਉਹ ਉਹਨਾਂ ਦੀ ਸੇਵਾ ਦਾ ਸਨੇਹ ਮਈ ਪਰਸ਼ਾਦ ਲੈਕੇ ਜਰੂਰ ਗਿਆ। ਚਾਲੀ-ਪੰਜਾਹ ਵਿਦਿਆਰਥੀ ਤਾਂ ਉਹਨਾਂ ਦੇ ਲਾਡਲੇ ਬਚੇ ਸਨ। ਮਾਤਾਵਾਂ ਦਾ ਤਪੱਸਵੀ ਜੀਵਨ ਸਦਾ ਸੇਵਾ ਕਰਨ ਦੀ ਪ੍ਰੇਰਨਾ ਦਿੰਦਾ ਸੀ।

ਨਾਮਧਾਰੀਆਂ ਉਤੇ ਸਖਤੀਆਂ ਦਾ ਸਾਰਾ ਦੌਰ ਉਹਨਾਂ ਦੀਆਂ ਅਖਾਂ ਅਗੋਂ ਗੁਜ਼ਰਿਆ ਸੀ। ਅੰਗ੍ਰੇਜ਼ ਦੀ ਜੇਲ੍ਹ ਦੇਖੀ ਸੀ ਤੇ ਨਜ਼ਰਬੰਦੀ ਦਾ ਕਸ਼ਟਾਂ ਭਰਿਆ ਜੀਵਨ ਗੁਜ਼ਾਰਿਆ ਸੀ। ਪਰ ਆਪਣੇ ਮੰਤਵ ਤੇ ਟੀਚੇ ਤੋਂ ਉਹ ਜ਼ਰਾ ਵੀ ਏਧਰ ਓਧਰ ਨਹੀਂ ਸਨ ਹੋਏ। ਪੁਲਿਸ ਤੋਂ ਚੋਰੀ-ਛੱਪੀਂ ਭੈਣੀ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਯਾਤ੍ਰੀਆਂ ਦੀ ਸਾਰ-ਸੰਮਾਲ ਜਿਸ ਅਪਣੱਤ ਨਾਲ ਉਹ ਕਰਦੇ ਸਨ, ਉਸ ਵਿਚ ਮਾਂ ਦੀ ਮਮਤਾ ਦਾ ਭਰਪੂਰ ਜਜ਼ਬਾ ਕੰਮ ਕਰਦਾ ਸੀ।

ਇਕ ਮਹਾਨ ਆ ਤਮਾ ਬਾਬਾ ਤਖਤ ਸਿੰਘ ਜੀ ਦੀ ਯਾਦ ਆਉਂਦੀ ਹੈ। ਉਹ ਸਾਨੂੰ ਨਾਮਧਾਰੀ ਇਤਹਾਸ ਦੀਆਂ ਬੀਤੀਆਂ ਕਹਾਣੀਆਂ ਸੁਣਾਉਂਦੇ ਹੁੰਦੇ ਸਨ। ਮੈਨੂੰ ਯਾਦ ਹੈ ਕਿ ਅਸੀਂ ਕਿਵੇਂ ਇਕ ਦੂਜੇ ਤੋਂ ਮੂਹਰੇ ਹੋਕੇ ਸੁਣਦੇ ਹੁੰਦੇ ਸਾਂ ਤੇ ਸਾਡੇ ਬਾਲ-ਦਿਲਾਂ ਵਿਚ ਆਪੀਂ ਕੁਝ ਕਰਨ ਤੇ ਬਣਨ ਦਾ ਜੋਸ਼ ਜਾਗਦਾ ਸੀ। ਬਾਬਾ ਤਖਤ ਸਿੰਘ ਜੀ ਦੀ ਸਮੁੰਦਰੋਂ ਪਾਰ ਜਾਕੇ ਬਰ੍ਹਮਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਦੀ ਵਾਰਤਾ ਕੋਲੰਬਸ ਨਾਲੋਂ ਘਟ ਕਸ਼ਟਾਂ ਭਰੀ ਨਹੀਂ ਸੀ। ਨਾਮਧਾਰੀ ਓਦੋਂ ਅਸਹਿ ਕਸ਼ਟ ਝਲਕੇ ਬਰ੍ਹਮਾ ਪੁਜਦੇ ਸਨ ਤੇ ਫਿਰ ਸਰਕਾਰ ਦੀ ਅਖੀਂ ਧੂੜ ਝੋਕਕੇ ਸਤਿਗੁਰੂ ਦਰਸ਼ਨਾਂ ਦੀ ਆਪਣੀ ਤਮੰਨਾਂ ਪੂਰੀ ਕੀਤੇ ਬਿਨਾਂ ਦੇਸ ਨਹੀਂ ਸਨ ਪਰਤਦੇ।

ਅਸੀ ਆਪਣੇ ਬਚਪਨ ਵਿੱਚ ਉਹਨਾ ਬਹੁਤ ਸਾਰੇ ਬਜ਼ੁਰਗ ਮਸਤਾਨਿਆਂ ਦੀਵਾਨਿਆਂ ਦਾ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਹੈ ਜਿਹੜੇ ਨਾਮਧਾਰੀ–ਲਹਿਰ ਦੇ ਪ੍ਰਤੀਕ ਕਹੇ ਜਾ ਸਕਦੇ ਹਨ ਜਿਨ੍ਹਾਂ ਨੇ ਆਪਣੇ ਘਰ-ਘਾਟ, ਜ਼ਮੀਨ–ਜਾਇਦਾਦ ਸਭ ਭੈਣੀ ਸਾਹਿਬ ਦੇ ਲੰਗਰ ਨੂੰ ਅਰਪਣ ਕਰ ਦਿਤੀ ਸੀ। ਅਜਿਹੀ ਕੁਰਬਾਨੀ ਕਰਨ ਵਾਲੇ ਇਕ ਨਹੀਂ, ਹਜ਼ਾਰਾਂ ਸਨ। ਇਸਤੋਂ ਸਪਸ਼ਟ ਹੈ ਕਿ ਉਸ ਸਮੇਂ ਨਾਮਧਾਰੀਲਹਿਰ ਦਾ ਪ੍ਰਭਾਵ ਪੰਜਾਬ ਦੇ ਕੋਨੇ ਕੋਨੇ ਵਿੱਚ ਕਿੰਨੀ ਤੇਜ਼ੀ ਨਾਲ ਫੈਲ ਗਿਆ ਸੀ। ਸਿਖ ਰਾਜ ਦੀ ਗਿਰਾਵਟ ਤੋਂ ਬਾਹਦ ਪੈਦਾ ਹੋਈ ਚੜ੍ਹਤਾ ਇਕ ਦਮ ਟੁੱਟ ਗਈ ਸੀ ਤੇ ਪੰਜਾਬ ਦਾ ਠੰਢਾ ਲਹੂ ਨਵੀਂਜ਼ਿੰਦਗੀ ਦੀ ਲਹਿਰ ਨੇ ਗਰਮਾ ਦਿਤਾ ਸੀ।

ਇਕ ਦੂਜੇ ਤੋਂ ਆਪਾ ਵਾਰਨ ਦੀ ਭਾਵਨਾ ਅੱਜ ਵੀ ਨਾਮਧਾਰੀਆਂ ਅੰਦਰ ਮੌਜੂਦ ਹੈ। ਅੱਜ ਦੇ ਬਦਲੇ ਜ਼ਮਾਨੇ ਵਿੱਚ ਜਦੋਂ ਕਿ ਵਿਗਿਆਨਕ ਉੱਨਤੀ ਨੇ ਇਕ ਮੁੱ-ਢੋਂ ਮਨੁੱਖ ਵਿੱਚ ਤਬਦੀਲੀ ਲੈ ਆਂਦੀ ਹੈ–ਨਾਮਧਾਰੀ ਦਾ ਅਤਿੱਥੀ-ਸਤਿਕਾਰ ਜਿਉਂ ਦਾ ਤਿਉਂ ਕਾਇਮ ਹੈ।

ਕੋਈ ਸਮਾਂ ਸੀ ਕਿ ਨਾਮਧਾਰੀ ਆਪਣੇ ਸ਼ਹਿਰ ਗਿਰਾਵਾਂ ਵਿੱਚ ਨਾਮਧਾਰੀ ਸੰਗਤਾਂ ਨੂੰ ਜੁੜਿਆ ਦੇਖਕੇ ਇਕ ਮਹਾਨ ਗੌਰਵਤਾ ਅਨੁਭਵ ਕਰਦੇ ਸਨ ਤੇ ਹੌਲੇ ਮਹੱਲਿਆਂ ਖਾਤਰ ਆਪਣਾਂ ਸਭ ਕੁਝ ਵੇਚ ਦਿੰਦੇ ਸਨ। ਅੱਜ ਭਾਵੇਂ ਇਹ ਸੰਭਵ ਨਹੀਂ ਰਹਿ ਗਿਆ, ਕਿਉਂਕਿ ਨਵੀਆਂ ਆਰਥਿਕ ਤੇ ਸਮਾਜਿਕ ਕੀਮਤਾਂ ਨੇ ਸਾਡੇ ਜੀਵਨ ਵਿੱਚ ਬੜਾ ਪਰਿਵਰਤਨ ਲੈ ਆਂਦਾ ਹੈ, ਪਰ ਫਿਰ ਵੀ ਨਾਮਧਾਰੀ ਸੇਵਾ ਤੇ ਤਿਆਗ ਵਿੱਚ ਬਾਕੀ ਸਭ ਨਾਲੋਂ ਇੱਕ ਵਿਲੱਖਣਤਾ ਰਖਦਾ ਹੈ।

ਕੁਝ ਦਿਨ ਪਹਿਲਾਂ ਗਦਰ ਪਾਰਟੀ ਦੇ ਮਹਾਨ ਆਗੂ ਜਿਹੜੇ ਸੌ ਵਰ੍ਹੇ ਦੀ ਉਮਰ ਨੂੰ ਢੁੱਕਣ ਵਾਲੇ ਹਨ। ਬਾਬਾ ਸੋਹਣ ਸਿੰਘ ਭਕਨਾ ਨਾਲ ਦਿੱਲੀ ਵਿੱਚ ਕੁਝ ਘੰਟੇ ਬਿਤਾਉਣ ਦਾ ਸੁਭਾਗ ਮਿਲਿਆ ਸੀ। ਉਹਨਾਂ ਨੇ ਆਪਣੀ ਇਨਕਲਾਬੀ ਜ਼ਿੰਦਗੀ ਦੀ ਕਹਾਣੀ ਕਹਿੰਦਿਆਂ ਦੱਸਿਆ ਸੀ–ਕਿ ਕਿਵੇਂ ਉਹਨਾਂ ਦੀ ਜੁਆਨੀ ਦੇ ਬਾਰਾਂ ਵਰ੍ਹੇ ਨਾਮਧਾਰੀ ਲਹਿਰ ਦੇ ਪ੍ਰਭਾਵ ਹੇਠ ਬੀਤੇ ਸਨ। ਚੜ੍ਹਦੀ ਜੁਆਨੀ ਵਿੱਚ ਆਪਣਾਂ ਦੇਸ ਛੱਡਕੇ ਅਮ੍ਰੀਕਾ ਰੋਜ਼ੀ ਕਮਾਉਣ ਖਾਤਰ ਜਾਣਦਾ ਵੀ ਇਹੋ ਕਾਰਨ ਸੀ ਕਿ ਉਹ ਆਪਣੀ ਸਾਰੀ ਜ਼ਮੀਨ-ਜਾਇਦਾਦ ਨਾਮਧਾਰੀ ਸੰਗਤਾਂ ਦੇ ਲੇਖੇ ਲਾ ਚੁੱਕੇ ਸਨ।

ਅੱਜ ਜਦੋਂ ਕਿ ਸਾਡਾ ਕੌਮੀ-ਇਖਲਾਕ ਦਿਨੋਂ ਦਿਨ ਨਿਘਰਦਾ ਜਾ ਰਿਹਾ ਹੈ ਤੇ ਅਸੀਂ ਆਪਣੀਆਂ ਮਹਾਨ ਰਵਾਇਤਾਂ ਨੂੰ ਭੁੱਲਦੇ ਜਾ ਰਹੇ ਹਾਂ ਤਾਂ ਸਾਨੂੰ ਨਾਮਧਾਰੀ ਲਹਿਰ ਦੇ ਉਸ ਮਹਾਨ ਇਤਿਹਾਸ ਦੇ ਪੈਰ-ਚਿੰਨ੍ਹਾਂ ਵੱਲਤੱਕਣ ਦੀ ਲੋੜ ਹੈ ਜੋ ਸਦਾ ਸੁਤੰਤ੍ਰ ਤੇ ਖੁਸ਼ਹਾਲ ਜੀਵਨ ਜਿਊਣ ਵੱਲ ਅਗਾਂਹ ਵੱਧਦੇ ਰਹਿਣ ਦੀ ਪ੍ਰੇਰਣਾਂ ਦਿੰਦਾ ਹਾਂ।

--o--

ਸੁਹਣੀ ਸੂਰਤ, ਪਿਆਰੀ ਮੂਰਤ,
ਦਿਲ ਮੇਰੇ ਵਿਚ ਵਸਦੀ।
ਜਿਉਂ ਜਿਉਂ ਮੈਂ ਉਸ ਵਲ ਹਾਂ ਵਧਦਾ
ਦੂਰ ਦੁਰੇਡੀ ਨਸਦੀ।
ਉਹ ਜਲਵਾ, ਉਹ ਪਿਆਰੀਆਂ ਛੋਹਾਂ,
ਕੀ ਜਾਣਾਂ ਕਦ ਮਿਲਸਣ;
ਜਿਨ੍ਹਾਂ ਦੀ ਇਕੋ ਝਲਕ ਨੂਰਾਨੀ,
ਰੋਮ ਰੋਮ ਵਿਚ ਲਸਦੀ।

ਸ੍ਰ. ਦਲਬੀਰ ਸਿੰਘ ਜੀ 'ਤਰਸ' ਅਸਟ੍ਰੇਲੀਆ

ਚੰਨਾ

ਲੋਕਾਂ ਦਾ ਚੰਨ ਗਗਨੀ ਵਸੇ
ਚੰਨ ਆਪਣੇ ਨੂੰ ਖੁਲ੍ਹੀਆਂ ਬਾਹਾਂ
ਪਸਰੀ ਪਈ ਅੰਧੇਰੀ ਵਿਚੋਂ
ਅੱਜ ਅਵਾਜ਼ਾਂ ਮਾਰਦੀਆਂ ।

ਰੁਨਾਂ ਚਾਨਣ ਨ੍ਹੇਰ ਚੁਫ਼ੇਰੇ
ਤਾਰਾ ਮੰਡਲ ਸਾਥ ਨਾ ਮੇਰੇ
ਬੁੱਢੀਆਂ ਖਿੱਤੀਆਂ ਸੁੱਤੀਆਂ ਪਈਆਂ
ਤਾਲ ਦੀਆਂ ਤਾਰਾਂ ਊਂਘ ਨੇ ਰਹੀਆਂ
ਹਿਜ਼ਰ ਤੇਰੇ ਦੀਆਂ ਡੰਡੀਆਂ ਫੜੀਆਂ
ਸਿਸਕੀਆਂ ਆਹਾਂ ਅੱਗੇ ਮੇਰੇ
ਹਰ ਕਿਣਕਾ ਲਿਸ਼ਕਾਰਦੀਆਂ ।

ਪਲਕਾਂ ਕੰਢੀ ਜੰਮੇਂ ਮੋਤੀ
ਕਿਸਨੂੰ ਅੱਜ ਮੈਂ ਉਲਟ ਵਿਖਾਵਾਂ
ਕੌਣ ਇਨ੍ਹਾਂ ਨੂੰ ਲੜੀ ਪਰੋਵੇ
ਸਿਮ ਸਿਮ ਇਹ ਬਣੇ ਅੰਗਾਰੇ
ਤਪਸ਼ ਇਨ੍ਹਾਂ ਦੀ ਹਿਰਦਾ ਸਾੜੇ
ਕੋਈ ਜਾਂ ਗਿਰਦਾ ਹੌਕਾ ਉੱਗੇ
ਹਰ ਹੌਕੇ ਦੀਆਂ ਲੰਮੀਆਂ ਲਗਰਾਂ
ਯਾਦ ਤੇਰੀ ਦਾ ਕੋਮਲ ਬੂਟਾ
ਝੁੱਲ ਕੇ ਕਿਵੇਂ ਸ਼ਿੰਗਾਰਦੀਆਂ ।

ਸੁੱਕਕੇ ਰਹਿ ਗਏ ਬੁਲ੍ਹ ਜੋ ਮੇਰੇ
ਖਿਖੜੀ ਹੋ ਗਏ ਚਾਅ ਘਨੇਰੇ
ਜ਼ਰਦੀ ਆਈ ਤੇ ਜੋਬਨ ਉੜਿਆ
ਹਰ ਇਕ ਰੰਗ ਵੇ ਬ੍ਰਿਹੋਂ ਰੁੜ੍ਹਿਆ
ਉਛਲ ਪਿਆਲੇ ਖਾਲੀ ਹੋਏ
ਪਿਆਸ ਮੇਰੀ ਦੇ ਸਨ ਜੋ ਢੋਏ
ਆਸ ਨਿਖੁਟੀ ਤਰਲੇ ਪਾਵੇ
ਮਰੀਆਂ ਰੀਝਾਂ ਸਾੜਦੀਆਂ ।

ਅੰਬਰੋਂ ਨਿੱਘੀ ਕਣ ਕਣ ਵਸੇ
ਦਿਲ ਦੀ ਧਰਤੀ ਵਿਚ ਸਮੋਵੇ
ਪ੍ਰੀਤ ਤੇਰੀ ਨੇ ਫੁਲ ਜੋ ਕੇਰੇ
ਉੱਗਣ ਬੂਟੇ ਚਾਰ ਚੁਫ਼ੇਰੇ
ਹਰ ਬੂਟੇ ਤੇ ਫੁਲੀਆਂ ਟਹਿਕਣ
ਹਰ ਬੂਟੇ ਚੋਂ ਮਹਿਕਾਂ ਮਹਿਕਣ
ਗਦ ਗਦ ਹੌਕੇ ਜੀਵਨ ਹੁਲਿਆ
ਲੱਖ ਚਾਵਾਂ ਦੇ ਲੁਹੜੇ ਵਿਚੋਂ
ਗ਼ਮੀਆਂ ਰੂਪ ਨਿਖਾਰਦੀਆਂ

ਵਤਨ ਤੇਰੇ ਚੋਂ ਪੰਛੀ ਆਇਆ
ਸਾਡੇ ਬਾਗੀਂ ਝੁੰਮਰ ਪਾਇਆ
ਪੱਛਮ ਵਲੋਂ ਮੇਘਲ ਚੜ੍ਹਿਆ
ਦਿਲ ਦੇ ਅੰਬਰਾਂ ਉਤੇ ਛਾਇਆ
ਝੁੱਲ ਪਈਆਂ ਅੱਜ ਪੌਣਾਂ ਰੱਤੀਆਂ
ਵਾਛੜ ਨਿਘੀ ਨੂਰ ਵਸਾਇਆ
ਧੁਰ ਸਮੇਂ ਨੇ ਆਣ ਲਪੇਟੀ
ਧਰਤੀ ਨੀਰ ਕਲੇਜੇ ਲਾਇਆ
ਨੀਰ ਵੇ ਕਾਹਦਾ ਕਿਣ ਮਿਣ ਝੜੀਆਂ
ਆਤਮ ਫਸਲ ਸੰਵਾਰਦੀਆਂ ।

ਪੰਛੀ ਤੇਰੀ ਕਹੇ ਕਹਾਣੀ
ਜਿਉਂ ਜਿਉਂ ਚੰਨਾ ਕਿਰਣਾਂ ਝਰੀਆਂ
ਤਿਉਂ ਤਿਉਂ ਜਿੰਦੜੀ ਮਧੁਰ ਵਿਹਾਣੀ
ਚੰਨ ਜੋ ਤੇਰਾ ਜਿੰਦ ਜੋ ਮੇਰੀ
ਕਲਪੀ ਮੂਰਤ ਯਾਦ ਨਿਸ਼ਾਨੀ
ਯਾਦ ਵੇ ਤੇਰੀ ਕਿਸਮਤ ਮੇਰੀ
ਬੋਲ ਵੇ ਤੇਰੇ ਹਿੰਝੂ ਰਵਾਨੀ
ਹਿੰਝ ਮੇਰੀ ਵੇ ਜਲਵੇ ਤੇਰੇ
ਜਿਉਂ ਝਿਮ ਝਿਮ-ਲਿਸ਼ਕੰਦੜਾ ਪਾਣੀ
ਰੁੱਖ ਪਾਣੀ ਦੇ ਲੰਮੀਆਂ ਵਾਟਾਂ

ਝਿਮ ਝਿਮੀਆਂ ਵਿੱਚ ਜਾਦੂ ਭਰਿਆ
ਰਾਹਾਂ ਤਾਈਂ ਵੰਗਾਰਦੀਆਂ।

ਦੇਸ਼ ਤੇਰਾ ਮੇਰੀ ਅੱਖਾਂ ਅਗੇ
ਹੀਰੇ ਜਿਸਤੋਂ ਜਿੰਦੜੀ ਵਾਰੀ!
ਪਲਕਾਂ ਅੰਦਰ ਗਾਂ ਝਟਕੇਂਦੀ
ਔਹ ਕਿਸਨੇ ਅੱਜ ਫੇਰ ਉਸਾਰੀ
ਜ਼ਾਲਮ ਨੇ ਅੱਜ ਫਾਹੀਆਂ ਬੱਧੀਆਂ
ਔਹ ਰਤਨਾਂ ਨੇ ਬਾਂਹ ਉਲਾਰੀ
ਮੂਰਤ-ਤੇਰੀ ਨੂਰ ਇਲਾਹੀ
ਪਰ ਹੰਸੀਲੇ ਚੀਨ ਸਵਾਰੀ
ਰੱਤ ਚੋਈ ਜਿੱਥੇ ਅਸਾਡੇ
ਡਲੀ ਡਲੀ 'ਚੋਂ ਯਾਦ ਦਹਾੜੇ
ਸ਼ੇਰਨੀਆਂ ਭਬਕਾਰਦੀਆਂ।

ਇਕੋ ਦਿਲ ਦਾ ਨਾ ਤੂੰ ਮਾਹੀ
ਕਰੋੜਾਂ ਦੇਸੀਂ ਬੱਚੜੇ ਤੇਰੇ
ਇੱਕ ਕਲਮ ਨਹੀਓਂ ਚਰਨ ਸਮੇਟੀ
ਸੋਨ-ਅਖਰੇ ਲੇਖਕ ਤੇਰੇ
ਊਚ ਨੀਚ ਤੇਰੀ ਚੀਨ-ਪਛਾਤਾ
ਸਭਨੂੰ ਅੰਤਰ ਮਾਹੀ ਬਸੇਰੇ
ਜਿਉਂ ਜਿਉਂ ਦਾਤ ਸਮੇਂ ਦਾ ਵੱਢੇ
ਤਿਉਂ ਤਿਉਂ ਯਾਦਾਂ ਫਸਲ ਵਧੇਰੇ
ਸਦੀ ਦੇ ਤੇਰੇ ਬੋਲ ਗੂੰਜਦੇ
ਇੱਕ ਸਦੀਆ ਤੱਕ ਹੋਰ ਉਚੇਰੇ
ਚੰਨ ਵੇ ਕਿਰਣਾਂ ਝਮ ਝਮ ਝਲਕਣ
ਜਿਉਂ ਜਿਉਂ ਵਧਦੇ ਜਾਣ ਹਨ੍ਹੇਰੇ.
ਉੱਚੇ ਅੰਬਰ ਵਾਸੇ ਤੇਰੇ
ਮਾਹੀ ਵੇ ਕਿਰਣਾਂ ਪਿਆਰ ਦੀਆਂ।

ਸਰਵਰ ਸਜਨਾ ਝਲੇ ਝਲੇ
ਕੱਚੀਆਂ ਕੰਧਾਂ ਖੁਰੀਆਂ ਖੁਰੀਆਂ
ਪ੍ਰੀਤ ਵਿਛੁੰਨੀਆਂ ਭੈਣੀ ਰੇਤਾਂ
ਝਲਕ ਝਲਕ ਅੱਜ ਠਰੀਆਂ ਠੁਰੀਆਂ
ਕਿਧਰ ਤਬੇਲੇ ਕਿਧਰ ਚੀਨੀ
ਕਈ ਬੱਗੀਆਂ ਚਿੱਟੀਆਂ ਤੁਰੀਆਂ
ਕਿੰਨੇ ਬੁਝੇ ਤੇਰੇ ਦਿਲ ਦੇ ਦੀਵੇ
ਕਈ ਜੰਮ-ਜੰਮਕੇ ਲਾਟਾਂ ਜੁੜੀਆਂ
ਸਰਵਰ ਪਿਪਲ ਨਿੰਮ ਬਰੋਟੇ
ਸਭਨੂੰ ਵਸਤਾਂ ਯਾਦ ਰਤੀਆਂ
ਹਿਰਦਿਆਂ ਨੂੰ ਵੰਗਾਰਦੀਆਂ।

ਮੁੜ ਖਿੜੇ ਅੱਜ ਫੁਲੀਂ ਹਾਸੇ
ਪਰਤ ਪਈਆਂ ਅੱਜ ਫੇਰ ਬਸੰਤਾਂ
ਮੌਲ ਪਈਆਂ ਅਲਸਾਈਆਂ ਰੂਹਾਂ
ਪੌਣਾਂ ਵਿਚ ਖੁਸ਼ਬੋਈਆਂ ਲਥੀਆਂ
ਪਲਕਾਂ ਗੋਦੀ ਹਿੰਝੂ ਲੈਕੇ
ਚੰਨਿਆਂ 'ਸੱਦਾਂ' ਪੁਕਾਰਦੀਆਂ।

ਉਤਰ ਆ ਨਾਨਕ, ਅਰਸ਼ਾਂ ਉਤੇ
ਮਹਿਕ ਗੋਬਿੰਦਾ, ਫੁਲਾਂ ਵਿਚੋਂ
ਆਓ ਰਾਮ ਜੀ ਚੀਨੀ ਲੈਕੇ
ਆਓ ਕਾਨ੍ਹ ਜੀ ਗਾਈਆਂ ਚਲੀਆਂ
ਆਓ ਕਿ ਲਾਟਾਂ ਉੱਚੀਆਂ ਉੱਚੀਆਂ
ਆਓ ਕਿ ਪਰਬਤ ਉਲਰੇ ਉਲਰੇ
ਆਓ ਕਿ ਲੋਕੀਂ ਸੁਕਦੇ ਸੜਦੇ
ਆਓ ਕਿ ਤੋਪਾਂ ਚਲੀਆਂ ਚਲੀਆਂ
ਇੱਕ ਵੇਰ ਮੁੜ ਸੋਹਣੇ ਪ੍ਰੀਤਮ
ਜਿੰਦੜੀਆਂ ਰਾਹ ਸੰਵਾਰਦੀਆਂ।

ਲੋਕਾਂ ਦਾ ਚੰਨ ਗਗਨੀਂ ਵਸੇ
ਚੰਨ ਆਪਣੇ ਨੂੰ ਖੁਲ੍ਹੀਆਂ ਬਾਹਾਂ
ਪਸਰੀ ਪਈ ਅੰਧੇਰੀ ਵਿਚੋਂ
ਅੱਜ ਅਵਾਜ਼ਾਂ ਮਾਰਦੀਆਂ।

ਸ੍ਰ: ਗੁਰਦੀਪ ਸਿੰਘ ਜੀ ਦਿਲੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਮਹਾਤਮਾਂ ਗਾਂਧੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੧੬ ਵਿਚ ਇਕ ਨਿਕੇ ਜਿਹੇ ਪਿੰਡ ਭੈਣੀਆਲਾ, ਜੋ ਅਜ ਕਲ ਸ੍ਰੀ ਭੈਣੀ ਸਾਹਿਬ ਕਰਕੇ ਵਿਖਿਆਤ ਹੈ, ਜਿਲਾ ਲੁਧਿਆਨਾ, ਪੰਜਾਬ ਵਿਚ ਪਰਗਟ ਹੋਏ। ਇਨਾਂ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਸਧਾਰਨ ਕਿਰਤੀ ਤਰਖਾਨ ਸਨ। ਮਹਾਤਮਾਂ ਗਾਂਧੀ ਜੀ ਜਿਨ੍ਹਾਂ ਦਾ ਪੂਰਾ ਨਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ ਸਤਿ-ਗੁਰੂ ਰਾਮ ਸਿੰਘ ਜੀ ਤੋਂ ਪ੩ ਸਾਲ ਬਾਦ ਜਦੋਂ ਕਿ ਜ਼ਮਾਨਾਂ ਕਿੰਨੀਆਂ ਹੀ ਕਰਵਟਾਂ ਲੈ ਚੁਕਾ ਸੀ, ੧੮੬੯ ਵਿਚ ਕਾਠੀਆ ਵਾੜ ਦੀ ਰਿਆਸਤ ਸ਼ਹਿਰ ਪੋਰਬੰਦਰ ਵਿਚ ਪੈਦਾ ਹੋਏ। ਆਪ ਜੀ ਦੇ ਪਿਤਾ ਤੇ ਕੀ ਦਾਦਾ ਜੀ ਵੀ ਬਾਬਾ ਜਸਾ ਸਿੰਘ ਵਾਂਗ ਸਧਾਰਨ ਕਿਰਤੀ ਨਹੀਂ ਸਨ ਸਗੋਂ ਰਿਆਸਤ ਦੇ ਵਜ਼ੀਰ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਮੂਲੀ ਅਰਥਾਤ ਨਾਂ ਮਾਤਰ ਹੀ ਵਿਦਿਆ ਪ੍ਰਾਪਤ ਕੀਤੀ। ਨਾਂ ਤਾਂ ਇਨ੍ਹਾਂ ਨੇ ਕਿਸੇ ਸਕੂਲ ਵਿਚ ਉਚੇ ਇਮ-ਤਿਹਾਨ ਹੀ ਪਾਸ ਕੀਤੇ ਤੇ ਨਾ ਹੀ ਲੰਡਨ ਵਿਚ ਜਾ ਕੇ ਬੈਰਿਸਟਰੀ। ਇਹ ਤਾਂ ਕੇਵਲ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਬੜੇ ਚਾਅ ਤੇ ਉਮਾਹ ਨਾਲ ਕਰਦੇ ਸਨ ਇਹੋ ਗੁਰਬਾਣੀ ਤੇ ਨਾਮ ਹੀ ਇਨ੍ਹਾਂ ਦਾ ਜੀਵਨ ਅਧਾਰ ਸੀ ਤੇ ਇਸੇ ਗੁਰਬਾਣੀ ਤੇ ਹੀ ਆਪਣੇ ਜੀਵਨ ਨੂੰ ਤੋਰਨਾਂ ਮੁਖ ਫਰਜ਼ ਸਮਝਦੇ ਸਨ। ਇਸ ਤੋਂ ਬਿਨਾਂ ਦੁਨੀਆਂ ਦੇ ਕਿਸੇ ਵੀ ਹੋਰ ਮਹਾਂ ਪੁਰਸ਼ ਨੂੰ ਇਨ੍ਹਾਂ ਨੇ ਨਹੀ ਸੀ ਪੜ੍ਹਿਆ–ਨਾ ਈਸਾ ਨੂੰ। ਨਾ ਮਹਾਤਮਾਂ ਬੁਧ ਨੂੰ ਤੇ ਨਾ ਹੀ ਦੁਨੀਆਂ ਦੇ ਕਿਸੇ ਹੋਰ ਲੇਖਕ ਕਵੀ ਜਾਂ ਮਹਾਨ ਫਿਲਾਸਫਰ ਨੂੰ। ਪਰ ਮਹਾਤਮਾਂ ਗਾਂਧੀ ਜੀ ਨੇ ਉਚੇ ਇਮਤਿਹਾਨ ਪਾਸ ਕੀਤੇ। ਲੰਡਨ ਵਿੱਚ ਜਾਕੇ ਬੈਰਿਸਟ੍ਰੀ ਦੀ ਡਿਗਰੀ ਵੀ ਲਈ। ਦੁਨੀਆਂ ਦੇ ਬਹੁਤ ਸਾਰੇ ਸਾਹਿਤ ਨੂੰ ਪੜ੍ਹਿਆ ਤੇ ਵਿਚਾਰਿਆ ਸੀ। 'ਟਾਲਸਟਾਏ' ਤੇ 'ਹਾਸਕਿਨ' ਆਦਿ ਨੂੰ ਖ਼ੂਬ ਘੋਖਿਆ ਸੀ। ਇਸਤੋਂ ਬਿਨਾਂ ਗਾਂਧੀ ਜੀ ਭਾਰਤ ਤੋਂ ਬਾਹਰ ਹੋਰ ਦੇਸ਼ਾਂ–ਜਿਵੇਂ ਅਮ੍ਰੀਕਾ ਲੰਡਨ ਆਦਿ ਵਿੱਚ ਗਏ ਤੇ ਓਥੋਂ ਦੀਆਂ ਕੌਮਾਂ ਬਾਬਤ ਕਾਫੀ ਜਾਣਿਆਂ ਤੇ ਬੁਝਿਆ। ਅਤੇ ਉਨ੍ਹਾਂ ਤੋਂ ਕਾਫੀ ਪ੍ਰੇਰਨਾਵਾਂ ਲਈਆਂ। ਪਰ ਸਤਿਗੁਰੂ ਰਾਮ ਸਿੰਘ ਜੀ ਭਾਰਤ ਤੋਂ ਬਾਹਰ ਜਾਣਾਂ ਤਾਂ ਕਿਧਰੇ ਰਿਹਾ ਪੰਜਾਬ ਤੋਂ ਬਾਹਰ ਭਾਰਤ ਵਿਚ ਵੀ ਨਾ ਜਾ ਸਕੇ। ਇਹ ਨਹੀਂ ਕਿ ਉਹ ਜਾ ਨਹੀਂ ਸਨ ਸਕਦੇ ਜਾਂਉਨ੍ਹਾਂਨੂੰ ਕੋਈ ਮਨਾਹੀਸੀ। ਨਹੀਂ, ਸਗੋਂ ਉਹ ਆਪਣੇ ਕਾਰਜ ਵਿੱਚ ਏਨਾਂ ਰੁੱਝੇ ਹੋਏ ਸਨ ਕਿ ਉਸਨੂੰ ਛੱਡਕੇ ਉਹ ਕਿਧਰੇ ਵੀ ਨਿਕਲ ਨਾ ਸਕੇ।

ਬਾਈ ਸਾਲ ਦੀ ਉਮਰ ਵਿੱਚ ਅਰਥਾਤ ੧੮-੯੧ ਵਿੱਚ ਗਾਂਧੀ ਜੀ ਨੇ ਬੈਰਿਸਟ੍ਰੀ ਪਾਸ ਕਰ ਲਈ ਇਸਤੋਂ ਬਾਦ ਇਨ੍ਹਾਂ ਨੇ ਵਕਾਲਤ ਸ਼ੁਰੂ ਕਰਨੀਸੀ। ਮੌਕਾ ਬਣ ਗਿਆ ਤੇ ਇਸ ਉਦੇਸ਼ ਦੀ ਪੂਰਤੀ ਲਈ ਆਪ ੧੮੯੩ ਵਿੱਚ ਦੱਖਣੀ ਅਫਰੀਕਾ ਚਲੇ ਗਏ। ਇਸ ਸਮੇਂ ਤੱਕ ਆਪਨੂੰ ਭਾਰਤ ਦੀ ਅਜ਼ਾਦੀ ਲਈ ਲੜ ਮਰਨ ਤੇ ਇਸਦੀ ਗੁਲਾਮੀ ਨੂੰ ਖਤਮ ਕਰਨ ਦਾ ਖਿਆਲ ਤੱਕ ਵੀ ਨਹੀਂ ਸੀ। ਏਦੂੰ ਬਾਦ ਕਿਧਰੇ ਇਨ੍ਹਾਂ ਨੂੰ ਠੇਸ ਲੱਗੀ ਤੇ ਇਨ੍ਹਾਂ ਦੇ ਖਿਆਲਾਂ ਵਿੱਚ ਪ੍ਰੀਵਰਤਨ ਆਇਆ। ਪਰ ਸ੍ਰੀ ਸਤਿਗੁਰੂ ਰਾਮ ਜੀ ਦੀ ਜ਼ਿੰਦਗੀ ਦੀ ਸ਼ੁਰੂਆਤ ਹੀ ਇਕ ਸਿਪਾਹੀ ਦੀ ਹੈਸੀਅਤ ਤੋਂ ਹੁੰਦੀ ਹੈ। ਜਿਸਦਾ ਮੁਖ ਉਦੇਸ਼ ਆਪਣੇ ਦੇਸ਼ ਲਈ ਲੜ ਮਰਨਾ ਹੁੰਦਾ ਹੈ। ਇਸ ਸਮੇਂ ਇਨ੍ਹਾਂ ਦੀ ਆਯੂ ਵੀ ੨੨ ਸਾਲ ਦੀ ਸੀ। ਮਹਾਰਾਜ ਰਣਜੀਤ ਸਿੰਘ

ਦੀ ਫੌਜ ਵਿੱਚ ਨੌਕਰ ਸਨ। ਇਨ੍ਹਾਂ ਦੇ ਦਿਲ ਵਿੱਚ ਆਪਣੀ ਮਾਤ ਭੂਮੀ ਲਈ ਸ਼ੁਰੂ ਤੋਂ ਹੀ ਡੂੰਘਾ ਪਿਆਰ ਸੀ। ਇਸਦੀ ਗੋਦ ਨੂੰ ਖੁਸ਼ੀਆਂ ਨਾਲ ਭਰਨ ਲਈ, ਇਸਦੇ ਹਰ ਅੰਗ ਨੂੰ ਹਰਿਆਂ ਰਖਣ ਲਈ ਤੇ ਇਹਦੇ ਅਸਮਾਨਾਂ ਤੇ ਚਾਰ-ਚੰਨ ਚਮਕਾਣ ਲਈ ਇਹ ਸ਼ੁਰੂ ਤੋਂ ਹੀ ਤੱਤ ਪਰ ਤੇ ਪੂਰੀ ਤਰਾਂ ਤਿਆਰ ਸਨ। ਆਪਣੀ ਅਜ਼ਾਦੀ ਨੂੰ ਬਰ ਕਰਾਰ ਰਖਣ ਲਈ ਜਾਨ ਤੱਕ ਦੀ ਬਾਜ਼ੀ ਲਾ ਦੇਣੀ ਇਨ੍ਹਾਂ ਲਈ ਮਾਮੂਲੀ ਗੱਲ ਸੀ।

ਇਸਤੋਂ ਬਿਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਂ ਦੀ ਨਬਜ਼ ਨੂੰ ਚੰਗੀ ਤਰਾਂ ਪਹਿਚਾਣ ਦੇ ਸਨ, ਤੇ ਹਰ ਮਨੁੱਖ ਦੀ ਨੁਹਾਰ ਤੋਂ ਉਸ ਦੀਆਂ ਅੰਦਰੂਨੀ ਖ਼ੂਬੀਆਂ ਤੇ ਬੁਰਾਈਆਂ ਨੂੰ ਜਾਣ ਜਾਂਦੇ ਸਨ, ਇਸੇ ਲਈ ਜਦ ਆਪਨੇ ਮਹਾਰਾਜ ਰਣਜੀਤ ਸਿੰਘ ਦੀ ਹਕੂਮਤ ਦੇ ਆਖਰੀ ਸਮੇਂ ਵਿੱਚ ਸਿੱਖਾਂ ਵਿੱਚ ਗਿਰਾਵਟ ਆਉਂਦੀ ਵੇਖੀ —ਕਿ ਸਿਖ ਮਾਸ ਖਾਣ ਤੇ ਸ਼ਰਾਬ ਪੀਣ ਲੱਗ ਪਏ ਹਨ। ਵੇਸਵਾ ਗਮਨ ਕਰਦੇ ਹਨ; ਪਾਠ ਪੂਜਾ ਨਿਤਨੇਮ ਭੁੱਲ ਗਿਆ ਹੈ; ਅਚਾਰ ਵਿਹਾਰ ਰਿਹਾ ਨਹੀਂ ਤੇ ਸੱਭ ਤੋਂ ਵੱਧ ਇਹ ਕਿ ਕਈ ਸ੍ਰਦਾਰ, ਖੁਦ ਗਰਜ਼ ਤੇ ਅੰਗ੍ਰੇਜ਼ ਦੇ ਪਿਠੂ ਤੇ ਦੇਸ਼ ਧ੍ਰੋਹੀ ਹੋ ਗਏ ਹਨ ਤਾਂ ਉਨ੍ਹਾਂ ਨੂੰ ਪੰਜਾਬ ਹਥੋਂ ਜਾਂਦਾ ਨਜ਼ਰੀਂ ਪਿਆ। ਆਪ ਬਹੁਤ ਦੁਖੀ ਹੋਏ; ਆਪ ਕੁਰਲਾ ਪਏ ਤੇ ਉਨ੍ਹਾਂ ਹਿਰਦੇ ਚੀਰਵੀਂ ਅਵਾਜ਼ ਵਿੱਚ ਨਿਡੱਰ ਹੋਕੇ ਉਚੀ ਹੋਕਾ ਦਿਤਾ ਕਿ ਲੋਕੋ! ਲਾਹੌਰ ਵਿੱਚ ਅੰਗ੍ਰੇਜ਼ ਦੇ ਵਾਜੇ ਵੱਜਣਗੇ। ਅਰਥਾਤ ਸਿਖ ਹਕੂਮਤ ਖਤਮ ਹੋ ਜਾਏਗੀ ਤੇ ਪੰਜਾਬ ਵਿੱਚ ਅੰਗ੍ਰੇਜ਼ ਦੇ ਝੰਡੇ ਝੁਲਣ ਗੇ। ੧੮੪੫ ਵਿੱਚ ਸਿਖਾਂ ਤੇ ਅੰਗ੍ਰੇਜ਼ਾਂ ਦਾ ਜੰਗ ਹੋਇਆ। ਸਿਖ ਹਾਰ ਗਏ ਤੇ ੧੮੪੭ ਦੇ ਜੰਗ ਵਿੱਚ ਸਿਖਾਂ ਤੇ ਜਿਤ ਪ੍ਰਾਪਤ ਕਰਨ ਮਗਰੋਂ ਉਨ੍ਹਾਂ ਨੇ ਪੰਜਾਬ ਤੇ ਪੂਰਨ ਕਬਜ਼ਾ ਕਰ ਲਿਆ। ਆਪਜੀ ਦੇ ਬੋਲ ਸਤਿ ਨਿਕਲੇ। ਇਸ ਸਮੇਂ ਇਨਾਂ ਦੀ ਉਮਰ ਕੋਈ ੩੧ ਸਾਲ ਦੀ ਸੀ!

ਅੰਗਰੇਜ਼ ਦੇ ਤਾਂ ਉਹ ਹਮਾਇਤੀ ਸਨ ਹੀ ਨਹੀ ਜਿਸ ਲਈ ਉਨ੍ਹਾਂ ਉਸ ਨੂੰ ਜੀ ਆਇਆਂ ਨਾ ਆਖਿਆ। ਪਰ ਸਿਖਾਂ ਦੀ ਵੀ ਕੋਈ ਮਦਦ ਨਾ ਕੀਤੀ। ਸਗੋਂ ਬੰਦੂਕ ਨੂੰ ਸਤਿਲੁਜ ਵਿਚ ਵਗਾਹ ਮਾਰਿਆ। ਉਹਨਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਿਖਾਂ ਦੀ ਹਾਰ ਹੋਣੀ ਹੈ। ਸੋਉਨਾਂ ਦੇ ਹਿਰਦੇ ਅੰਦਰ ਅੰਗਰੇਜ਼ ਨੂੰ ਕਢਣ ਦਾ ਇਕ ਹੋਰ ਵਡਾ ਪਰੋਗਰਾਮ ਬਣ ਗਿਆ ਤੇ ਉਨ੍ਹਾਂ ਨੇ ਉਸ ਦੀ ਪੂਰਤੀ ਕਰਨੀ ਅਰੰਭ ਦਿਤੀ ਜਿਸਦੇ ਉਤੇ ਉਹ ਅਖੀਰ ਤਕ ਚਲਦੇ ਰਹੇ।

ਪਰ ਮਹਾਤਮਾਂ ਗਾਂਧੀ ਜੀ ੫੦ ਸਾਲ ਦੀ ਉਮਰ ਤਕ ਸਮੇਤ ਅਨੇਕ ਸਾਥੀਆਂ—ਪੰਡਤ ਜਵਾਹਰ ਲਾਲ ਨਹਿਰੂ, ਸਰਦਾਰ ਵਲਭ ਭਾਈ ਪਟੇਲ ਰਜਿੰਦਰ ਪ੍ਰਸਾਦ ਆਦਿ ਦੇ ਅੰਗਰੇਜ਼ ਦੀ ਪੂਜਾ ਕਰਦੇ ਰਹੇ। ਅਜ਼ਾਦੀ ਲੈਣੀ ਤਾਂ ਕਿਧਰੇ ਰਹੀ। ਅਜ਼ਾਦੀ ਮੰਗਦੇ ਵੀ ਨਹੀਂ ਸਨ। ਇਸ ਦੇ ਉਲਟ ਅੰਗ੍ਰੇਜ਼ਾਂ ਦੀ ਮਦਦ ਕਰਦੇ ਸਨ। ਤੇ ਉਸ ਨੂੰ ਆਪਣਾਂ ਮਿਤਰ ਸਮਝਦੇ ਸਨ। ਪਹਿਲੇ ਸੰਸਾਰ ਯੁਧ ਵਿਚ ਇਕ ਲੱਖ ਆਦਮੀ ਅੰਗਰੇਜ਼ ਦੀ ਮਦਦ ਵਿਚ ਮਰਵਾ ਦਿਤੇ। ਜਾਗ ਉਦੋਂ ਖੁਲੀ ਜਦ ਰੌਲਟ ਐਕਟ ਮਿਲ ਗਿਆ ਤੇ ਨਾਲ ਹੀ ੧੯੧੯ ਵਿਚ ਜੱਲਿਆਂ ਵਾਲਾ ਬਾਗ, ਅੰਮ੍ਰਿਤ ਸਰ ਵਿਚ ਖੂਨ ਦੀ ਹੋਲੀ ਖੇਡੀ ਗਈ, ਜਨਤਾ ਨੂੰ ਗੋਲੀਆਂ ਨਾਲ ਰਜ ਕੇ ਭੁੰਨਿਆਂ ਗਿਆ। ਇਸ ਹਤਿਆ ਕਾਂਡ ਨੂੰ ਵੇਖਕੇ ਗਾਂਧੀ ਜੀ ਤੇ ਅਸਰ ਹੋਇਆ, ਸਾਰੇ ਦੇ ਸਾਰੇ ਖਤਾਬ ਕੈਸਰੇ-ਹਿੰਦ ਮੈਡਲ, ਤੇ ਬੋਆਰ-ਹਿੰਦ ਮੈਡਲ ਜੋ ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਵਲੋਂ ਹੀ ਮਿਲੇ ਹੋਏ ਸਨ, ਹਕੂਮਤ ਨੂੰ ਵਾਪਸ ਕਰ ਦਿਤੇ ਤੇ ਅਜ਼ਾਦੀ ਦੀ ਜੰਗ ਵਿਚ ਸਿਧੀ ਤਰ੍ਹਾਂ ਆ ਖਲੋਤੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਕ ਗੱਲ ਹੋਰ ਵੀ ਸਪਸ਼ਟ ਹੈ ਕਿ ਉਹ ਸ਼ੁਰੂ ਤੋਂ ਹੀ ਹਰ ਇਕ ਗੱਲ ਵਿਚ ਨਿਪੁੰਨ ਤੇ ਪਰਪੱਕ ਸਨ। ਆਪਦੇ ਖਿਆਲ ਬਹੁਤ ਉਚੇ ਸਨ, ਉਨ੍ਹਾਂ ਨੂੰ ਆਪਣੇ ਵੀਚਾਰਾਂ ਜਾਂ ਖਿਆਲਾਂ ਦੇ ਠੀਕ ਹੋਣ ਦਾ ਪੂਰਾ ਯਕੀਨ ਸੀ। ਇਸੇ ਲਈ ਹੀ ਇਹ ਹਰ ਮਸਲੇ ਤੇ ਅਟੱਲ ਤੇ ਅਹਿੱਲ ਸਨ। ਇਹਨਾਂ ਨੂੰ ਪਤਾ ਸੀ ਕਿ ਮਾਸ ਨਹੀਂ ਖਾਣਾ ਚਾਹੀਦਾ, ਸ਼ਰਾਬ ਪੀਕੇ ਨਾਲੀਆਂ ਵਿਚ ਲੇਟਣਾ ਤੇ ਕੁਤਿਆਂ ਤੋਂ ਮੂੰਹ

ਚਟਾਣੇ ਨਿਰੀ ਮੂਰਖਤਾ ਹੈ। ਜੂਆ ਖੇਡਕੇ ਘਰ ਨਹੀਂ ਉਜਾੜਨਾ ਚਾਹੀਦਾ ਤੇ ਪਰਾਈ ਇਸਤ੍ਰੀ ਨੂੰ ਆਪਣੀ ਮਾਂ ਭੈਣ ਕਰਕੇ ਸਮਝਣਾ ਚਾਹੀਦਾ ਹੈ। ਆਪ ਇਨ੍ਹਾਂ ਨਿਯਮਾਂ ਵਿਚ ਇੰਨੇ ਦ੍ਰਿੜ ਸਨ ਕਿ ਕੋਈ ਵੀ ਉਨ੍ਹਾਂ ਨੂੰ ਇਨ੍ਹਾਂ ਦੇ ਇਰਾਦਿਆਂ ਤੋਂ ਡੇਗਕੇ ਕਿਸੇ ਗਲਤ ਪਾਸੇ ਨਹੀਂ ਸੀ ਟੋਰ ਸਕਦਾ। ਇਸ ਬਾਰੇ ਮਿਸਟਰ ਮੈਕਨਾਬ ਵੀ ਆਪਣੀ ੪ ਨਵੰਬ੍ਰ ੧੮੭੧ ਦੀ ਰਪੋਰਟ ਵਿਚ ਲਿਖਦਾ ਹੈ—

> "........ਗੁਰੂ ਰਾਮ ਸਿੰਘ ਤੇਜ ਬੁਧੀ ਵਾਲਾ ਧੀਰਜਵਾਨ, ਗੰਭੀਰ ਅਤੇ ਉਚ ਆਚਰਨ ਵਾਲਾ ਪੁਰਸ਼ ਹੈ, ਉਸਨੇ ਆਪਣੇ ਹਰ ਇਕ ਬਚਨ ਅਤੇ ਕਰਮ ਨੂੰ ਆਪਣੇ ਵਸ ਕੀਤਾ ਹੋਇਆ ਹੈ।"

ਮੀਆਂ ਫਜ਼ਲ ਹੁਸੈਨ, ਪੁਲਸ ਇਨਸਪੈਕਟਰ, ਜਿਲਾ ਹੁਸ਼ਿਆਰਪੁਰ, ਲਿਖਦਾ ਹੈ—

> "ਰਾਮ ਸਿੰਘ ਗਰੀਬਾਂ ਨੂੰ ਰੋਟੀ ਤੇ ਕਪੜਾ ਆਪਣੇ ਪਲਿਓਂ ਦੇਂਦਾ ਹੈ। ਉਹਨਾਂ ਨੂੰ ਨੇਕੀ ਦੀ ਸਿਖਿਆ ਦੇਂਦਾ ਹੈ। ਉਹ ਹਰ ਰੋਜ਼ ਤਿੰਨ ਵਾਰ ਇਸ਼ਨਾਨ ਕਰਦਾ ਹੈ, ਲਗ-ਭਗ ਰਾਤ ਦੇ ਦੋ ਵਜੇ ਉਹ ਗ੍ਰੰਥ ਦਾ ਪਾਠ ਕਰਦਾ ਹੈ। ਉਹ ਹਰਤਰ੍ਹਾਂ ਦੀਆਂ ਬੁਰਾਈਆਂ ਤੋਂ ਰਹਿਤ ਹੈ।"

ਪਰ ਮਹਾਤਮਾਂ ਗਾਂਧੀ ਜੀ, ਬਾਅਦ ਦੀ ਜ਼ਿੰਦਗੀ ਵਿਚ ਭਾਵੇਂ ਉਹ ਸਹੀ ਅਰਥਾਂ ਵਿਚ ਮਹਾਤਮਾ ਬਣ ਹੀ ਗਏ, ਪਰ ਪਹਿਲੀ ਜਿੰਦਗੀ ਵਿਚ ਇਹ ਡਗਮਗਾਂਦੇ ਰਹੇ ਸਨ। ਤੇ ਇਨ੍ਹਾਂ ਦੇ ਕਦਮ ਥਿੜਕ ਜਾਂਦੇ ਸਨ। ਇਹਨਾਂ ਨੂੰ ਪਤਾ ਨਹੀਂ ਸੀ ਕਿ ਕਿਧਰ ਜਾਣਾ ਹੈ, ਕਿਹੜਾ ਰਾਹ ਠੀਕ ਹੈ ਤੇ ਕਿਹੜਾ ਗਲਤ। ਕੌਣ ਠੀਕ ਪਾਸੇ ਤੋਰ ਰਿਹਾ ਹੈ ਤੇ ਕੌਣ ਖੂਹ ਵਿਚ ਧਕ ਰਿਹਾ ਹੈ। ਉਸ ਵਕਤ ਉਹ ਆਪਣੇ ਵਿਚਾਰਾਂ ਤੇ ਨਿਰਨੇ ਪੂਰਵਕ ਦ੍ਰਿੜ ਨਹੀਂ ਸਨ। ਜਿਸ ਕਰਕੇ ਇਨ੍ਹਾਂ ਨੇ ਅਫਰੀਕਾ ਵਿਚ ਸਿਗਰਟਾਂ ਵੀ ਪੀਤੀਆਂ, ਉਹ ਵੀ ਲੋਕਾਂ ਦੀਆਂ ਜੂਠੀਆਂ ਤੇ ਚੋਰੀ ਚੁਕ ਚੁਕ। ਇਥੇ ਹੀ ਬਸ ਨਹੀਂ ਸਗੋਂ ਇਨਾਂ ਨੇ ਆਪਣੇ ਇਕ ਮਿਤ੍ਰ ਦੇ ਕਹਿਣ ਤੇ ਕਿ ਹਿੰਦੁਸ-ਤਾਨੀ ਇਸ ਲਈ ਕਮਜ਼ੋਰ ਹਨ ਕਿ ਉਹ ਮਾਸ ਨਹੀਂ ਖਾਂਦੇ ਅੰਗ੍ਰੇਜ਼ ਤੇ ਸਿਰਫ ਏਸ ਲਈ ਸਾਡੇ ਉਤੇ ਹਕੂਮਤ ਕਰ ਰਹੇ ਹਨ ਕਿਉਂਕਿ ਮਾਸਾਹਾਰੀ ਹਨ, ਮਾਸ ਖਾ ਲਿਆ ਸੀ। ਇਹ ਵੇਸਵਾ ਕੋਲ ਵੀ ਗਏ ਤੇ ਸ਼ਰਾਬ ਵੀ ਪੀਤੀ।

ਉਹਨਾਂ ਨੇ ਇਨ੍ਹਾਂ ਕੀਤੀਆਂ ਬੁਰਾਈਆਂ ਨੂੰ ਆਪਣੀ ਸ੍ਵੈ ਜੀਵਨੀ ਵਿਚ ਖੁਦ ਲਿਖਿਆ ਹੈ। ਇਸ ਗੱਲ ਵਿਚ ਉਨ੍ਹਾਂ ਦੀ ਵਡਿਆਈ ਹੈ ਕਿ ਉਨ੍ਹਾਂ ਨੇ ਆਪਣੀ ਕੋਈ ਮਾੜੀ ਗਲ ਵੀ ਨਹੀਂ ਲੁਕਾਈ। ਸਗੋਂ ਉਸਨੂੰ ਨਸ਼ਰ ਕੀਤਾ ਹੈ, ਚਾਹੇ ਲੋਕ ਕੁਝ ਪਏ ਕਹਿਣ। ਉਹ ਚਾਹੁੰਦੇ ਤਾਂ ਇਹ ਪ੍ਰਾਈਵੇਟ ਜੀਵਨ ਦੀਆਂ ਗੱਲਾਂ ਸਨ, ਕਿਸੇ ਨੂੰ ਕੀ ਪਤਾ ਲਗਦਾ ਹੈ, ਇਸ ਕਰਕੇ ਨਾ ਲਿਖਦੇ। ਪਰ ਇਹ ਗੱਲ ਨਹੀਂ ਅਸਲੀਅਤ ਇਹ ਹੈ ਕਿ ਬਾਦ ਵਿਚ ਉਨ੍ਹਾਂ ਨੂੰ ਇਹ ਗੱਲਾਂ ਬੁਰੀਆਂ ਲੱਗੀਆਂ ਜਿਸ ਕਰਕੇ ਉਹਨਾਂ ਬਿਆਨ ਕਰ ਦਿਤਾ। ਤੇ ਆਪਣੇ ਕੀਤੇ ਕਰਮਾਂ ਨੂੰ ਛਪਾਣਾ ਵੀ ਉਹ ਗੁਨਾਹ ਸਮਝਦੇ ਸਨ।

ਮਹਾਤਮਾ ਗਾਂਧੀ ਜੀ ਨੂੰ ਲੋਕਾਂ ਨੂੰ ਇਕਠੇ ਕਰਨ ਲਈ ਤਰੱਦਦ ਨਹੀਂ ਕਰਨਾ ਪਿਆ। ਇਹ ਇੰਡੀਅਨ ਨੈਸ਼ਨਲ ਕਾਂਗ੍ਰਸ ਜਿਹੜੀ ੧੮੮੫ ਵਿਚ ਅੰਗ੍ਰੇਜ਼ ਹਕੂਮਤ ਨੇ ਹੀ ਆਪਣੀ ਸਹਾਇਤਾ ਲਈ ਕਾਇਮ ਕੀਤੀ ਸੀ, ਵਿਚ ਸ਼ਾਮਲ ਹੋ ਗਏ। ਇਥੇ ਇਨ੍ਹਾਂ ਨੂੰ ਹੋਰ ਪੜ੍ਹੇ ਲਿਖੇ ਸਾਥੀ ਵੀ ਮਿਲ ਗਏ। ਬਹੁਤ ਸਮਾਂ ਗੁਜ਼ਰਨ ਬਾਦ ਇਸ ਕਾਂਗ੍ਰਸ ਦਾ ਰੁਖ ੧੯੦੫ ਤੋਂ ਬਦਲਿਆ। ਤੇ ਜਿਸਦਾ ਇਹ ਅਸਰ ਹੋਇਆ ਕਿ ਸਹਿਜੇ ਸਹਿਜ ਇਹ ਜਮਾਤ ਲੋਕ ਪ੍ਰਿਅ ਜਮਾਤ ਬਣ ਗਈ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਹੜੇ ਗਾਂਧੀ ਜੀ ਦੇ ਮੁਕਾਬਲੇ ਵਿਚ ਘਟ ਪੜ੍ਹੇ ਹੋਏ ਸਨ ਤੇ ਜਿਨ੍ਹਾਂ ਦੇ ਗਾਂਧੀ ਜੀ ਵਾਂਗ ਕੋਈ ਬਹੁਤ ਸਿਆਣੇ ਸਾਥੀ ਵੀ ਨਹੀਂ ਸਨ, ਨੂੰ ਖਿੰਡੇ ਪੁੰਡੇ ਲੋਕ ਇਕਠੇ ਕਰਨੇ ਪਏ। ਅੰਗ੍ਰੇਜ਼ ਅਜੇ ਨਵਾਂ ਨਵਾਂ ਹੀ ਪੰਜਾਬ ਵਿਚ ਆਇਆ ਸੀ। ਇਹ ਬਹੁਤ ਸਖਤੀ ਕਰਦਾ ਸੀ, ਲੋਕ ਹਾਰੇ ਹੋਏ ਸਨ ਤੇ ਡਰਦੇ ਸਨ। ਪਰ ਫੇਰ ਵੀ ਕਮਾਲ ਇਹ ਕਿ ਗਿਣਤੀ ਦੇ ਸਾਲਾਂ ਵਿਚ ਹੀ ਇਨ੍ਹਾਂ ਦੇ ਸਾਏ ਹੇਠ ਲੱਖਾਂ ਦਾ ਇਕਠ

ਹੋ ਗਿਆ। ਜੋ ਦਿਨ ਬ-ਦਿਨ ਵਧਦਾ ਹੀ ਗਿਆ। ਇਹਨਾਂ ਦਿਨਾਂ ਦੇ ਉਹਨਾਂ ਦੇ ਜਲਾਲ ਤੇ ਚੜ੍ਹਤਲ ਨੂੰ ਮਿਸਟਰ ਜੇ. ਡਬਲੀਊ. ਮੈਕਨਬ, ਅੰਬਾਲਾ ਕਮਿਸ਼ਨਰੀ ਦਾ ਸਾਬਕ ਕਮਿਸ਼ਨਰ ਸਰਕਾਰੀ ਰਪੋਰਟ ਵਿਚ ਇਉਂ ਬਿਆਨ ਕਰਦਾ ਹੈ–

"...........ਜਦੋਂ ਕਦੇ ਵੀ ਉਹ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਕਿਸੇ ਅਫਸਰ ਨੂੰ ਮਿਲੇ, ਤਦ ਰਾਜਿਆਂ ਵਾਂਗਰ, ਕਈ ਘੋੜ ਸਵਾਰ ਅਤੇ ਬਹੁਤ ਸਾਰੇ ਪੈਦਲ ਉਹਦੀ ਅਰਦਲ ਵਿਚ ਹੁੰਦੇ ਹਨ। ਅਫ-ਸਰ ਦੇ ਕਮਰੇ ਵਿਚ ਵੀ ਰਾਜਿਆਂ ਤੇ ਨਾਲ ਦੇ ਦਰਬਾਰੀਆਂ ਵਾਕਰ ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ।"

"ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਹੋਣ, ਪਰ ਹੁਣ ਇਸਦਾ ਨਿਸ਼ਾਨਾ ਬਿਲਕੁਲ ਰਾਜਨੀਤਕ ਹੈ। ਉਹ ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ ਜੋ ਆਪਣੇ ਸੁਭਾਉ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀ-ਅਤ ਵਿਚ ਬਰਤਾਨਵੀ ਰਾਜ ਦਾ ਵੈਰੀ ਹੈ। ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ ਪਰ ਹੁਣ ਉਹ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਿਆ ਜਾਂਦਾ ਹੈ।"

ਬਾਵਜੂਦ ਏਨੀ ਸ਼ਾਨ ਤੇ ਤਾਕਤ ਹੋਣ ਦੇ ਆਪਨੇ ਬੜੇ ਠਰ੍ਹੰਮੇ ਤੇ ਜ਼ਬਤ ਤੋਂ ਕੰਮ ਲਿਆ। ਆਪਣੀ ਸਾਰੀ ਉਮਰ ਵਿਚ ਕਿਸੇਤਰਾਂ ਦਾ ਜੋਸ਼ ਨਹੀਂ ਵਖਾਇਆ। ਜੇ ਉਹ ਸਿਖਾਂ ਨੂੰ ਅੰਗ੍ਰੇਜ਼ ਨਾਲ ਲੋਹਾ ਲੈਣ ਦਾ ਹੁਕਮ ਕਰਦੇ ਤਾਂ ਇਕ ਇਕ ਸਿਖ ਫੀਤਾ ਫੀਤਾ ਉਡ ਜਾਂਦਾ, ਤੇ ਅੰਗ੍ਰੇਜ਼ ਦਾ ਕੀ ਹਾਲ ਹੁੰਦਾ? ਪਰ ਉਹ ਕਿਸੇ ਖਾਸ ਮੌਕੇ ਦੀ ਉਡੀਕ ਵਿਚ ਸਨ। ਉਨਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਕੁਝ ਸਿੰਘਾਂ ਨੇ ਕਾਹਲੀ ਕੀਤੀ ਜਿਸ ਕਰਕੇ ਉਹਨਾਂ ਹੀ ਸਿੰਘਾਂ ਨੂੰ ਹਸ ਹਸਕੇ ਤੋਪਾਂ ਅਗੇ ਉਡਣਾ ਹਿਸੇ ਆਇਆ। ਅੰਗ੍ਰੇਜ਼ ਇਨਾਂ ਸਿਖਾਂ ਦੀਆਂ ਸਾਂਤ ਭਭਕਾਂ ਤੋਂ ਘਬਰਾ ਗਿਆ। ਜੇ ਕਿਧਰੇ ਸਤਿਗੁਰੂ ਆਪ ਕਦਮਪੁਟਦੇ ਤਾਂ ਅੰਗ੍ਰੇਜ਼ਨੂੰ ਭਜਦਿਆਂ ਰਾਹ ਨਹੀਂ ਸੀ ਲਭਣਾ। ਉਸਤਾਦ ਤਾਂ ਅਜੇ ਮੈਦਾਨ ਵਿਚ ਹੀ ਨਹੀਂ ਸੀ ਆਇਆ। ਅਜੇ ਤਾਂ ਉਸ ਸ਼ਗਿਰਦਾਂ ਦਾ ਹੀ ਕ੍ਰਿਸ਼ਮਾ ਵੇਖਿਆ ਸੀ ਜਿਸਨੇ ਹਕੂਮਤ ਦੀਆਂ ਜੜ੍ਹਾਂ ਨੂੰ ਹਿਲਾ ਦਿਤਾ। ਮਿਸਟਰ ਮੈਕਨਬ ਲਿਖਦਾ ਹੈ–

"–––ਕਿ ਬੁਚੜਾਂ ਦੇ ਕਤਲ ਗੁਰੂ ਰਾਮ ਸਿੰਘ ਜੀ ਦੀ ਆਗਿਆ ਨਾਲ ਹੋਏ ਹਨ। ਅਤੇ ਜੇ ਉਸ ਉਤੇ ਕਾਤਲਾਂ ਲਈ ਸ਼ਹਿ ਅਤੇ ਚੁਕ ਦੇਵਣ ਦਾ ਮੁਕਦਮਾਂ ਅਦਾਲਤ ਵਿੱਚ ਸਾਬਤ ਨਾ ਭੀ ਹੋ ਸਕੇ, ਤਦ ਭੀ ਉਸ ਨੂੰ ਬਰੀ ਨਹੀਂ ਕਰਨਾ ਚਾਹੀਦਾ। ਸਗੋਂ ਇਹ ਫੈਸਲਾ ਦੇਣਾ ਚਾਹੀਦਾ ਹੈ ਕਿ ਉਸ ਦੇ ਖਿਲਫ ਮੁਕੱਦਮਾਂ ਸਾਬਤ ਨਹੀਂ ਹੋ ਸਕਿਆ, ਪਰ ਉਹ ਦੋਸ਼ੀ ਜ਼ਰੂਰ ਹੈ। ਮੁਕ-ਦਮਾਂ ਸਾਬਤ ਨਾ ਹੋਵਣ ਦੀ ਸੂਰਤ ਵਿੱਚ ਉਸਦੇ ਖਿਲਾਫ ਬੰਗਾਲ ਐਕਟ ਨੰ: ੩ ਸੰਨ ੧੮੧੮ ਦੀ ਕਾਰਵਾਈ ਕਰਨੀ ਚਾਹੀਦੀ ਹੈ। ਮੇਰੀ ਇਹ ਪੱਕੀ ਰਾਏ ਹੈ, ਕਿ ਗੁਰੂ ਰਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇ ਮਾਨ ਟਾਪੂ ਵਿੱਚ ਭੇਜ ਦਿਤਾ ਜਾਵੇ। ਇਹੋ ਸਭ ਤੋਂ ਸੌਖੀ ਗੱਲ ਹੋਵੇਗੀ। ਪਰ ਇਹ ਕਾਰਵਾਈ ਜਨਵਰੀ ਦੇ ਮਹੀਨੇ ਦਿੱਲੀ ਵਿੱਚ ਹੋਣ ਵਾਲੇ ਵੱਡੇ ਫੌਜੀ ਜਲਸੇ ਵਿੱਚ ਫੌਜਾਂ ਦੇ ਸ਼ਾਮਲ ਹੋਣ ਲਈ ਜਾਵਣ ਤੋਂ ਪਹਿਲੋਂ ਪਹਿਲੋਂ ਹੋ ਜਾਣੀ ਚਾਹੀਦੀ ਹੈ। ਲੁਧਿਆਣੇ ਵਿੱਚ ਪੁਲੀਸ ਦੀ ਗਿਣਤੀ ਵਧਾਕੇ ਉਸਨੂੰ ਮਜ਼ਬੂਤ ਕਰ ਲੈਣਾਂ ਚਾਹੀ-ਦਾ ਹੈ। ਅਤੇ ਕੁਝ ਫੌਜ ਇਸ ਕੰਮ ਲਈ ਜਲੰਧਰ ਤਿਆਰ ਰਖਣੀ ਚਾਹੀਦੀ ਹੈ। ਮੇਰਾ ਖਿਆਲ ਹੈ, ਕਿ ਗੁਰੂ ਰਾਮ ਸਿੰਘ ਲੜਾਈ ਨਹੀਂ ਕਰੇਗਾ। ਸਗੋਂ ਮਾਮੂਲੀ ਸੱਮਣਾਂ ਤੇ ਹਾਜ਼ਰ ਹੋ ਜਾਵੇਗਾ।"

ਅੰਗ੍ਰੇਜ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਖ਼ਮ ਖਾਂਦਾ ਸੀ। ਪਰ ਉਹ ਉਹਦੇ ਤੋਂ ਨਹੀਂ ਸਨ ਘਬ-ਰਾਂਦੇ। ਇਹਨਾਂ ਦਾ ਆਪਣਾਂ ਘਬਰਾਣਾਂ ਤੇ ਕਿਧਰੇ

ਰਿਹਾ ਇਹਨਾਂ ਦੇ ਤਾਂ ਸਿਖ ਵੀ ਇਸਦੀ ਪ੍ਰਵਾਹ ਨਹੀਂ ਕਰਦੇ। ਜਿਹੜਾ ਮਨੁੱਖ ਮੌਤ ਤੋਂ ਨਹੀਂ ਡਰਦਾ ਉਸਨੂੰ ਕਿਸੇ ਤੋਂ ਕੀ ਡਰ। ਇਹੋ ਕਾਰਨ ਸੀ ਕਿ ਜਦ ਕਮਿਸ਼ਨਰ ਅੰਬਾਲਾ ਸ੍ਰੀ ਭੈਣੀ ਸਾਹਿਬ ਪੁੱਜਾ ਤਾਂ ਉਸਦੇ ਪੁੱਛਣ ਤੇ, "ਆਪਨੂੰ ਨਜ਼ਰਬੰਦ ਕੀਤਾ ਆਪਨੇ ਪੰਜ ਸੂਬੇ ਥਾਪੇ, ਉਹਨਾਂ ਨੂੰ ਨਜ਼ਰਬੰਦ ਕਰਨ ਪਿਛੋਂ ਆਪਨੇ ਸਤਾਰਾਂ ਹੋਰ ਨੀਅਤ ਕੀਤੇ। ਅਸਾਂ ਉਨ੍ਹਾਂ ਨੂੰ ਨਜ਼ਰ ਬੰਦ ਕਰ ਦਿਤਾ ਇਸ ਲਈ ਦਸੋ ਕਿ ਆਪ ਹੁਣ ਕੀ ਕਰੋਗੇ?" ਆਪਨੇ ਇਹ ਕਿਹਾ ਕਿ "ਹੁਣ ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ।

ਮਹਾਤਮਾਂ ਗਾਂਧੀ ਜੀ ਵੀ ਬਿਲਾ–ਸ਼ਕ ਨਿਡੱਰ ਸਨ। ਹਕੂਮਤ ਤੋਂ ਕੀ ਮੌਤ ਤੋਂ ਨਹੀਂ ਸਨ ਘਬਰਾਂਦੇ। ਮਾਨਸਿਕ ਬਲ ਕਰਕੇ ਅਦੁੱਤੀ ਧੰਧੇ ਵੀ ਸਨ, ਮਹਾਨ ਨੀਤੀਵਾਨ ਵੀ ਸਨ। ਪਰ ਹੈਸਨ ਹਜ਼ਰਤ ਈਸਾ ਦੀ ਸ਼ਾਂਤੀ ਦੇ ਪੈਰੋਕਾਰ ਕਿ ਜੇ ਕੋਈ ਇਕਚਪੇੜ ਮਾਰੇ ਤਾਂ ਦੂਜੀ ਗਲ੍ਹ ਅਗੇ ਕਰ ਦਿਓ। ਇਸ ਤਰ੍ਹਾਂ ਕਰਨ ਨਾਲ ਅੰਗ੍ਰੇਜ਼ ਵਰਗੀ ਚਲਾਕ ਹਕੂਮਤ ਸੋਨੇ ਦੀਆਂ ਚਿੜੀਆਂ ਥੋੜਾ ਛਡਦੀ ਹੈ। ਸਗੋਂ ਇਹ ਤਾਂ ਇਹੋ ਜਿਹੇ ਪੁਰਸ਼ਾਂ ਦੀ ਸ਼ਾਂਤੀ ਤੋਂ ਪੂਰਾ ਫਾਇਦਾ ਉਠਾਉਂਦੀ ਹੈ। ਜਿਸ ਕਰਕੇ ਮਹਾਤਮਾਂ ਜੀ ਨੂੰ ਸਹਿਜ ਸੁਭਾ ਕਈ ਵਾਰ ਜਿਹਲ ਜਾਣਾਂ ਪਿਆ। ਪਰ ਸਤਿਗੁਰਾਂ ਨੂੰ ਹੱਥ ਪਾਉਂਣ ਤੋਂ ਹਕੂਮਤ ਘਬਰਾਉਂਦੀ ਸੀ। ਅਖੀਰ ਇਕੋ ਵਾਰ ਹੀ ਬੜੇ ਤਗੜੇ ਪ੍ਰਬੰਧ ਕਰਕੇ ਜਿਵੇਂ ਕਿ ਉਪਰ ਰਿਪੋਰਟ ਵਿੱਚ ਲਿਖਿਆ ਹੈ। ਜਲਾਵਤਨ ਹੀ ਕਰ ਦਿਤਾ।

ਮਹਾਤਮਾਂ ਗਾਂਧੀ ਜੀ ਝੂਠ ਤੋਂ ਬਿਨਾਂ ਛੂਤ ਛਾਤ ਨੂੰ ਵੀ ਬਹੁਤ ਹੀ ਨਫਰਤ ਕਰਦੇ ਸਨ। ਤੇ ਇਸੇ ਦੇ ਸੁਧਾਰਲਈ ਹੀਏਨ੍ਹਾਂਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਲਾ ਦਿੱਤਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਇਨ੍ਹਾਂ ਦੇ ਰਾਜਨੀਤਕ ਮੈਦਾਨ ਵਿੱਚ ਆਉਣ ਦਾ ਕਾਰਨ ਹੀ ਇਹੋ ਸੀ। ਤੇ ਇਸੇ ਹੀ ਇੱਕ ਮਸਲੇ ਨੇ ਇਨ੍ਹਾਂ ਦੀ ਜਿੰਦਗੀ ਦੇ ਸਾਰੇ ਰੁਖ ਨਵੇਂ ਨਿਸ਼ਾਨਿਆਂ ਵੱਲ ਕਰਦਿਤੇ। ਇਹਜਦੋਂ ਦੱਖਣੀ ਅਫਰੀਕਾ ਵਿੱਚ ਵਕਾਲਤ ਕਰਨ ਲਈ ਗਏ ਤਾਂ ਓਥੇ ਕੁਝ ਦੇਰ ਰਹਿਣ ਤੋਂ ਬਾਦ ਇਨ੍ਹਾਂ ਨੂੰ ਪਤਾ ਲੱਗਾ ਕਿ ਅਫਰੀਕਾ ਵਿੱਚ ਰਹਿਣ ਵਾਲੇ ਅੰਗ੍ਰੇਜ਼, ਹਿੰਦੁਸਤਾਨੀਆਂ ਨੂੰ ਜਿਹੜੇ ਅਫਰੀਕਾ ਵਿੱਚ ਰਹਿੰਦੇ ਸਨ ਹੱਦ ਤੋਂ ਜ਼ਿਆਦਾ ਨਫਰਤ ਕਰਦੇ ਹਨ। ਤੇ ਕਿਉਂਕਿ ਗਾਂਧੀ ਜੀ ਵੀ ਹਿੰਦੁਸਤਾਨੀ ਸਨ ਇਸ ਲਈ ਇਹ ਵੀ ਇਸ ਨਫਰਤ ਦਾ ਸ਼ਿਕਾਰ ਹੋਏ। ਇਸ ਨਫਨਤ ਤੋਂ ਬਚਣ ਲਈ ਇਨ੍ਹਾਂ ਅੰਗ੍ਰੇਜ਼ੀ ਫੈਸ਼ਨ ਵਿੱਚ ਰਹਿਣਾਂ ਸ਼ੁਰੂ ਕੀਤਾ। ਅਮ੍ਰੀਕੀ ਨਾਚ ਤੇ ਗਾਣੇ ਆਦਿ ਵੀ ਸਿਖਣ ਦੀ ਕੋਸ਼ਿਸ਼ ਕੀਤੀ ਤੇ ਪਹਿਲੇ ਦਰਜੇ ਵਿੱਚ ਸਫਰ ਕਰਨਾ ਅਰੰਭਿਆ। ਤਾਂ ਕਿ ਕਿਸੇ ਤਰ੍ਹਾਂ ਨਫਰਤ ਤੋਂ ਬਚਿਆ ਜਾ ਸਕੇ। ਤੇ ਪੂਰੇ ਹੱਕ ਮਿਲ ਸਕਣ, ਪਰ ਹਿੰਦੁਸਤਾਨੀ ਹੋਣ ਦਾ ਲੇਬਲ ਕੌਣ ਮੇਟ ਸਕਦਾ ਸੀ। ਇਸ ਲਈ ਇਨ੍ਹਾਂ ਦੇ ਸਾਰੇ ਯਤਨ ਢਹਿ ਢੇਰੀ ਹੋ ਗਏ ਜਦੋਂ ਅੰਗ੍ਰੇਜ਼ਾਂ ਨੇ ਇਨ੍ਹਾਂ ਨਾਲ ਫੇਰ ਵੀ ਨਫਰਤ ਕੀਤੀ ਤੇ ਪਹਿਲੇ ਦਰਜੇ ਦਿਆਂ ਡੱਬਿਆਂ ਚੋਂ ਧੱਕੇ ਮਾਰਕੇ ਬਾਹਰ ਕੱਢ ਦਿਤਾ। ਤੇ ਇਸੇ ਤਰ੍ਹਾਂ ਹੀ ਹੋਰ ਵੀ ਆਪ ਨਾਲ ਕਈ ਵਧੀਕੀਆਂ ਹੋਈਆਂ ਜਿਸਨੂੰ ਬਿਆਨ ਕਰਨ ਲਈ ਸਫੇ ਚਾਹੀਦੇ ਹਨ। ਇਸ ਲਈ ਏਨਾਂ ਕਹਿ ਦੇਣਾਂ ਹੀ ਕਾਫੀ ਹੈ ਕਿ ਇਨ੍ਹਾਂ ਦਾ ਦਿਲ ਨਫਰਤ ਦੀਆਂ ਸੱਟਾਂ ਨਾ ਸਹਾਰ ਸਕਿਆ। ਜਿਸ ਲਈ ਇਨ੍ਹਾਂ ਨੇ ਆਪਣੇ ਵਿਵਹਾਰ ਨੂੰ ਤਲਾਂਜਲੀ ਦੇਕੇ ਤੇ ਇਨ੍ਹਾਂ ਹਿੰਦੁਸਤਾਨੀਆਂ ਦੇ ਹੱਕਾਂ ਲਈ ਲੜਨਾਂ ਸ਼ੁਰੂ ਕੀਤਾ। ਤੇ ਪੂਰੇ ਵੀਹ ਸਾਲ ਲੜਦੇ ਰਹੇ। ਜਦੋਂ ਭਾਰਤ ਆਏ ਤਾਂ ਏਥੇ ਵੀ ਇਹ ਬੀਮਾਰੀ ਆਪਨੇ ਵਿਸ਼ਾਲ ਰੂਪ ਵਿੱਚ ਫੈਲੀ ਹੋਈ ਵੇਖੀ। ਓਥੇ ਤਾਂ ਅੰਗ੍ਰੇਜ਼ ਹਿੰਦੁਸਤਾਨੀਆਂ ਨੂੰ ਨਫਰਤ ਕਰਦੇ ਸਨ ਇਥੇ ਵੀਰ ਵੀਰ ਨੂੰ ਦੁਰਕਾਰਦਾ ਤੇ ਛੂਹਣ ਤੋਂ ਕੰਨੀ ਕਤਰਾਂਦਾ ਸੀ। ਇਹ ਵੇਖਕੇ ਇਨ੍ਹਾਂ ਨੂੰ ਆਪਣੀਆਂ ਹੱਡ ਬੀਤੀਆਂ ਯਾਦ ਆ ਗਈਆਂ। ਜਿਸ ਦਾ ਨਤੀਜਾ ਇਹ ਹੋਇਆ ਇਹਨਾਂ ਨੇ ਇਸ ਕੋਹੜ ਨੂੰ ਹਟਾਣ ਦਾ ਏਥੇ ਵੀ ਹੱਦ ਤੋਂ ਜ਼ਿਆਦਾ ਯਤਨ ਕੀਤਾ। ਤੇ ਇਨ੍ਹਾਂ ਨੂੰ ਸ੍ਰਕਾਰ ਵਲੋਂ ਸਾਰੀਆਂਸਹੂਲਤਾਂਉਆਈਆਂ। ਲੋਕਾਂ ਨੂੰ ਵੀ ਨਫਰਤਕਰਨਤੋਂ ਰੋਕਿਆ। ਜਿਸਦਾ ਕਾਫੀ ਅਸਰ ਪਿਆ ਤੇ ਗਾਂਧੀ

ਜੀ ਨੇ ਇਨ੍ਹਾਂ ਨੂੰ ਇਕ ਪਵਿਤ੍ਰ ਨਾਂ 'ਹਰੀਜਨ' ਨਾਲ ਸੰਬੋਧਨ ਕੀਤਾ। ਇਹ ਆਪਣੀ ਸਵੈ ਜੀਵਨੀਵਿੱਚ ਲਿਖਦੇ ਹਨ:–

''ਮੈ ਮੁਕਤ ਹੋਣਾਂ ਚਾਹਤਾ ਹੂੰ ਔਰ ਫਿਰ ਜਨਮ ਲੇਣਾਂ ਨਹੀਂ ਚਾਹਤਾ। ਪਰ ਯਦੀ ਮੁਝੇ ਜਨਮ ਲੇਣਾਂ ਹੀ ਪੜੇ ਤੋ ਮੈਂ ਅਛੂਤ ਜਨਮ ਲੇਣਾਂ ਚਾਹਤਾ ਹੂੰ। ਤਾਂਕਿ ਮੈਂ ਉਨ ਕੇ ਦੁਖੋਂ ਮੇਂ,ਸ਼ਰੀਕ ਹੋ ਕਰ ਆਪਣੀ ਔਰ ਉਨਕੀ ਹਾਲਤ ਸੁਧਾਰ ਸਕੂੰ।''

''ਯਦੀ ਅਛੂਤ-ਪਨ ਹਿੰਦੂ ਧਰਮ ਕਾ ਜਰੂਰੀ ਭਾਗ ਹੈ ਤੋਂ ਮੈਂ ਹਿੰਦੂ ਨਹੀਂ ਹੂੰ''

''ਜਿਸ ਧਰਮ ਮੇਂ ਗਾਏ ਕੀ ਪੂਜਾ ਔਰ ਜੀਵ–ਮਾਤਰ ਸੇ ਪਰੇਮ ਕੀ ਸ਼ਿਖਸ਼ਾ ਦੀ ਗਈ ਹੈ ਵਹਿ ਮਨੁਸ਼ ਐਸੇ ਅਤਿਆਚਾਰ ਕੱਬ ਸਹਿਨ ਕਰ ਸਕਤਾ ਹੈ। ਮੇਰਾ ਸ਼ਰੀਰ ਚੀਰ ਕਰ ਟੁਕੜੇ ੨ ਕਰ ਦੋ ਤੋ ਭੀ ਮਨਜੂਰ ਹੈ ਪਰ ਇਨ ਦੁਖੀ ਭਾਈ ਭੈਣੋਂ ਕੀ ਸੇਵਾ ਸੇ ਮੂੰਹ ਮੋੜਨਾਂ ਮੁਝੇ ਕਬੀ ਪਸੰਦ ਨਹੀਂ।'' (ਗਾਂਧੀ ਜੀ)

ਸੋ ਛੂਤ ਛਾਤ ਨੂੰ ਖਤਮ ਕਰਨ ਲਈ ਗਾਂਧੀ ਜੀ ਦੇ ਯਤਨਾਂ ਦਾ ਹੋਰ ਸਬੂਤ ਦੇਨ ਲਈ ਲੋੜ ਨਹੀਂ ਰਹਿ ਜਾਂਦੀ। ਕਿਉਂਕਿ ਉਪਰੋਕਤ ਸਤਰਾਂ ਚੋਂ ਇਨਾਂ ਦਾ ਦਿਲ ਬੋਲ ਰਿਹਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਨੇ ਵੀ ਇਸ ਬੀਮਾਰੀ ਨੂੰ ਅਰੋਗਤਾ ਦੇ ਟੀਕੇ ਲਾਏ ਸਨ ਕਿ ਨਹੀਂ? ਇਸ ਪ੍ਰਸ਼ਨ ਦਾ ਉਤਰ ਇਉਂ ਹੈ। ਸਿਖਾਂ ਵਿਚ ਤਾਂ ਇਸਦਾ ਸੁਧਾਰ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਕੀਤਾ ਜਾ ਰਿਹਾ ਸੀ।

ਇਨ੍ਹਾਂ ਦੀ ਜਿੰਦਗੀ ਦਾ ਸਭ ਤੋਂ ਪਹਿਲਾ ਅਸੂਲ ਹੀ ਇਹ ਸੀ ''ਏਕ ਪਿਤਾ ਏਕਸ ਕੇ ਹਮ ਬਾਰਕ'' ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਇਸੇ ਦੇ ਹੀ ਪੈਰੋਕਾਰ ਸਨ। ਤੇ ਅਗੋਂ ਇਨਾਂ ਦੇ ਸਿਖ ਵੀ। ਇਹ ਜਿਸ ਨੂੰ ਵੀ ਆਪਣੇ ਨਾਲ ਮਿਲਾਂਦੇ ਸਨ ਉਹਦੇ ਤੇ ਆਪਣੇ ਵਿਚ ਫਿਰ ਫਰਕ ਨਹੀਂ ਸਨ ਸਮਝਦੇ। ਇਸ ਬਾਬਤ ਮੌਲਵੀ ਗੁਲਾਮ ਭੀਖ ਜਲੰਧਰੀ ਆਪਣੀ ਉਰਦੂ ਦੀ ਅਣ ਛਪੀ ਪੁਸਤਕ 'ਤਾਰੀਖ ਵਾਕਰੀ' ਵਿਚ ਲਿਖਦਾ ਹੈ।

''ਨਾਨਕ ਸ਼ਾਹ ਕੀ ਤਰ੍ਹਾਂ ਰਾਮ ਸਿੰਘ ਭੀ ਹਰ ਕੌਮ ਔਰ ਹਰ ਜਾਤ ਕੇ ਆਦਮੀ ਕੋ ਆਪਣੇ ਮਜ਼ਬ ਘਰ ਵਾ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕਿਉਂ ਮੇਂ ਅਕਸਰ ਸਭ ਨੀਚੀ ਜਾਤ ਕੇ ਲੋਗ ਮਿਸਲ 'ਪੰਜਾਬੀ' ਜਾਟ ਔਰ ਕਿਸਾਨ ਹੈਂ।''

ਇਹ ਤਾਂ ਠੀਕ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਨਾਮਧਾਰੀ ਸਮਾਜ ਵਿਚ ਹਰ ਫਿਰਕੇ ਦੇ ਆਦਮੀ ਸ਼ਾਮਲ ਹੋ ਸਕਦੇ ਹਨ। ਪਰ ਚਲ ਰਹੀ ਨਾਮਧਾਰੀ ਨਿਯਮਾਵਲੀ ਅਨੁਸਾਰ ਰੋਟੀ-ਬੇਟੀ ਦੀ ਸਾਂਝ ਨਹੀਂ ਮਿਲਦੀ ਜਿਹੜੀ ਗਾਂਧੀ ਜੀਅਛੂਤਾਂਲਈ ਚਾਂਹਦੇਰਹੇ। ਨਾਮਧਾਰੀਆਂ ਵਿਚ ਨੀਵੀਆਂ ਜਾਤੀਆਂ ਸਭ ਭਰਮ ਭਾਵ ਮਿਟਾ ਕੇ ਮਿਲੀਆਂ ਹੋਈਆਂ ਹਨ। ਅਛੂਤ ਨਾਮਧਾਰੀ ਤਾਂ ਸਜ ਸਕਦੇ ਹਨ ਪਰ ਉਹਨਾਂ ਦਾ ਖਾਣ ਪੀਣ ਸਾਂਝਾ ਨਹੀਂ ਹੁੰਦਾ। ਅਛੂਤਾਂ ਨੂੰ ਬਿਨਾਂ ਭਰਮ ਭਾਵ ਆਪਣੇ ਨਾਲ ਮਿਲਾਣ ਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀ ਵੀਚਾਰ ਸਨ, ਇਸ ਗਲ ਤੇ ਇਤਿਹਾਸ ਅਸਲੋਂ ਚੁੱਪ ਹੈ।

ਗਾਂਧੀ ਜੀ ਨੇ ਸਮਾਜ ਦੇ ਇਕ ਅੰਗ ਛੂਤ ਛਾਤ ਵਲ ਹੀ ਧਿਆਨ ਦਿਤਾ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਦੇ ਹੋਰ ਅੰਗਾਂ ਵਲ ਵੀ। ਇਨਾਂ ਦੇ ਸਮੇਂ ਵਿਚ ਇਸਤ੍ਰੀ ਦੀ ਬਹੁਤ ਬੁਰੀ ਹਾਲਤ ਸੀ। ਕੁੜੀਆਂ ਜੰਮਦੀਆਂ ਮਾਰ ਦਿਤੀਆਂ ਜਾਂਦੀਆਂ ਸਨ, ਛੋਟੀਆਂ-ਛੋਟੀਆਂ ਬੱਚੀਆਂ ਦੇ ਵਿਆਹ ਕਰ ਦਿਤੇ ਜਾਂਦੇ ਸਨ। ਵਿਧਵਾਵਾਂ ਨੂੰ ਸਰੂ ਵਰਗੀ ਜੁਆਨੀ ਘਰ ਦੀ ਚਾਰ ਦੀਵਾਰੀ ਵਿਚ ਹੀ ਰੋਲਣੀ ਪੈਂਦੀ ਸੀ। ਭਾਵੇਂ ਕੁੜੀ ਸਹੁ-ਰਿਆਂ ਦੀਆਂ ਦਲਹੀਜ਼ਾਂ ਟਪਣ ਤੋਂ ਪਹਿਲਾਂ ਹੀ ਕਿਉਂ ਨਾ ਰੰਡੀ ਹੋ ਗਈ ਹੋਵੇ। ਵਿਧਵਾ ਦਾ ਦੂਜਾ ਵਿਆਹ ਕਰਨਾਂ ਅਸਲੋਂ ਪਾਪ ਸਮਝਿਆ ਜਾਂਦਾ ਸੀ। ਕੁੜੀਆਂ ਵੇਚਣ ਤੇ ਵੱਟੇ ਦਾ ਰਵਾਜ

ਜਾਰੀ ਸੀ। ਵਿਆਹ ਦੀਆਂ ਖਰਚੀਲੀਆਂ ਰਸਮਾਂ ਜੰਞ,ਦਾਜ ਆਤਸ਼ਬਾਜੀ, ਸ਼ਰਾਬ, ਮਾਸ ਤੇ ਵੇਸਵਾ ਨਾਚ, ਗਰੀਬਾਂ ਦਾ ਲੱਕ ਤੋੜ ਦੇਂਦੀਆਂ ਸਨ। ਪਰ ਲੋਕੀਂ ਰੋਂਦੇ ਹੋਏ ਵੀ ਕਰਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਇਸ ਸਾਰੇ ਤੇ ਵੀਚਾਰ ਕੀਤੀ। ਛੋਟੀ ਉਮਰ ਦੇ ਵਿਆਹ ਬੰਦ ਕਰ ਦਿਤੇ ਤੇ ਵਿਆਹ ਦੀ ਉਮਰ ਸੋਲਾਂ ਜਾਂ ਅਠਾਰਾਂ ਸਾਲ ਨੀਯਤ ਕਰ ਦਿਤੀ। ਲੋਕਾਂ ਨੂੰ ਇਹ ਉਪਦੇਸ਼ ਦਿਤਾ ਕਿ "ਕੁੜੀਆਂ ਮੇਂ ਵਡੇ ਗੁਣ ਹੈ। ਮੇਰੇ ਵਾਸਤੇ ਕੁੜੀਆਂ ਮਾਰਨਾਂ ਗਊ ਮਾਰਨ ਤੋਂ ਵੀ ਵਡਾ ਪਾਪ ਹੈ।" ਵਿਧਵਾ ਵਿਵਾਹ ਦੀ ਖੁਲ੍ਹ ਕੀਤੀ। ਵੱਟਾ, ਕੁੜੀਆਂ ਦੇ ਪੈਸੇ ਲੈਣੇ ਬੰਦ ਕੀਤੇ। ਅਨੰਦ ਮਰਿਯਾਦਾ ਚਾਲੂ ਕਰਕੇ, ਖਰਚੀਲੀਆਂ 'ਫਜ਼ੂਲ' ਤੇ ਔਖਿਆਂ ਕਰਨ ਵਾਲੀਆਂ ਸਭ ਰਸਮਾਂ ਜੰਞ, ਦਾਜ, ਪਰਦਾ (ਘੁੰਡ) ਸ਼ਰਾਬ, ਮਾਸ, ਤੇ ਵੇਸਵਾ ਨਾਚ; ਸਭ ਬੰਦ ਕਰ ਦਿਤੀਆਂ। ਲੋਕਾਂ ਨੂੰ ਸੁਖ ਦਾ ਸਾਹ ਆ ਗਿਆ। ਇਹ ਕੋਹੜ ਦੂਰ ਹੋਣ ਨਾਲ ਸਮਾਜ ਵਿਚ ਹਰਿਆਵਲਤਾ ਆ ਗਈ। ਇਸਤੋਂ ਇਲਾਵਾ ਇਸਤ੍ਰੀ ਨੂੰ ਅੰਮ੍ਰਿਤ ਛਕਾਕੇ ਮਰਦ ਦੇ ਬਰਾਬਰ ਲਿਆ ਖੜਾ ਕੀਤਾ। ਇਹ ਕਦਮ ਇਨ੍ਹਾਂ ਨੇਬਹੁਤ ਹੀ ਮਹਾਨ ਪੁਟਿਆ। ਏਥੇ ਹੀ ਬੱਸ ਨਹੀਂ ਇਨ੍ਹਾਂ ਨੇ ਮਾਈ ਹੁਕਮੀ, ਜਿਸਦੀ ਉਮਰ ੨੦ ਸਾਲ ਦੀ ਸੀ ਨੂੰ ਅੰਮ੍ਰਿਤਸਰ ਦੀਆਂ ਬੀਬੀਆਂ ਦਾ ਸੂਬਾ ਥਾਪ ਕੇ ਇਸਤ੍ਰੀ ਨੂੰ ਮਰਦ ਦੇ ਬਰਾਬਰ ਹੱਕ ਦੇਣ ਦੀ ਮਸਾਲ ਕਾਇਮ ਕਰ ਦਿਤੀ। ਸ੍ਰ: ਕਪੂਰ ਸਿੰਘ ਜੀ ਆਪਣੀ ਪੁਸਤਕ 'ਸਪਤ ਸ੍ਰਿੰਗ' ਵਿਚ ਲਿਖਦੇ ਹਨ:–

> "........ਜੇ ਉਹਨਾਂ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਦੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛਡ ਭੀ ਦੇਈਏ, ਤਾਂ ਉਨ੍ਹਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾ-ਬਰ ਦੇ ਹਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦੇਂਦਾ ਹੈ।"

ਇਸਤੋਂ ਬਿਨਾਂ ਇਨ੍ਹਾਂ ਨੇ ਮੜ੍ਹੀਆਂ ਪੂਜਣੀਆਂ, ਫੋਕੇ ਵਹਿਮ, ਭਰਮ, ਟੂਣੇ ਤਵੀਤ ਆਦਿ ਨੂੰ ਬੰਦ ਕੀਤਾ ਚੋਰੀ, ਯਾਰੀ ਝੂਠ, ਮਾਸ, ਸ਼ਰਾਬ ਤੇ ਨਸ਼ਿਆਂ, ਵਾਲੀਆਂ ਚੀਜਾਂ ਤੋਂ ਪਰਹੇਜ਼ ਕਰਨ ਦੀ ਹਦਾਇਤ ਕੀਤੀ। ਲੋਕਾਂ ਨੂੰ ਆਖਿਆ ਕਿ ਜਿਉਂਦੇ ਬਜ਼ੁਰਗਾਂ ਦੀ ਏਨੀ ਸੇਵਾ ਕਰੋ ਕਿ ਉਨ੍ਹਾਂ ਲਈ ਆਪਣੀ ਜਾਨ ਵੀ ਬੇਸ਼ਕ ਵਾਰ ਦਿਉ। ਇਹ ਤਾਂ ਹੋ ਸਕਦਾ ਹੈ। ਪਰਇਹ ਨਹੀਂ ਹੋ ਸਕਦਾ ਕਿ ਮੋਏ ਹੋਏਬੰਦਿਆਂ ਦੀਆਂ, ਜਿਨਾਂ ਦਾ ਪਤਾ ਹੀ ਨਹੀਂ ਕਿਥੇ ਹਨ, ਸਰਾਧ ਕਰ ਕਰ ਕੇ ਭੁਖਾਂ ਮਿਟਾਈਆਂ ਜਾਣ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਜ਼ਾਦੀ ਪਰਾਪਤ ਕਰਨ ਤੇ ਇਸਨੂੰ ਕਾਇਮ ਰਖਣ ਲਈ ਧਰਮ ਨੂੰ ਬਹੁਤ ਜ਼ਰੂਰੀ ਸਮਝਦੇ ਸਨ। ਕਿਉਂਕਿ ਜੋ ਲੋਕ ਧਰਮ ਤੇ ਕਾਇਮ ਨਹੀਂ ਰਹਿੰਦੇ ਉਹੋ ਹੀ ਗੁਲਾਮ ਹੋ ਜਾਂਦੇ ਹਨ। ਤੇ ਧਰਮ ਤੇ ਕਾਇਮ ਲੋਕਾਂ ਨੂੰ ਕੋਈ ਵੀ ਗੁਲਾਮ ਨਹੀਂ ਬਣਾ ਸਕਦਾ। ਇਸ ਲਈ ਇਨ੍ਹਾਂ ਨੇ ਧਰਮ ਦਾ ਪਰਚਾਰ ਵੀ ਕੀਤਾ। ਸਣੇ ਕੇਸੀ ਇਸ਼ਨਾਨ ਕਰਨਾ ਸਰੀਰ ਦੀ ਅਰੋਗਤਾ ਲਈ ਬਹੁਤ ਜ਼ਰੂਰੀ ਦਸਿਆ। ਸਾਦੇ ਪਰ ਸਵਛ ਕਪੜੇ ਪਾਉਣ ਦੀ ਹਦਾਇਤ ਕੀਤੀ। ਇਸਦੇ ਨਾਲ ਨਾਲ ਆਤਮਾ ਦੀ ਅਰੋਗਤਾ ਲਈ ਸਵੇਰੇ ਸ਼ਾਮ ਪਾਠ ਕਰਨ ਦਾ ਵੀ ਉਪਦੇਸ਼ ਦਿਤਾ। ਸਾਦੀ ਖ਼ੁਰਾਕ ਛਕਣ ਤੇ ਹਰਤਰਾਂ ਦੇ ਵਕਾਰ, ਝੂਠ, ਫਰੇਬ, ਦਗਾ, ਧੋਖਾ, ਚੋਰੀ, ਯਾਰੀ, ਲਾਲਚ ਆਦਿ ਤੋਂ ਬਚਨ ਲਈ ਤੇ ਸੱਚ ਤੇ ਚਲਣ ਲਈ ਨਸੀਹਤ ਕੀਤੀ। ਤੇ ਹੋਮ ਯੱਗ ਆਦਿ ਕਰਨੇ ਗਊ ਦੀ ਰਖਿਆ ਕਰਨੀ ਤੇ ਅਹਿੰਸਾ ਦੇ ਪੁਜਾਰੀ ਬਣਨ ਲਈ ਵੀ ਇਨ੍ਹਾਂ ਦਾ ਕੀਤਾ ਹੋਇਆ ਉਪ-ਦੇਸ਼ ਪੂਰਾ ਕਾਮਯਾਬ ਹੋਇਆ। ਸੋ ਜੇ ਇਹ ਕਹਿ ਦਿਤਾ ਜਾਵੇ ਕਿ ਇਨ੍ਹਾਂ ਦਾ ਹਰ ਸਿਖ, ਹਰ ਪਾਸਿਓਂ ਪੂਰਨ, ਨਿਰਮਲ, ਤੇ ਸੰਤ ਸੀ ਤਾਂ ਅਤਕਥਨੀ ਨਹੀਂ ਹੋਵੇਗੀ। ਅੰਗ੍ਰੇਜ਼ ਕਹਿੰਦਾ ਹੈ ਕਿ ਕੂਕਾ ਕਦੇ ਝੂਠ ਨਹੀਂ ਬੋਲਦਾ। ਇਸਦੀ ਗਵਾਹੀ ਹਰ ਮੁਕਦਮੇ ਵਿਚ ਸਚੀ ਮੰਨੀ ਜਾਂਦੀ ਸੀ।

ਮਹਾਤਮਾ ਗਾਂਧੀ ਜੀ ਵੀ ਇਕ ਪੂਰਨ ਸੰਤ

ਸਨ । ਇਸੇ ਲਈ ਉਨ੍ਹਾਂ ਨੂੰ ਮਹਾਤਮਾ ਕਿਹਾ ਜਾਂਦਾ ਹੈ । ਇਕੱਤੀ ਸਾਲ ਦੀ ਉਮਰ ਤਕ ਇਨਾਂ ਨੇ ਆਪਣੇ ਆਪਨੂੰ ਹਰ ਪਾਸਿਓਂ ਪੂਰੀਤਰ੍ਹਾਂ ਕਾਬੂ ਕਰ ਲਿਆ ਸੀ । ਤੇ ਸਾਦੇ ਏਨੇ ਰਹਿਣ ਲਗ ਪਏ ਸਨ ਕਿ ਇਕ ਧੋਤੀ ਤੋਂ ਬਿਨਾਂ ਹੋਰ ਕਪੜਾ ਨਹੀਂ ਸਨ ਪਾਂਦੇ । ਆਤਮਾ ਦੀ ਅਰੋਗਤਾ ਲਈ ਸਵੇਰੇ ਸ਼ਾਮ ਪਰਾਥਨਾ ਕਰਦੇ ਤੇ ਗੀਤਾ ਦਾ ਪਾਠ ਕਰਦੇ ਸਨ । ਅਹਿੰਸਾ ਦੇ ਵੀ ਪੁਜਾਰੀ ਸਨ ਤੇ ਸਭ ਤੋਂ ਵਧ ਨਫਰਤ ਕਰਦੇ ਸਨ ਝੂਠ ਨੂੰ । ਸੱਚ ਨਾਲ ਏਨਾਂ ਪਿਆਰ ਸੀ ਕਿ ਇਹਨੂੰ ਆਪਣੀ ਗਲਵੱਕੜੀ ਚੋਂ ਕਿਸੇ ਵੀ ਸ਼ਰਤ ਤੇ ਨਹੀਂ ਸਨ ਨਿਕਲਣ ਦੇਂਦੇ । ਆਪ ਸਚ ਨੂੰ ਅਜ਼ਾਦੀ ਹਾਸਲ ਕਰਨ ਲਈ ਬਹੁਤ ਜ਼ਰੂਰੀ ਸਮਝਦੇ ਸਨ । ਇਸੇ ਲਈ ਹੀ ਅਜ਼ਾਦੀ ਨਾਲੋਂ ਬਹੁਤਾ ਪਿਆਰ ਸਚ ਨੂੰ ਕਰਦੇ ਸਨ, ਕਹਿੰਦੇ ਸਨ ਸਚ ਤੋਂ ਬਿਨਾ ਅਜ਼ਾਦੀ ਨਹੀਂ ਮਿਲ ਸਕਦੀ ਪਰ ਸਚ ਹੋਵੇ ਤਾਂ ਅਜ਼ਾਦੀ ਜਿਤੀ ਜਾ ਸਕਦੀ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਰਦਾ ਹੋ ਚੁਕੀ ਹਿੰਦੂ ਕੌਮ ਵਿਚ ਨਵੀਂ ਰੂਹ ਫੂਕਕੇ ਉਹਨਾਂ ਨੂੰ ਫੇਰ ਜ਼ਿੰਦਾ ਕਰ ਦਿਤਾ ਸੀ, ਮਾਰਸ਼ਲ ਸਪਿਰਿਟ ਭਰਕੇ ਖਾਲਸਾ ਸਾਜਿਆ ਸੀ । ਉਵੇਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਮੁਰਦਾ ਹੋ ਚੁਕੇ ਸਿੱਖਾਂ ਦੇ ਦਿਲਾਂ ਨੂੰ ਧੜਕਾ ਦਿਤਾ ਸੀ ਤੇ ਦੇਸ਼ ਲਈ ਮਰ ਮਿਟਣ ਵਾਸਤੇ ਸਿਰਲੱਥ ਯੋਧੇ ਤਿਆਰ ਕਰ ਦਿਤੇ ਸਨ ।

ਗਾਂਧੀ ਜੀ ਨੇ ਨਾ-ਮਿਲਵਰਤਨ ਦੀ ਲਹਿਰ ਚਲਾਈ । ਜਿਸ ਅਨੁਸਾਰ ਸੁਦੇਸ਼ੀ ਦੀ ਵਰਤੋਂ ਦਾ ਆਪ ਪਰਚਾਰ ਕਰਦੇ ਰਹੇ । ਪਰ ਇਹੋ ਹੀ ਲਹਿਰ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਹ ਸਾਲ ਪਹਿਲਾਂ ਚਲਾਈ । ਇਹ ਮਹਾਤਮਾ ਜੀ ਜਾਨਣ ਕਿ ਇਸਦੀ ਪ੍ਰੇਰਨਾਂ ਉਨ੍ਹਾਂ ਸਤਿਗੁਰਾਂ ਦੀ ਚਲਾਈ ਲਹਿਰ ਤੋ ਲਈ ਸੀ ਜਾਂ ਨਾ । ਪਰ ਇਹ ਜ਼ਰੂਰੀ ਗਲ ਹੈ ਕਿ ਗਾਂਧੀ ਜੀ ਦੀ ਚਲਾਈ ਨਾ-ਮਿਲਵਰਤਨ ਨਾਲੋਂ ਸਤਿਗੁਰੂ ਜੀ ਦੀ ਚਲਾਈ ਨਾ-ਮਿਲਵਰਤਨ ਦੀ ਲਹਿਰ ਵਿਸ਼ਾਲ ਤੇ ਅਨੋਖੀ ਕਿਸਮ ਦੀ ਸੀ । ਅੰਗ੍ਰੇਜ਼ ਹਕੂਮਤ ਦਾ ਹਰਤਰਾਂ ਨਾਲ ਮੁਕੰਮਲ ਬਾਈਕਾਟ ਸੀ ਜਿਸ ਕਰਕੇ ਇਸਨੂੰ ਪੂਰਨ ਨਾ-ਮਿਲਵਰਤਨ ਕਿਹਾ ਗਿਆ । ਅੰਗ੍ਰੇਜ਼ਾਂ ਦੀਆਂ ਬਣਾਈਆਂ ਚੀਜ਼ਾਂ ਕਪੜਾ, ਖੰਡ ਆਦਿ ਦਾ ਪੂਰਨ ਬਾਈਕਾਟ, ਸੁਦੇਸ਼ੀ ਚੀਜ਼ਾਂ ਖਦਰ, ਸ਼ਕਰ ਆਦਿ ਦੀ ਵਰਤੋਂ । ਸਰਕਾਰੀ ਕਚਹਿਰੀਆਂ ਦਾ ਬਾਈਕਾਟ ਤੇ ਆਪਣੀਆਂ ਪੰਚਾਇਤਾਂ ਵਿਚ ਫੈਸਲੇ ਕਰਨੇ. ਸਰਕਾਰੀ ਨੌਕਰੀਆਂ ਨੂੰ ਜੁਤੀ ਮਾਰਨੀ ਤੇ ਸਰਕਾਰੀ ਸਕੂਲਾਂ ਦਾ ਬਾਈਕਾਟ,ਰੇਲ ਦਾ ਬਾਈਕਾਟ ਤੇ ਡਾਕ ਤੇ ਤਾਰ ਦੇ ਮਹਿਕਮੇ ਦਾ ਬਾਈਕਾਟ । ਸੋ ਇਸ ਤਰੀਕੇ ਨਾਲ ਅੰਗ੍ਰੇਜ਼ ਹਕੂ-ਮਤ ਦਾ ਮੁਕੰਮਲ ਰੂਪ ਵਿਚ ਬਾਈਕਾਟ ਸੀ । ਅੰਗ੍ਰੇਜ਼ ਨਾਲ ਕਿਸੇ ਕਿਸਮ ਦਾ ਕੋਈ ਸਬੰਧ ਵੀ ਨਹੀਂਸੀ । ਜੇਇਹ ਕਹਿਲਈਏ ਕਿ ਕਾਂਗ੍ਰਸਨੇ ਇਸ ਲਹਿਰ ਤੋਂ ਹੀ ਸੇਧ ਲਈ ਸੀ ਤਾਂ ਕੋਈ ਕੁਥਾਂ ਗੱਲ ਨਹੀਂ । ਇਸ ਬਾਬਤ ਭਾਰਤ ਦੇ ਰਾਸ਼ਟਰ ਪਤੀ ਰਾਜਿੰਦਰ ਪ੍ਰਸ਼ਾਦ ਜੀ ਨੇ ਵੀ ਆਪਣੇ ਇਕ ਲੇਖ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਸਿਧਾਂਤ" ਵਿਚ ਵੀ ਲਿਖਿਆ ਹੈ—

> "ਗੁਰੂ ਰਾਮ ਸਿੰਘ ਸ੍ਵਤੰਤ੍ਰਤਾ ਕੋ ਭੀ ਧਰਮ ਕਾ ਅਵਸ਼ਕ ਅੰਗ ਸਮਝਤੇ ਥੇ । ਔਰ ਨਾਮਧਾਰੀਓਂ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਥਾ । ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਉਸਕੋ ਗੁਰੂ ਰਾਮਸਿੰਘ ਨੇ ਪ੍ਰਾਯਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂਪ੍ਰਚਾਰ ਕੀਆ ਥਾ । ਉਨ ਕੇਸਿਧਾਂਤੋਂ ਮੇਂ ਪਾਂਚ ਚੀਜੇਂਹੈਂ— ੧. ਸਰ-ਕਾਰੀ ਨੌਕਰੀ ਕਾ ਵਹਿਸ਼ਕਾਰ, ੨. ਸਰ-ਕਾਰੀ ਸਕੂਲੋਂਕਾ ਵਹਿਸ਼ਕਾਰ,੩.ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ, ੪. ਵਦੇਸ਼ੀ ਵਸਤਰੋਂ ਕਾ ਵਹਿਸ਼ਕਾਰ. ੫. ਐਸੇ ਕਾਨੂੰਨ ਮਾਨਣੇ ਸੇ ਇਨਕਾਰ ਜੋ ਆਪਣੀ ਆਤਮਾ ਸੇ ਵਿਰੁਧ ਹੈਂ ।"

ਪੰਡਤ ਜਵਾਹਰ ਲਾਲ ਜੀ ਨਹਿਰੂ ਵੀ ਲਿਖਦੇ ਹਨ—

ਕਾਂਗ੍ਰਸ ਨੇ ਆਪਦੇ (ਸ੍ਰੀ ਸਤਿਗੁਰੂ

ਰਾਮ ਸਿੰਘ ਜੀ) ਵਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮ-ਯਾਬੀਆਂ ਪਰਾਪਤ ਕੀਤੀਆਂ ਹਨ। ਅਤੇ ੭੫ ਸਾਲ ਦੇ ਲਗ ਭਗ ਸਮਾਂ ਗੁਜਰਨ ਦੇ ਉਪ੍ਰੰਤ ਵੀ ਉਹ ਪ੍ਰੋਗ੍ਰਾਮ ਪੁਰਾਣਾ ਨਹੀਂ ਹੋਇਆ। ਜਿਸਨੂੰ ਅਮਲੀ ਸ਼ਕਲ ਦੇਣ ਨਮਿਤ ਆਪਨੂੰ ਕਠਨ ਘਾਲਣਾ ਘਾਲਣੀ ਪਈ ਸੀ।''

ਇਸਦੇ ਨਾਲ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਅਜਿਹੀ ਹਕੂਮਤ ਕਾਇਮ ਕਰ ਲਈ ਸੀ ਜਿਹਨੂੰ ਟਾਕਰੇ ਦੀ ਹਕੂਮਤ ਕਿਹਾ ਗਿਆ ਇਹਨਾਂ ਨੇ ਹਰ ਜਿਲੇ ਵਿੱਚ ਇਕ ਸੂਬਾ ਨੀਯਤ ਕੀਤਾ ਹੋਇਆ ਸੀ ਤੇ ਇਸੇ ਤਰਾਂ ਹੀ ਹਰ ਇਕ ਤਸੀਲ ਤੇ ਪਿੰਡ ਵਿੱਚ ਜਥੇਦਾਰ ਸਨ। ਗੁਰ ਦੁਆਰਿਆਂ ਵਿੱਚ ਭਾਈ ਸਨ ਜਿਨ੍ਹਾਂ ਦਾ ਕੰਮ ਬੱਚਿਆਂ ਨੂੰ ਪੜ੍ਹਾਨਾਂ ਸੀ। ਇਹਦੇ ਨਾਲ ਹੀ ਡਾਕ ਦੇ ਮਹਿਕਮੇ ਦਾ ਪ੍ਰਾਈਵੇਟ ਪ੍ਰਬੰਧ ਵੀ ਆਪਣਾਂ ਕੀਤਾ ਹੋਇਆ ਸੀ। ਜਿਸਦਾ ਪਹਿਲਾ ਵੱਡਾ ਅਫ ਸਰ ਸੂਬਾ ਸਾਹਿਬ ਸਿੰਘ ਸੀ। ਤੇ ਇਸ ਡਾਕ ਦੇ ਮਹਿਕਮੇ ਵਿੱਚ ਕਮਾਲ ਦੀ ਕਾਮਯਾਬੀ ਪ੍ਰਾਪਤ ਸੀ। ਏਨੀਂ ਕਿ ਤਾਰੀਫ ਕਰਨ ਤੋਂ ਹਕੂਮਤ ਵੀ ਨਾ ਰਹਿ ਸਕੀ :

''ਕੂਕੇ ਜਿਨ੍ਹਾਂ ਨੂੰ ਸੰਤ ਖਾਲਸੇ ਵੀ ਕਿਹਾ ਜਾਂਦਾ ਹੈ। ਉਹਨਾਂ ਦਾ ਡਾਕ ਦਾ ਮਹਿ-ਕਮਾਂ ਪ੍ਰਾਈਵੇਟ ਹੈ। ਜੋ ਬੜੀ ਖੂਬੀ ਨਾਲ ਜਥੇ ਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਦੇ ਕੂਕੇ ਕੋਲ ਪੁਜਦਾ ਹੈ। ਉਹ ਜੋ ਕੰਮ ਕਰਦਾ ਹੋਵੇ ਵਿਚੇ ਛੱਡ ਦੇਂਦਾਹੈ। ਜੇ ਰੋਟੀ ਅਧੀ ਖਾਧੀ ਤੇ ਅੱਧੀ ਰਹਿੰਦੀ ਹੈ ਤਾਂ ਉਹ ਦੂਜੀ ਗਰਾਹੀ ਮੂੰਹ ਨਹੀਂ ਪਾਂਦਾ। ਅਤੇ ਕੋਈ ਪ੍ਰਸ਼ਨ ਪੁੱਛਣ ਤੋਂ ਬਿਨਾਂ ਹੀ ਚਿੱਠੀ ਲੈਕੇ ਦੌੜ ਜਾਂਦਾ ਹੈ। ਅਰ ਦੂਜੇ ਪੜਾ ਦੇ ਕੂਕੇ ਦੇ ਹਵਾਲੇ ਕਰ ਦੇਂਦਾ ਹੈ। ਖਾਸ ਡਾਕ ਜ਼ਬਾਨੀ ਹੁੰਦੀ ਹੈ। ਜੋ ਲਿਖੀ ਨਹੀਂ ਹੁੰਦੀ। ਮੇਜਰ ਪਰਕਿਨਜ਼ ਦੇ ਦਸਣ ਅਨੁਸਾਰ ਉਹ ਜਰਨੈਲੀ ਸੜਕ ਛੱਡਕੇ ਲੰਮਾ ਵਲਾ ਪਾਉਂਦੇ ਤੇ ਲਾਂਭਿਉਂ ਦੀ ਜਾਂਦੇ ਹਨ।''

(ਏ ਬ੍ਰੀਫ ਅਕਾਉਂਟ ਟੂ ਦੀ ਕੂਕਾ ਸੈਕਟ ਪੰਨਾ ੨੯)

ਇਹ ਸਾਰਾ ਕੁਝ ਕਰਨ ਤੋਂ ਬਾਅਦ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ, ਨਿਪਾਲ ਤੇ ਕਾਬਲ ਨਾਲ ਵੀ ਸਬੰਧ ਜੋੜੇ। ਕਸ਼ਮੀਰ ਵਿੱਚ ਤਾਂ ਨਾਮਧਾਰੀਆਂ ਦੀ ਇਕ ਰਜਮੈਂਟ ਵੀ ਕਾਇਮ ਕੀਤੀ ਗਈ। ਤੇ ਏਥੇ ਹੀ ਬਸ ਨਹੀਂ, ਭਾਰਤ ਤੋਂ ਬਾਹਰ ਰੂਸ ਨਾਲ ਵੀ ਦੋਸਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸੋ ਸਪਸ਼ਟ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਨੀਤੀ ਬਹੁਤ ਡੂੰਘੀ ਸੀ।। ਤੇ ਇਹ ਅੰਗ-ਰੇਜ਼ ਨੂੰ ਜਲਦੀ ਤੋਂ ਜਲਦੀ ਦੇਸ ਵਿਚੋਂ ਕਢਨ ਲਈ ਹਰ ਤਰ੍ਹਾਂ ਦੇ ਯਤਨ ਕਰ ਰਹੇ ਸਨ। ਉਹ ਜਿਵੇਂ ਕਿਵੇਂ ਵੀ ਖ਼ੂਨ ਡੋਲ੍ਹ ਕੇ ਜਾਂ ਨਾ ਡੋਲ੍ਹਕੇ ਭਾਰਤ ਨੂੰ ਅੰਗ੍ਰੇਜ਼ ਦੇ ਪ੍ਰਛਾਵੇਂ ਤੋਂ ਬਚਾ ਲੈਣਾ ਚਾਹੁੰਦੇ ਸਨ। ਆਪਣੀ ਅੰਦਰੂਨੀ ਤਾਕਤ ਨੂੰ ਵਰਤ ਕੇ ਵੀ ਤੇ ਬਾਹਰ ਦੇ ਦੇਸ਼ਾਂ ਦੀ ਸਹਾਇਤਾ ਲੈਕੇ ਵੀ, ਪਰ ਮਹਾਤਮਾਂ ਜੀ ਇਸ ਗੱਲ ਦੇ ਉਲਟ ਸਨ। ਉਹ ਚਾਹੁੰਦੇ ਸਨ ਕਿ ਅੰਗ੍ਰੇਜ਼ ਆਪ ਹੀ ਭਾਰਤ ਨੂੰ ਛੱਡ ਜਾਵੇ। ਨੇਤਾ ਜੀ ਸੁਭਾਸ਼ ਚੰਦਰ ਬੋਸ ਗਰਮ ਧੜੇ ਦੇ ਸਨ ਜਦ ਉਹ ਕਾਂਗ੍ਰਸ ਦੇ ਪ੍ਰਧਾਨ ਬਣੇ ਤਾਂ ਚਾਹੁੰਦੇ ਸੀ ਕਿ ਹਰ ਤਰ੍ਹਾਂ ਨਾਲ ਚਾਹੇ ਲੜਨਾ ਵੀ ਪਵੇ ਇਸ ਵੇਲੇ ਅੰਗ੍ਰੇਜ਼ ਕੋਲੋਂ ਅਜ਼ਾਦੀ ਖੋਹ ਲੈਣੀ ਚਾਹੀਦੀ ਹੈ। ਪਰ ਮਹਾਤਮਾਂ ਗਾਂਧੀ ਤੇ ਹੋਰ ਕਈ ਲੀਡਰਾਂ ਨੇ ਉਨ੍ਹਾਂ ਦੀ ਹਮਾਇਤ ਨਾ ਕੀਤੀ। ਜਿਸ ਕਰਕੇ ਉਹ ਦੇਸ ਹੀ ਛੱਡ ਗਏ। ਗਾਂਧੀ ਜੀ ਤਾਂ ਲੜਾਈ ਦਾ ਨਾਂ ਤੱਕ ਵੀ ਨਹੀਂ ਸਨ ਲੈਂਦੇ। ਉਹ ਤਾਂ ਚਹੁੰਦੇ ਸੀ ਕਿ ਅੰਗ੍ਰੇਜ਼ ਹੀ ਦਿਆ ਦ੍ਰਿਸ਼ਟੀ ਕਰ ਕੇ ਭਾਰਤ ਛੱਡ ਜਾਵੇ। ਜੇ ਕਿਧਰੇ ਐਸੀ ਵੈਸੀ ਗੱਲ ਬਾਤ ਹੋ ਵੀਗਈ, ਜਾਂ ਇਨਾਂਦੇ ਮਨ੍ਹਾਂਕਰਨਦੇ ਬਾਵ-ਜੂਦ ਲੋਕੀਂ ਗੁੱਸੇ ਵਿੱਚ ਆਏ ਹਕੂਮਤ ਨਾਲ ਜਰਾ ਟੱਕਰ ਲੈ ਵੀ ਲੈਂਦੇ ਤਾਂ ਇਨ੍ਹਾਂ ਨੂੰ ਵਰਤ ਰੱਖ ਰੱਖ ਕੇ ਮਨ ਨੂੰ ਟਿਕਾਓ ਵਿੱਚ ਲਿਆਉਣਾਂ ਪੈਂਦਾ ਸੀ।

ਮਹਾਤਮਾਂ ਗਾਂਧੀ ਜੀ ਭਾਰਤ ਦੇ ਲੋਕਾਂ ਵਿੱਚ

ਇਤਫਾਕ ਕਾਇਮ ਰਖਣ ਲਈ ਸਿਰ ਤੋੜ ਕੋਸ਼ਸ਼ਾਂ ਕਰਦੇ ਰਹੇ। ਜਦੋਂ ਵੀ ਕਦੇ ਕਿਧਰੇ ਪਾੜ ਪੈਂਦਾ ਵੇਖਿਆ ਉਸ ਵਿੱਚ ਆਪ ਖਲੋਕੇ ਉਸਨੂੰ ਮੇਲਿਆ। ਪਰ ਭਾਰਤ ਮੁੱਢਤੋਂ ਹੀ ਫੁੱਟ ਦਾ ਸ਼ਿਕਾਰ ਰਿਹਾ ਹੈ,ਤੇ ਇਸ ਫੁਟ ਕਰਕੇ ਇਸਨੇ ਬੇ ਹਿਸਾਬਾ ਨੁਕਸਾਨ ਵੀ ਉਠਾਇਆ ਹੈ। ਗਾਂਧੀ ਜੀ ਦੀਆਂ ੧੯੪੭ ਵਿੱਚ ਅਤਿਯੰਤ ਕੋਸ਼ਸ਼ਾਂਦੇ ਬਾਵਜੂਦ ਵੀ ਜੋ ਪਾੜ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਪੈ ਚੁਕਿਆ ਸੀ ਮਿਲ ਨਾ ਸਕਿਆ। ਦੇਸ਼ ਦੇ ਦੋ ਟੁਕੜੇ ਹੋ ਗਏ, ਅਣਗਿਣਤ ਹੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪਰ ਅਸੀਂ ਅਜ਼ਾਦ ਜ਼ਰੂਰ ਹੋ ਗਏ। ਅਖੀਰ ਗਾਂਧੀ ਜੀ ਜਨਵਰੀ ੧੮,੧੯੪੮ ਨੂੰ ਪ੍ਰਾਰਥਨਾਕਰਕੇ ਮੰਦਰ ਚੋਂ ਬਾਹਰ ਨਿਕਲਦੇ ਹੋਏ ਆਪਣੇ ਹਿੰਦੂ ਭਰਾ ਦੇ ਹਥੋਂ ਮਾਰੇ ਗਏ। ਆਪਦੀ ਜ਼ਿੰਦਗੀ ਦਾ ਅੰਤ ਅਜ਼ਾਦ ਭਾਰਤ ਵਿਚ ਹੋਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਵੀ ਅੰਗ੍ਰੇਜ਼ ਹਕੂਮਤ ਨੇ ਆਪਣੀ ਮਰਜ਼ੀ ਦਾ ਸਲੂਕ ਤਾਂ ਕਰਨਾ ਹੀ ਸੀ ਕਿਉਂਕਿਉਹ ਇਨ੍ਹਾਂ ਨੂੰ ਆਪਣੇ ਵੈਰੀਸਮਝਦੀ ਸੀ। ਪਰ ਆਪਣੇ ਭਾਰਤੀ ਵੀਰ,ਰਾਜੇ,ਮਹਰਾਜੇ, ਨਵਾਬ, ਜਗੀਰਦਾਰ ਗੁਰਦਵਾਰਿਆਂ ਤੇ ਡੇਰਿਆਂ ਦੇ ਮਹੰਤਾਂਆਦਿ ਨੂੰ ਵੀ ਆਪ ਨਾ ਭਾਏ। ਅਖੀਰ ਗੌਰਮਿੰਟ ਨੇ ਬੜੇ ਪੱਕੇ ਇੰਤਜ਼ਾਮ ਕਰਕੇ ਬੜੀ ਚਤੁਰਤਾ ਨਾਲ ਸਤਿਗੁਰੂ ਜੀ ਨੂੰ ਜਲਾਵਤਨ ਕਰ ਦਿੱਤਾ। ਇਸ ਦਿਨ ਤੋਂ ਕੋਈ ਸਾਢੇ ਕੁ ਪੰਝਤ੍ਰ ਵਰ੍ਹਿਆਂ ਉਪ੍ਰੰਤ ਹਿੰਦੁਸਤਾਨ ਅਜ਼ਾਦ ਹੋਇਆ। ਪਰ ਅਫਸੋਸ! ਕਿ ਅੱਜ ਅਜ਼ਾਦ ਹੋਇਆਂ ਵੀ ਲਗ ਪਗ ੧੨ ਸਾਲ ਹੋਣ ਲਗੇ ਹਨ ਸਤਿਗੁਰੂ ਜੀ ਅਜੇ ਵੀ ਵਾਪਸ ਦੇਸ ਨਹੀਂ ਮੁੜੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਾਰਤ ਵਿੱਚ ਪ੯ ਸਾਲ ਰਹੇ ਤੇ ਮਹਾਤਮਾਂ ਗਾਂਧੀ ਜੀ ੭੮ ਸਾਲ। ਦੋਹਾਂ ਨੇ ਆਪਣੇ ਆਪਣੇ ਸਮੇਂ ਵਿੱਚ ਕੀ ਕੁਝ ਕੀਤਾ ਤੇ ਕਿਵੇਂ ਕੀਤਾ ਇਸਦਾ ਉਪਰ ਤੁਲਨਾ-ਤਮਕ ਬਿਆਨ ਕੀਤਾ ਗਿਆ ਹੈ। ਦੋਹਾਂ ਚੋਂ ਮਹਾ-ਨਤਾ ਕਿਸਦੇ ਹਿੱਸੇ ਜ਼ਿਆਦਾ ਆਉਂਦੀ ਹੈ। ਇਸਦਾ ਨਿਰਨਯ ਸਪਸ਼ਟ ਹੈ ਜਾਂ ਪਾਠਕ ਆਪ ਕਰਨ। ਜਾਂ ਸਮਾਂ ਦਸੇਗਾ ਜਦ ਕਿ ਇਤਿਹਾਸ ਖੋਜੀ ਨਵੀਆਂ ਕੀਮਤਾਂ ਦੁਆਰਾ ਇਨ੍ਹਾਂ ਦੀਆਂ ਘਾਲਣਾ ਦਾ ਮੁਲ ਪਾਉਣਗੇ।

---o---

ਹਜ਼ਾਰਾ ਸਿੰਘ ਜੀ ਡਹਿਰ

ਤਰਲਾ

ਚੀਨੀ ਵਾਲਿਆ ਤੇਰੇ ਦੀਦਾਰ ਖਾਤਰ, ਰਾਹ ਵੇਂਹਦੀਆਂ ਅੱਖੀਆਂ ਥੱਕ ਗਈਆਂ।
ਗਲੇ ਵਿੱਚ ਗਲ਼ਵਕੜੀ ਪਾਉਣ ਖਾਤਰ, ਬਾਹਵਾਂ ਅੱਡੀਆਂ ਨੇ ਐਪਰ ਅੱਕ ਗਈਆਂ।
ਖਾਣਾਂ, ਪੀਣਾਂ ਨਾ ਪਹਿਨਣਾਂ ਸੁਝਦਾ ਏ, ਸੱਟਾਂ ਸੀਨੇ ਜੁਦਾਈ ਦੀਆਂ ਪੱਕ ਗਈਆਂ।
'ਹਡਹਿ'ਸਫਰ ਵਿਛੋੜੇ ਦਾ ਹੋਇਆ ਲੰਮਾਂ, ਲੱਤਾਂ ਤੁਰਦੀਆਂ ਤੁਰਦੀਆਂ [illegible]

ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ'

ਰਾਜਨੀਤਕ ਸਰਗਰਮੀਆਂ

ਇਹ ਸਮਾਂ ਪੰਥਕ ਅਰੂਜ ਦਾ ਤੇ ਤੇਜ ਪ੍ਰਤਾਪ ਦਾ ਸਮਾ ਸੀ। ਸਿਖੀ ਦਾ ਸੂਰਜ ਸਿਖਰ ਦੁਪਹਿਰ ਪ੍ਰਚੰਡ ਕਿਰਣਾਂ ਛਡ ਰਿਹਾ ਸੀ। ਇਕ ਪਾਸੇ ਸ੍ਰ: ਹੀਰਾ ਸਿੰਘ ਸਢੌਰਾ ਤੇ ਸ੍ਰ: ਕਿਸ਼ਨ ਸਿੰਘ ਗੁੰਥ ਗੜ ਕਸ਼ਮੀਰ ਵਿਚ ਕੂਕਿਆਂ ਦੀ ਪਲਟਨ ਕਾਇਮ ਕਰਕੇ ਗਿਲਗਿਤ ਦੇ ਨਾਕੇ ਜਾ ਬੰਦ ਕੀਤੇ ਜਿਥੇ ਕੂਕੇ ਸੈਨਕਾਂ ਨੂੰ ਡੋਗਰਾ ਫੌਜ ਤੋਂ ਤੇ ਹੋਰ ਸੈਨਕਾਂ ਨਾਲੋਂ ੧) ਵਧੀਕ ਤਨਖਾਹ ਦੇਕੇ ਸਤਿਕਾਰਿਆ ਜਾ ਰਿਹਾ ਸੀ, ਦੂਜੇ ਪਾਸੇ ਭਾਈ ਬਿਸ਼ਨ ਸਿੰਘ ਜੀ ਨੂੰ ਕਾਬਲ ਨਾਲਸੰਧੀ ਕਰਕੇ ਫਿਰ ਰੂਸ ਵਿਚ ਜਾਕੇ ਅੰਗ੍ਰੇਜ਼ਾਂ ਨੂੰ ਭਾਰਤ ਵਿਚੋਂ ਕਢਣ ਦੀ ਯੋਜਨਾਂ ਤਿਆਰ ਕੀਤੀ ਜਾ ਰਹੀ ਸੀ, ਜਿਸਦੀ ਸ਼ਹਾਦਤ ਅਜ ਵੀ "ਬਾਕੂ" ਦੇ ਮਹਾਂ ਜੁਆਲਾ ਜੀ ਦੇ ਮੰਦਰ ਦੀਆਂ ਕੰਧਾਂ ਤੇ ਸੰਤ ਬਿਸ਼ਨ ਸਿੰਘ ਜੀ ਦਾ ਲਿਖਿਆ ਮੂਲ ਮੰਤ੍ਰ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦੇ ਲਿਖੇ ਗੁਰਮੁਖੀ ਅਖਰ ਪੁਕਾਰ-ਪੁਕਾਰ ਕੇ ਦੇ ਰਹੇ ਹਨ। ਜਿਨਾਂ ਨੂੰ ਵੇਖ ਰੂਸੀ ਭਾਸ਼ਾ ਵਿਗਿ-ਆਨੀ ਹੈਰਾਨ ਹੋ ਰਹੇ ਹਨ। ਸੰਤ ਬਿਸ਼ਨ ਸਿੰਘ ਜੀ ਦਾ ਰੂਸ ਜਾਣਾ ਤੇ ਓਥੇ ਜਾਕੇ ਉਸ ਸਮੇਂ ਦੀ ਰੂਸੀ ਹਕੂਮਤ ਨਾਲ ਸੰਧੀ ਕਰਨੀ ਇਹ ਗਲਾਂ ਪੁਰਾਤਨ ਨਾਮਧਾਰੀ ਸਾਹਿਤ ਪੁਕਾਰ-ਪੁਕਾਰ ਕੇ ਦਸ ਰਿਹਾ ਹੈ। ਸੰਤ ਝੱਬਰਾਂ ਵਾਲੇ ਚੰਦਾ ਸਿੰਘ ਜੀ ਲਿਖਦੇ

ਇਸ ਦਾ ਜਿਕਰ ਸੰਤ ਚੰਦਾ ਸਿੰਘ ਜੀ ਝੱਬਰ ਜਿਲਾ ਸ਼ੇਖੂ ਪੁਰਾ ਨਿਵਾਸੀ ਨੇ ਬਾਰਾਂ ਮਹਾਂ ਨਾਮੀ ਆਪਣੀ ਰਚਨਾਂ ਵਿਚ ਕੀਤਾ ਹੈ। ਇਸਦਾ ਰਚਨਾਂ ਕਾਲ ੧੯੩੨–੩੩ ਬਿਕ੍ਰਮੀ ਦੇ ਨੇੜੇ ਤੇੜੇ ਦਾ ਹੈ ਜਦ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਕੀਤਿਆਂ ਮਸਾਂ ੪-੫ ਸਾ ਹੋਏ ਸਨ। ਰਸ਼ੀਆ ਨੇ ਜੇਹੂ ਨਦੀ ਦਾ ਪਾਸਲਾ ਇਲਾਕਾ ਜਿਤਕੇ ਆਪਣੇ ਨਾਲ ਮਿਲਾ ਲਿਆ ਸੀ। ਕਾਬਲ ਦੇ ਅਮੀਰ ਸ਼ੇਰਅਲੀ ਨੇ ਆਪਣਾਂ ਏਲਚੀ ਅੰਗਰੇਜ਼ਾਂਕੋਲਸ਼ਿਮਲੇ (੭੦-੭੧ ਈ:) ਭੇਜਿਆ ਸੀ। ਓਧਰ ਆਪਣੀ ਸ਼ਾਨ ਸ਼ੌਕਤ ਦਸਣ ਤੇ ਧਾਂਕ ਜਮਾਉਣ ਮਲਕਾਂ ਵਿਕਟੋਰੀਆ ਦਾ ਪੁਤ ਡਿਯੂਕ ਆਫ ਐਡਨ ਬਰਾ ਦਿਲੀ ਵਿਚ ਆਇਆ ਜਿਸਦੀ ਖੁਸ਼ੀ ਵਿਚ ਦਿਲੀ ਬੜਾ ਭਾਰੀ ਦਰਬਾਰ ਕੀਤਾ ਗਿਆ, ਇਹੀ ਸ਼ਹਿਜਾਦਾ ਪਿਛੋਂ ਐਡਵਰਡ ਦੇ ਨਾ ਨਾਲ ਪ੍ਰਸਿਧ ਹੋਇਆ। ਇਧਰ ਅੰਗਰੇਜ਼ ਆਪਣਾ ਰਾਜ ਪਕਾ ਜੰਮ ਜਾਣ ਦੀ ਖੁਸ਼ੀ ਵਿਚ, ਦਿਲੀ ਵਿਚ ਰੰਗ ਰਲੀਆਂ ਮਨਾ ਰਿਹਾ ਸੀ ਓਧਰ ਕੂਕੇ ਆਪਣੇ ਰੰਗ ਤੇ ਮਸਤੀ ਵਿਚ ਗਾ ਰਹੇ ਸਨ:–

"ਜਦੋਂ ਰੂਸ ਕਚੈਹਰੀ ਆਇਆ।
ਪਾਸ ਵਜੀਰ ਸਦ ਬਹਾਇਆ।
[illegible]

ਚੜ੍ਹੇ ਪੰਜਾਬ ਤੇ।
ਫੌਜਾਂ ਚੜ੍ਹ ਕੇ ਰੂਸ ਦੀਆਂ ਧਾਈਆਂ।
ਪੈ ਗਈਆਂ ਲੰਦਣ ਵਿਚ ਦੁਹਾਈਆਂ।
ਓਧਰ ਗੋਰੇ ਕਰਨ ਸਲਾਹੀਆਂ।
ਮਰਸਨ ਬੇਟੇ ਜਾਏ ਮਾਂਈਆਂ।
ਬਹਿ ਬਹਿ ਰੋਵਨ ਧੀਆਂ ਪ੍ਰਾਈਆਂ।
ਪਲੂ ਪਾਇਕੇ।

ਇਸੇ ਸਮੇਂ ਇਹ ਸਤਰਾਂ ਗਾਂਉਦੇ ਸਾਡੇ ਪ੍ਰਸਿਧ ਸਾਹਿਤ ਕਾਰ ਅਪ੍ਰਕਾਸ਼ਤ ਇਤਿਹਾਸਕ ਪੁਸਤਕ 'ਸ੍ਰੀ ਸਤਿਗੁਰੂ ਬਿਲਾਸ' ਦੇ ਲੇਖਕ ਸ੍ਰੀ ਮਾਨ ਸੰਤ ਸੰਤੋਖ ਸਿੰਘ ਜੀ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਡੀ. ਸੀ. ਦੀ ਕਚਹਿਰੀ ਲੁਧਿਆਣੇ ਦਿਨੇ ਮਸਾਲ ਜਗਾਕੇ ਇੰਨਸਾਫ ਢੂੰਡਦੇ ਹੋਏ ਡੇਢ ਸਾਲ ਸਖਤ ਕੈਦ ਭੁਗਤ ਰਹੇ ਸਨ :-

ਬਿਸ਼ਨ ਸਿੰਘ ਗੁਰੂ ਕਾ ਲਾਲ
ਫੌਜਾਂ ਰਹਿਣ ਸ਼ਹੀਦੀ ਨਾਲ
ਕੀਤੇ ਸਤਿਗੁਰ ਨਾਲ ਕਰਾਰ
ਅਗੇ ਜੋ ਭਾਵੇ ਕਰਤਾਰ
ਓਹ ਭੀ ਹੋਇ ਆਨ ਤਿਆਰ ਹੁਕਮ ਅਕਾਲ ਦਾ।

ਰੂਸ ਦੀਆਂ ਫੌਜਾਂ ਜੇਹੂ ਨਦੀ ਦਾ ਉਰਲਾ ਪਰਲਾ ਪਾਸਾ ਪਠਾਣਾ ਤੋਂ ਖੋਹਕੇ ਆਪਣੇ ਕਾਬੂਕਰ ਰਹੀਆਂ ਸੀ। ਇਧਰ ਸੰਤ ਚੰਦਾ ਸਿੰਘ ਜੀ ਤੇ ਸੰਤ ਸੰਤੋਖ ਸਿੰਘ ਜੀ ਆਦਿ ਨਾਮਧਾਰੀ ਇਸਨੂੰ ਆਪਣੀ ਦਿਬ ਦ੍ਰਿਸ਼ਟੀ ਨਾਲ ਇਉਂ ਬਿਆਨ ਕਰ ਰਹੇ ਸਨ ਜਿਵੇਂ ਮਹਾ ਭਾਰਤ ਦਾ ਜੰਗ ਸੰਜਯ ਧ੍ਰਿਤਰਾਸ਼ਟਰ ਨੂੰ ਦਸ ਰਹੇ ਸਨ-

'ਪਠਾਨ ਨਿਤ ਉਠ ਕਰਦੇ ਸ਼ੋਰ।
ਗੋਰੇ ਹਟ ਆ ਲਥੇ ਪਸ਼ੌਰ।
ਪਿਛੇ ਰਖ ਲਿਆ ਲਹੌਰ।
ਦਿਲ ਵਿਚ ਕਰਨ ਸਲਾਹੀਂ ਹੋਰ।
ਭਾਣਾ ਕੋਈ ਨ ਸਕਦਾ ਮੋੜ।
ਜੋ ਆਪ ਅਕਾਲ ਦਾ।
ਜਦੋਂ ਰੂਸ ਪੰਜਾਬੇ ਆਵੇ।
ਪਏ ਕਾਲ ਮੁਲਕ ਰੁਲ ਜਾਵੇ।
ਦੁਨੀਆ ਮਰੇ ਅੰਨ ਦੇ ਹਾਵੇ।
ਸੇਰ ਰੁਪਈਏ ਅੰਨ ਵਿਕਾਵੇ।
ਓਹ ਵੀ ਢੂੰਡਿਆ ਹਥ ਨ ਆਵੇ।
ਮੇਰਾ ਸਿਖ ਭੁਖਾ ਨ ਜਾਵੇ।
ਬਚੇ ਸੋ ਜੋ ਗੁਰ ਸਰਨੀ ਆਵੇ।
ਇਕ ਮਨ ਹੋਕੇ ਨਾਮ ਧਿਆਵੇ। ਓਸ ਅਕਾਲ ਦਾ।

ਇਹ ਉਦਾਹਰਣ ਦੇਕੇ ਦਸਣ ਦਾ ਭਾਵ ਉਸ ਸਮੇਂ ਦੀ ਕੂਕਿਆਂ ਦੀ ਰਾਜਨੀਤੀ ਦਾ ਦਿਗ ਦਰਸ਼ਨ ਕਰਾਉਣ ਮਾਤ੍ਰ ਹੈ ਤਾਕਿ ਇਤਿਹਾਸ ਦਾ ਪਾਠਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਰਾਜਨੀਤਕ ਸਰਗਰਮੀਆਂ ਦਾ ਅਧੈਨ ਭਲੀ ਭਾਂਤਿ ਕਰ ਸਕੇ।

ਜਦ ਅਮੀਰ ਕਾਬਲ ਦਾ ਪੁਤ੍ਰ ਅਬਦੁੱਲਾ ਜਾਨ ਅਤੇ ਭਤੀਜਾ ਸਮੱਦ ਖਾਨ ਸ੍ਰੀ ਭੈਣੀ ਸਾਹਿਬ ਆਏ ਤਦੋਂ ਅੰਗ੍ਰੇਜ਼ ਸਾਮਰਾਜ ਵਿਚ ਹਲ ਚਲ ਮਚ ਗਈ ਸੀ। ਕੂਕਾ ਰੀਕਾਰਡ ਵਿਚ ਕੈਪਟਨ ਬੇਲੀ ਹੈਰਾਨੀ ਨਾਲ ਲਿਖਦਾ ਹੈ ਕਿ- "ਪਠਾਣਾਂ ਦੇ ਇਸ ਸਫਰ ਸਬੰਧੀ ਸਹੀ ਮੰਤਵ ਦਾ ਪਤਾ ਨਹੀਂ ਲਗ ਸਕਿਆ ਪਰ ਇਹ ਗਲ ਡਾਢੀ ਦਿਲਚਸਪੀ ਵਾਲੀ ਹੈ ਕਿ ਇਕ ਪੇਂਡੂ ਤ੍ਰਿਖਾਣ ਦੀ ਸ਼ੋਹ-ਰਤ ਦਾ ਡੰਕਾ ਕਿਥੋਂ ਤੀਕਰ ਵਜ ਚੁਕਾ ਹੈ।"[੧]

ਕਸ਼ਮੀਰ ਵਿੱਚ ਇਕ ਪੂਰੀ ਪਲਟਨ ਕੂਕਿਆਂ ਦੀ ਕਾਇਮ ਹੋਈ ਜਿਸਦੇ ਅਫਸਰ ਸ੍ਰ: ਹੀਰਾ ਸਿੰਘ ਜੀ ਲੰਮੂ ਸਢੌਰੇ ਦੇ ਰਾਈਸੇ ਆਜ਼ਮ ਸਨ ਅਤੇ ਦੂਜੇ ਸਨ ਇਨ੍ਹਾਂ ਦੇ ਸਹਿਯੋਗੀ ਤੇ ਸਾਥੀ ਸਰਦਾਰ ਕਿਸ਼ਨ ਸਿੰਘ ਜੀ ਗ੍ਰੰਥ ਗੜ੍ਹ। ਇਨ੍ਹਾਂ ਨਾਮਧਾਰੀ ਸੈਨਕਾਂ ਨੂੰ ਆਮ ਡੋਗਰਾ ਤੇ ਹੋਰ ਕਸ਼ਮੀਰੀ ਸੈਨਕਾਂ ਨਾਲੋਂ ਇਕ ਰੁਪਈਆ ਵਧੀਕ ਤਨਖਾਹ ਤੇ ਰਾਸ਼ਨ ਸਰਕਾਰੀ ਸੀ। ਲੰਗਹ ਇਹ ਆਪ ਸਜਾਉਂਦੇ ਸਨ। ਇਨ੍ਹਾਂ ਗਿਲਗਿਤ ਦੇ ਰਸਤੇ ਕਸ਼ਮੀਰ ਵਿਚ ਦਾਖਲ ਹੋਣ ਵਾਲੇ ਲੁਟੇਰਿਆਂ ਦੇ ਨਾਕੇ ਬੰਦ ਕਰ ਦਿਤੇ। ਜਦ ਅੰਗ੍ਰੇਜ਼ ਨੂੰ ਇਹ ਪਤਾ ਲਗਾ ਉਸ ਪਲਟਣ ਤੁੜਵਾ ਦਿਤੀ। ਸਰਦਾਰ ਹੀਰਾ ਸਿੰਘ ਤੇ ਕਿਸ਼ਨ ਸਿੰਘ ਆਪੋ ਆਪਣੇ ਘਰ ਆ ਰਹੇ। ਭਾਵੇਂ ਸਰਦਾਰ ਹੀਰਾ ਸਿੰਘ ਜੀ ਨੂੰ ਅੰਗ੍ਰੇਜ਼ ਚੰਗਾ ਨਹੀਂ ਸੀ ਸਮਝਦਾ ਪਰ ਉਸਨੂੰ ਸਤਿ-ਲੁਜ ਪਾਰ ਦੇ ਰਈਸਾਂ ਦੇ ਡਰ ਤੋਂ ਕੁਝ ਨਾ ਕਿਹਾ

੧ ਜੁਗ ਪਲਟਾਊ ਸਤਿਗੁਰੂ

ਸਰਦਾਰ ਕਿਸ਼ਨ ਸਿੰਘ ਦੇ ਵਾਰੰਟ ਗ੍ਰਿਫਤਾਰੀ, ਗ੍ਰੰਥ ਗੜ੍ਹ ਵਿਚ ਹੋਏ ਇਕ ਕਤਲ ਦੇ ਮੁਕਦਮੇ ਵਿਚ ਫਸਾਉਣ ਲਈ ਕਢ ਦਿਤੇ। ਸਰਦਾਰ ਕਿਸ਼ਨ ਸਿੰਘ ਨਸਕੇ ਨੈਪਾਲ ਜਾ ਰਹੇ। ਨੈਪਾਲ ਤਦੋਂ ਬਾਗੀਆਂ ਦਾ ਗੜ੍ਹ ਸੀ।

ਕਿਸ਼ਨ ਸਿੰਘ ਜੀ ਦਾ ਆਚਰਣ, ਲਿਆਕਤ ਸਿਆਣਪ ਤੇ ਇਖਲਾਕ ਵੇਖਕੇ ਰਾਣਾ ਜੰਗ ਬਹਾਦ੍ਰ ਬਹੁਤ ਹੀ ਪ੍ਰਸੰਨ ਹੋਏ, ਓਹਨਾਂ, ਸ੍ਰੀ ਰਾਣਾਂ ਜੰਗ ਬਹਾਦ੍ਰ ਜੀ ਨੇ ਨਾਮਧਾਰੀ ਦਰਬਾਰ ਨਾਲ ਸਬੰਧ ਸਥਾਪਤ ਕਰਨ ਲਈ, ਸ੍ਰੀ ਸਤਿਗੁਰੂ ਜੀ ਜੀ ਸੇਵਾ ਵਿਚ ਅਰਜੀ ਭੇਜੀ ਸੀ ਕਿ ਸਾਡੇ ਲਈ ਦੋ ਮੱਝਾਂ ਦੋ ਖੱਚਰਾਂ, ਆਪਣੇ ਇਤਬਾਰੀ ਹਥ ਭੇਜ ਦਿਓ। ਖਚਰਾਂ ਤੇ ਮੱਝਾਂ ਸਰਦਾਰ ਕਾਂਨ੍ਹ ਸਿੰਘ ਜੀ ਨਿਹੰਗ ਸੂਬਾ ਤੇ ਸਾਹਿਬ ਸਿੰਘ ਜੀ ਲੈਕੇ ਗਏ।

ਬਾਬਾ ਕਾਂਨ੍ਹ ਸਿੰਘ ਜੀ ਤੇ ਸਾਹਿਬ ਸਿੰਘ ਨਾਲ।
ਭੇਜਿਆ ਸਤਿਗੁਰੂ ਰਾਮ ਸਿੰਘ ਜੀ ਰਾਣੇ ਨੂੰ ਮਾਲ।
ਧਰਤਿ ਹਵਾਨਾ ਲਗਿਆ ਗਿਠ ਗਿਠ ਲੰਮੇ ਥਣ।
ਨੀਲੀ ਦੀਆਂ ਸੀ ਜੰਮੀਆਂ ਦੁਧ ਦੇਣ ਮਣ-ਮਣ।
ਹਥ ਪਿੰਡਿਓਂ ਤਿਲਕਦਾ ਹਾਥੀ ਜੇਹੇ ਕੱਦ।
ਨਸਲੋਂ ਰਵਾ ਸੀ ਆ ਰਿਹਾ ਖੰਧਾ ਚੂਚਕ ਵੱਗ।
ਖਚਰਾਂ ਡਾਢੀਆਂ ਸੋਹਣੀਆਂ ਥਕਨ ਚੁਕ ਨ ਭਾਰ।
ਪਲੀਆਂ ਖਾ ਨਿਹਾਰੀਆਂ ਲੈ ਲੈ ਬਹੁਤ ਪਿਆਰ।
ਚਾਪੜ ਜਿਉਂ ਚੌੜੇ ਪੁੜੇ ਅਗੋਂ ਉਚੇ ਮੌਰ।
ਲਕ ਤੇ ਨਿੰਬੂ ਟਿਕਦਾ ਮਟਕਾਂ ਵਾਲਾ ਤੌਰ।
ਪਰਬਤ ਵੇਖ ਨ ਰੁਕਦੀਆਂ ਉਚੀ ਲੰਮੀ ਧਾਰ।
ਰਵਾਂ ਰਵੀਂ ਚੜ੍ਹ ਜਾਂਦੀਆਂ ਮਣੀ ਮੂੰਹੀਂ ਚਕ ਭਾਰ।
ਜੰਗ ਬਹਾਦਰ ਵੇਖਕੇ ਅਤੀ ਹੋਏ ਪ੍ਰਸੰਨ।
ਵੇਖ ਮਾਲ ਨੂੰ ਚੜ੍ਹ ਗਿਆ ਪੂਰਨਮਾ ਦਾ ਚੰਨ।

ਸ੍ਰੀ ਰਾਣਾਂ ਜੰਗ ਬਹਾਦ੍ਰ ਮਾਲ ਵੇਖ ਤੇ ਸਿੰਘਾਂ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਸੂਬਿਆਂ ਦੀ ਗੱਲ ਕੱਥ ਸਿਆਣੀ ਦਿਲ ਖਿਚਵੀਂ, ਭਗਤੀ ਪ੍ਰਧਾਨ ਦ੍ਰਿੜਤਾ ਵਾਲੀ ਸੀ। ਇਕ ਮਹੀਨਾ ਸਿੰਘ ਕਾਠ ਮਾਂਡੂ (ਨੈਪਾਲ ਦੀ ਰਾਜਧਾਨੀ) ਵਿੱਚ ਰਹੇ। ਰੋਜ ਮੁਲਾਕਾਤਾਂ ਹੁੰਦੀਆਂ ਜਿੰਨ੍ਹਾਂ ਵਿੱਚ ਭਾਰਤ ਨੂੰ ਵਿਦੇਸ਼ੀਆਂ ਦੇ ਪੰਜੇ ਵਿਚੋਂ ਛੁਡਾਉਣ ਦੀਆਂ ਤਜਵੀਜਾਂ ਸੋਚੀਆਂ ਜਾਂਦੀਆਂ:-

"ਰਖੇ ਸਿੰਘ ਸਤਿਕਾਰ ਨਾਲ,
ਜਿਉਂ ਸ਼ਾਹੀ ਮਹਿਮਾਨ।
ਰਾਣੇ ਦਿਤੀ ਵਿਦਿਆ,
ਕਰ ਡਾਢਾ ਸਨਮਾਨ।
ਨਾਪੇ ਲੈ ਕੇ ਮੁਸ਼ਕ ਦੇ,
ਮਣਕੇ ਇਕ ਸੌ ਅੱਠ।
ਸੋਨੇ ਵਿੱਚ ਮੜ੍ਹਾਇਕੇ,
ਮਾਲਾ ਦਿਤੀ ਸੱਠ।
ਮੇਰੂ ਥਾਂ ਟਿਕਾਇਆ,
ਹੀਰਾ ਇਕ ਤਰਾਸ਼।
ਰਾਤੀਂ ਹੁੰਦਾ ਚੰਨ ਜਿਉਂ,
ਉਸ ਵਿਚੋਂ ਪ੍ਰਕਾਸ਼।
ਰਤਨ ਜੜੀ ਦੋ ਖੋਖਰੀ,
ਸੋਨਾ ਲਗੀਆਂ ਮੁਠ।
ਥਾਂ-ਥਾਂ ਮੋਤੀ ਚਮਕ ਦੇ,
ਖਾਲੀ ਕੋਈ ਨ ਗੁਠ।
ਇਕ ਦੁਸ਼ਾਲਾ ਆਹਲਾ,
ਪੰਜਾਹ ਗਜ ਲਾਲ ਬਨਾਤ।
ਪਹਿਨ ਸਪੈਦੀ ਲਾਲ ਹੋਇ,
ਚਿਹਰੇ ਦੀ ਕ੍ਰਾਂਤ।
ਕਿਸੇ ਵੀ ਕੀਮਤ ਦਿਤਿਆਂ,
ਮਿਲ ਨਾ ਸਕਣ ਗੂਟ।
ਮੁਢੋਂ ਤੁਰਦੀ ਆ ਰਹੀ,
ਸ਼ਾਹੀ ਨਸਲ ਅਖੁਟ,।
ਚੀਨੇ ਕਲ ਬੂੜ੍ਹ ਜਿਹੇ,
ਇਕੋ ਜਿਹੇ ਸਪੈਦ।
ਮਚਲ ਮਚਲ ਕੇ ਤੁਰਨ ਜਿਉਂ,
ਗੋਰੇ ਕਰਨ ਕਵੈਦ।
ਸੋਨੇ ਦੀਆਂ ਹਮੇਲ ਗਲ,
ਜੁਗਨੀਆਂ ਵਿੱਚ ਨੱਗ।
ਕਾਠੀਆਂ ਜਿਹੀਆਂ ਚਮਕਦਾਰ,
ਦਿਸੇ ਵਿਚੋਂ ਪੱਗ।
ਵਾਗਾਂ ਸੁਚੀਆਂ ਰੇਸ਼ਮੀਂ,
ਮੜ੍ਹੀਆਂ ਤਿਲੇ ਨਾਲ।
ਮੂੰਹ ਲਗਾਮ ਫੌਲਾਦ ਦੇ,ਨਰਮੀਂ ਭਰੀ ਕਮਾਲ।
ਜੰਗ ਬਹਾਦ੍ਰ ਭੇਟ ਇਹ,



ਸ੍ਰੀ ਹਜ਼ੂਰ ਮਹਾਰਾਜ ਬਾਬਾ ਬੀਰ ਸਿੰਘ ਜੀ

ਭੇਜੀ ਗੁਰ ਦਰਬਾਰ।
ਮਾਲ ਦੀ ਕੀਮਤ ਵਖਰੀ,
ਨਗਦੀ ਕਈ ਹਜਾਰ।
ਭੇਜਿਆ ਇਕ ਮੁਰਾਸਲਾ,
ਜੋ ਸ਼ਾਹੀ ਦਸਤੂਰ।
ਧਰਿਆ ਸਿੰਘਾਂ ਆਣ ਓਹ,
ਸ੍ਰੀ ਗੁਰੂ ਦੇਵ ਹਜ਼ੂਰ।

ਇਸਤੋਂ ਬਿਨਾਂ ਆਫਤਾਬ ਪ੍ਰੈਸ ਦੇ ਮਾਲਕ, ਲਹੌਰ ਦੇ ਦੀਵਾਨ ਬੂਟਾ ਸਿੰਘ ਜੀ, ਬਹੁਤ ਚਿਰ ਪਹਿਲਾਂ ਹੀ ਹਜ਼ੂਰ ਦੀ ਸਰਨ ਵਿੱਚ ਆ ਗਏ ਸਨ। ਇਸਦੇ ਪ੍ਰੈਸ ਵਿੱਚ ਬਹੁਤ ਸਾਰਾ ਨਾਮਧਾਰੀ ਸਾਹਿਤ ਤੇ ਦਰਬਾਰ ਸਾਹਿਬ ਦੀ ਬੀੜ ਪ੍ਰਕਾਸ਼ਤ ਕਰਾਈ ਗਈ ਸੀ ਜਿਸਦਾਹਿਸਾਬਅੱਜ ਵੀ ਸ੍ਰੀ ਗੁਰਦੁਆਰਾ ਸਾਹਿਬ ਦੀਆਂ ਓਦੋਂ ਦੀਆਂ ਵਹੀਆਂ ਵਿੱਚ ਮਿਲਦਾ ਹੈ। ਇਹ ਦਿਗ ਦਰਸਨ ਹੈ ਕੁਝ ਰਾਜ ਨੀਤਕ ਸਰਗਰਮੀਆਂ ਦਾ।

—o—

ਕਾਕਾ ਹਰਭਜਨ ਸਿੰਘ ਜੀ ਝੱਲ

ਸ਼ਹੀਦ

ਦੁਖੀਆਂ ਲਈ ਏਹ ਸਿਰਾਂ ਨੂੰ ਕਟਾਂਦੇ।
ਦੁਖੀਆਂ ਲਈ ਖੱਲਾਂ ਪੁੱਠੀਆਂ ਲੁਹਾਂਦੇ।
ਕੌਮਾਂ ਦੀ ਕਿਸਮਤ ਪਲਾਂ ਵਿੱਚ ਜਗਾਂਦੇ।
ਤਾਂ ਹੀ ਲੋਕ ਰਲ ਦਿਨ ਸ਼ਹੀਦੀ ਮਨਾਂਦੇ।
ਨਹੀਂ ਆਖੀ ਜਾਂਦੀ ਇਨ੍ਹਾਂ ਦੀ ਕਹਾਨੀ।
ਏਹਨਾਂ ਦਾ ਨਾ ਕੋਈ ਦੁਨੀਆਂ ਤੇ ਸਾਨੀ।
ਏਹਨਾਂਨੂੰ ਹੁੰਦਾਨਹੀਂ ਲੋਕੋ ਹੂਰਾਂ ਦਾ ਲਾਲਚ।
ਏਹਨਾਂ ਨੂੰ ਨਹੀਂ ਕੋਹਿ ਤੂਰਾਂ ਦਾ ਲਾਲਚ।
ਨਾਂ ਹੀ ਸ਼ਰਾਬਾਂ ਅੰਗੂਰਾਂ ਦਾ ਲਾਲਚ।
ਏਹਨਾਂ ਨੂੰ ਬੇ-ਕਸੂਰਾਂ ਦਾ ਲਾਲਚ।
ਕਿਸੇ ਨੂੰ ਦੁਖੀ ਵੇਖ ਜਰ ਨਹੀਂ ਇਹ ਸਕਦੇ।
ਪਾਣੀ ਆਕੜ ਖਾਨਾਂ ਦਾ ਭਰ ਨਹੀਂ ਏਹ ਸਕਦੇ।
ਸੂਲੀ ਤੇ ਚੜ੍ਹਕੇ ਇਹ ਕਹਿੰਦੇ ਰਜ਼ਾ ਹੈ।
ਫਾਂਸੀ ਤੇ ਲਟਕਨ ਤਾਂ ਕਹਿੰਦੇ ਮਜ਼ਾ ਹੈ।
ਕਾਲੇ ਪਾਣੀ ਦੀ ਵੀ ਕੋਈ ਆਖਣ ਸਜਾ ਹੈ?
ਜਨਤਾ ਦੀ ਸੇਵਾ ਇਨਾਂ ਦੀ ਗਿਜ਼ਾ ਹੈ।
ਆਪਣਾਂ ਨਾ ਕੁਝ ਸਭੋ ਸਮਝਨ ਪਰਾਇਆ।
ਪਿਤਾ ਮਾਂ ਨ ਆਪਣੀ ਨਾ ਆਪਣਾਂ ਕੋਈ ਜਾਇਆ।
ਗੁਰੂ ਰਾਮ ਸਿੰਘ ਦੇ ਪਿਆਰੇ ਸ਼ਹੀਦੋ।
ਤੋਪਾਂ ਦੇ ਸਾਹਵੇਂ ਖਲ੍ਹਾਰੇ ਸ਼ਹੀਦੋ।
ਭਾਰਤ ਦੀ ਅੱਖੀਆਂ ਦੇ ਤਾਰੇ ਸ਼ਹੀਦੋ।
ਗਊਆਂ ਦੇ ਸਚੇ ਸਹਾਰੇ ਸ਼ਹੀਦੋ।
ਸਾਰਾ ਦੇਸ਼ ਅੱਜ ਯਾਦ ਕਰਦਾ ਤੁਸਾਂ ਨੂੰ।
ਸਾਰਾ ਪੰਥ ਪਰਨਾਮ ਕਰਦਾ ਤੁਸਾਂ ਨੂੰ।

ਸ੍ਰ. ਬੂਟਾ ਸਿੰਘ ਜੀ ਐਮ. ਏ ਦਿਲੀ

ਮਸਤੀ ਅਤੇ ਮਸਤਾਨੇ

ਮਸਤੀ ਅਤੇ ਮਸਤਾਨੇ ਨਾਮਧਾਰੀ ਪੰਥ ਦੀ ਫਿਲਾਸਫੀ ਦਾ ਇਕ ਵਡਾ ਅੰਗ ਹਨ ਜਿਨਾਂ ਨੂੰ ਇਸ ਪੰਥ ਵਿਚ ਇਕ ਵਿਸ਼ੇਸ਼ ਥਾਂ ਦਿਤੀ ਗਈ ਹੈ, ਤੇ ਇਹ ਸਾਡੇ ਜੀਵਨ ਦੀਆਂ ਮਹਾਨ ਕੀਮਤਾਂ ਵਿਚੋਂ ਇਕ ਹੈ। ਤੇ ਇਨ੍ਹਾਂ ਨੂੰ ਨਿਰਾ ਵਿਸ਼ਵਾਸ ਦੇ ਤੌਰ ਤੇ ਨਹੀਂ ਪ੍ਰਖਨਾ ਬਲਕਿ ਵਿਗਿਆਨਕ ਖੋਜ ਦਵਾਰਾ ਦਸਣ ਦੀ ਜ਼ਰੂਰਤ ਹੈ ਤਾਂ ਕ ਕੋਈ ਕਹਿ ਨਾ ਸਕੇ, ਕਿ ਮਸਤੀ ਅਤੇ ਮਸਤਾਨੇ ਸਭ ਥੋਥੇ ਅਤੇ ਬਨਾਵਟੀ ਹਨ।

ਮਨੁਖ ਇਸ ਕਰਕੇ ਹੀ ਅਫਜ਼ਲ ਗਿਣਿਆ ਗਿਆ ਹੈ ਕਿ ਉਸ ਵਿਚ ਸੂਝ ਅਤੇ ਜਜ਼ਬਾ ਹੈ। ਸੂਝ ਮਨੁਖ ਨੂੰ ਵਿਗਿਆਨਕ ਢੰਗ ਨਾਲ ਸੋਚਣ ਤੇ ਮਜਬੂਰ ਕਰਦੀ ਹੈ, ਪਰ ਜਜ਼ਬੇ ਨੂੰ ਅਸੀਂ ਪਿਆਰ ਤਰਸ, ਡਰ, ਸਵਾਦ ਅਤੇ ਜਿਨਸੀ ਅਨਸਰ ਦਾ ਮੁਰਕਬ ਕਹਿ ਸਕਦੇ ਹਾਂ। ਜਜ਼ਬਾ ਮਨੁਖ ਨੂੰ ਸੋਚਣ ਤੇ ਮਜਬੂਰ ਨਹੀਂ ਕਰਦਾ! ਬਲਕਿ ਉਹ ਹਰ ਵਹਿਣ ਨੂੰ ਆਪਣਾ ਵਹਿਣ ਖਿਆਲ ਕਰਦਾ ਹੈ ਤੇ ਬਿਨਾਂ ਸੋਚੇ ਸਮਝੇ ਉਸ ਵਿਚ ਵਹਿ ਜਾਂਦਾ ਹੈ। ਇਹ ਅਟਲ ਸਚਾਈ ਹੈ ਕਿ ਜਜ਼ਬਾ ਅਗੇ ਹੁੰਦਾ ਹੈ ਤੇ ਸੂਝ ਪਿਛੇ। ਇਸਦੀ ਪਰਖ ਇਹ ਹੀ ਹੁੰਦੀ ਹੈ ਕਿ ਕਈ ਵਾਰੀ ਮਨੁਖ ਕੋਈ ਦੁਖਦਾਈ ਜਾਂ ਬੜੇ ਪਿਆਰ ਵਾਲੀ ਘਟਨਾ ਦੇਖ ਜਾਂ ਸੁਣਕੇ ਰੋ ਪੈਂਦਾ ਹੈ, ਹਸ ਪੈਂਦਾ ਹੈ, ਪਰ ਉਸ ਨਾਲ ਉਸਦਾ ਦੂਰ ਦਾ ਸਬੰਧ ਨਹੀਂ ਹੁੰਦਾ। ਅਜਿਹੇ ਵਾਤਾਵਰਨ ਵਿਚ ਖਲੋਤਾ ਆਦਮੀ ਆਪਣੇ ਆਪ ਜਜ਼ਬਾਤੀ ਤੌਰ ਉਤੇ ਭੁਲਕੇ ਦੂਜੇ ਦੇ ਦੁਖ ਸੁਖ ਨੂੰ ਆਪਣਾ ਖਿਆਲ ਕਰਦਾ ਹੈ। ਉਸ ਵੇਲੇ ਮਨੁਖੀ ਸੂਝ ਸੁੰਨ ਹੋ ਚੁਕੀ ਹੁੰਦੀ ਹੈ। ਜਦ ਮਨੁਖ ਉਸ ਵਾਤਾਵਰਨ ਤੋਂ ਆਪਣੇ ਆਪਨੂੰ ਬਾਹਰ ਕਢਕੇ ਲੈ ਆਉਂਦਾ ਹੈ ਤਾਂ ਉਸਦੀ ਸੂਝ ਜਾਂ ਚੇਤਨਤਾ ਉਸਦੀ ਰਹਿਬਰੀ ਕਰਦੀ ਹੈ। ਚਾਹੇ ਮਨੁਖ ਬਾਦ ਵਿਚ ਉਸ ਘਟਨਾਂ ਨਾਲੋਂ ਆਪਣੇ ਆਪਨੂੰ ਨਿਖੇੜਕੇ ਆਪਣੀ ਸੂਝ ਜਾਂ ਅਕਲ ਦਾ ਕਾਇਲ ਹੋ ਜਾਵੇ ਪਰ ਉਸ ਵੇਲੇ (ਜਜ਼ਬੇ ਦੇ ਅਸਰ ਹੇਠ) ਉਹ ਜਰੂਰ ਆਪਣੇ ਆਪਨੂੰ ਭੁਲ ਚੁਕਾ ਹੁੰਦਾ ਹੈ। ਤੇ ਬਹੁਤੀ ਵਾਰੀ ਚਾਹੁੰਦਾ ਹੈ ਕਿ ਉਸ ਜਜ਼ਬੇ ਦਾ ਸਵਾਦ ਹਮੇਸ਼ਾਂ ਰਹੇ ਤੇ ਉਸਨੂੰ ਫੇਰ ਇਕ ਵਾਰੀ ਮਾਣੇ। ਇਹ ਉਹ ਸਵਾਦ ਮਾਨਣ ਦੀ ਹੀ ਰੁਚੀ ਹੁੰਦੀ ਹੈ ਕਿ ਮਨੁਖ ਇਸ ਵੇਲੇ ਨੂੰ ਬਾਰ ਬਾਰ ਦੁਹਾਂਦਾ ਹੈ, ਯਾਦ ਕਰਦਾ ਹੈ। ਇਸਦਾ ਕਾਰਨ ਇਹ ਹੀ ਹੁੰਦਾ ਹੈ ਕਿ ਉਹ ਪਹਿਲੀ ਘਟਨਾ ਜਾਂ ਵਾਤਾਵਰਨ ਮਨੁਖੀ ਜਜ਼ਬੇ ਨਾਲ ਇਕ ਸੁਰ ਹੋ ਚੁਕਾ ਹੁੰਦਾ ਹੈ। ਤੇ ਅਕਲ (ਸੂਝ) ਸੁੰਨ ਹੋਈ ਕੁਝ ਕਰ ਨਹੀਂ ਸਕਦੀ। ਜਾਂ ਸੌਖੇ ਤਰੀਕੇ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁਖ ਜਜ਼ਬਾਤੀ ਤੌਰ ਉਤੇ ਕਿਸੇ ਅਸਰ ਹੇਠ ਆਇਆਂ ਆਪਣੇ ਆਪਨੂੰ ਭੁਲ ਜਾਂਦਾ ਹੈ। ਉਸ ਵੇਲੇ ਉਹ ਸਮਾਜਕ ਗਿਆਨ ਜਾਂ ਆਪਣੀਆਂ ਸਮਾਜੀ ਰਹੁ ਰੀਤਾਂ ਤੇ ਵਲਗਣਾਂ ਨੂੰ ਟਪ ਕਿਸੇ ਹੋਰ ਵਾਯੂ ਮੰਡਲ ਵਿਚ ਜਾ ਖਲੋਂਦਾ ਹੈ। ਉਸ ਵਾਯੂ ਮੰਡਲ ਵਿਚ ਉਸਨੂੰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ, ਉਹ ਸੂਝ ਦੇ ਪਿਛੇ ਨਹੀਂ ਲਗਦਾ ਸਗੋਂ ਜੋ ਉਸਦਾ ਦਿਲ ਆਉਂਦਾ ਹੈ ਕਰਦਾ ਹੈ। ਉਸ ਵੇਲੇ ਉਸਦਾ ਦਿਮਾਗ ਜਵਾਬ ਦੇ ਚੁਕਾ ਹੁੰਦਾ ਹੈ, ਤਾਂ ਲੋਕੀਂ ਉਸ ਵੇਲੇ ਉਸਨੂੰ ਮਸਤਾਨਾ ਕਹਿੰਦੇ ਹਨ। ਹੋ ਸਕਦਾ ਹੈ ਕਿ ਜੇ ਉਹ ਕੁਝ ਹੋਰ ਹਦਾਂ ਟਪ ਜਾਵੇ ਤਾਂ ਲੋਕੀਂ ਉਸਨੂੰ ਮਸਤਾਨੇ ਦੀ ਜਗ੍ਹਾ ਦੀਵਾਨਾਂ ਜਾਂ ਪਾਗਲ ਵੀ ਕਹਿ ਦੇਣ। ਇਸ ਮਸਤੀ ਜਾਂ ਮਸਤਾਨਾਪਨ ਦੀਆਂ ਕਈ ਹੋਰ ਵਖ ਵਖ ਸਟੇਜਾਂ ਹਨ।

ਇਸ ਗਲ ਦਾ ਤਾਂ ਚੰਗੀਤਰਾਂ ਨਿਰਨਾ ਹੋ ਚੁਕਾ ਹੈ ਕਿ ਮਨੁਖ ਵਿਚ ਮਸਤੀ ਉਸ ਵੇਲੇ ਪੈਦਾ ਹੁੰਦੀ ਹੈ ਜਦ ਉਹ ਕਿਸੇ ਖਾਸ ਵਾਯੂ ਮੰਡਲ ਤੋਂ ਪ੍ਰਭਾਵਤ ਹੋ ਜਾਂਦਾ ਹੈ। ਤੇ ਉਸ ਉਤੇ ਇਕ ਖਾਸ

ਕਿਸਮ ਦੀ ਗਨੂਦਗੀ ਛਾ ਜਾਂਦੀ ਹੈ। ਇਹ ਗਨੂਦਗੀ ਜਾਂ ਨੀਮ ਬੇਹੋਸ਼ੀ ਮਨੁਖੀ ਸਰੀਰ ਦੇ ਸਾਰੇ ਸਿਨਸਾਂ ਨੂੰ ਸਿਥਲ ਕਰ ਦਿੰਦੀ ਹੈ ਤੇ ਮਨੁਖ ਦਾ ਦਿਲ ਜਿਹੜਾ ਜਜ਼ਬੇ ਦਾ ਕੇਂਦਰ ਹੁੰਦਾ ਹੈ ਇਕ ਜਗ੍ਹਾ ਉਤੇ ਟਿਕ ਜਾਂਦਾ ਹੈ। ਇਸ ਟਿਕਾਉ ਨੂੰ ਦੂਜੇ ਅਰਥਾਂ ਵਿਚ ਮਸਤੀ ਕਿਹਾ ਜਾਂਦਾ ਹੈ। ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁਖ ਕਿਸੇ ਖ਼ਾਸ ਸ਼ਖਸੀਅਤ ਦੇ ਪ੍ਰਭਾਵ ਥਲੇ ਆ ਆਪਣੇ ਆਪਨੂੰ ਭੁਲ ਜਾਂਦਾ ਹੈ। ਪਰ ਸਵਾਲ ਉਠਦਾ ਹੈ ਕਿ ਉਹ ਕਿਹੜੀਆਂ ਸ਼ਖਸੀਅਤਾਂ ਹੁੰਦੀਆਂ ਹਨ ਜਿਹੜੀਆਂ ਮਨੁਖੀ ਹਿਰਦਿਆਂ ਨੂੰ ਅਜੇਹੇ ਵਿਸਮਾਦਕ ਮੰਡਲਾਂ ਵਿਚ ਲੈ ਜਾਂਦੀਆਂ ਹਨ ? ਹਰ ਵਡੀ ਸ਼ਖਸੀਅਤ ਹਰ ਮਨੁਖ ਨੂੰ ਕਿਉਂ ਮਸਤਾਨਾ ਨਹੀਂ ਕਰ ਦੇਂਦੀ ? ਇਸਦਾ ਇਕੋ ਹੀ ਜਵਾਬ ਹੈ ਕਿ ਜਜ਼ਬੇ ਦੀ ਤੀਖਣਤਾ ਹਰ ਮਨੁਖ ਵਿਚ ਇਕੋ ਜਿੰਨੀ ਨਹੀਂ ਹੁੰਦੀ। ਜਿਵੇਂ ਹਰ ਮਨੁਖ ਜਜ਼ਬਾ ਤਾਂ ਰਖਦਾ ਹੈ ਪਰ ਇਕ ਕਲਾਕਾਰ, ਇਕ ਕਵੀ ਵਾਲਾ ਜਜ਼ਬਾ ਹਰ ਮਨੁਖ ਕੋਲ ਨਹੀਂ ਹੁੰਦਾ, ਇਸ ਲਈ ਹਰ ਮਨੁਖ ਕਵੀ ਜਾਂ ਕਲਾਕਾਰ ਨਹੀਂ ਹੋ ਸਕਦਾ। ਇਵੇਂ ਹੀ ਹਰ ਮਨੁਖ ਇਕੋ ਸਮਾਜ ਵਿਚ ਪਲਿਆ, ਇਕ ਵਾਤਾਵਰਨ ਵਿਚ ਰਹਿੰਦਾ ਇਕੋ ਜਿੰਨਾਂ ਜਜ਼ਬਾ ਨਹੀਂ ਰਖਦਾ। ਜਿਸਦੇ ਦਿਲ ਉਤੇ ਬਹੁਤਾ ਅਸਰ ਹੁੰਦਾ ਹੈ ਤੇ ਉਸ ਅਸਰ ਦੇ ਘੇਰੇ ਵਿਚ ਗੜੂੰਦ ਹੋ ਜਾਂਦਾ ਹੈ ਉਹ ਮਸਤਾਨਾ ਹੋ ਨਚਣ ਲਗ ਪੈਂਦਾ ਹੈ।

ਜਿਵੇਂ ਕਿ ਉਤੇ ਇਸ਼ਾਰਾ ਕੀਤਾ ਗਿਆ ਹੈ ਕਿ ਜਦ ਮਨੁਖ ਕਿਸੇ ਮਹਾਨ ਸ਼ਖਸੀਅਤ ਵਿਚ ਲੀਨ ਹੋ ਆਪਣਾ ਆਪ ਤਿਆਗ ਦੇਂਦਾ ਹੈ ਤਾਂ ਉਹ ਉਸ ਵੇਲੇ ਰਾਜਸੀ ਸਮਾਜੀ ਵਲਗਣਾਂ ਨੂੰ ਟਪ ਨਿਧੜਕ ਹੋ ਭੁਲੇਖੇ ਵਿਚ ਪਿਆਂ ਮਨੁਖਾਂ ਨੂੰ ਸਚਾਈ ਦਾ ਗਿਆਨ ਦੇਂਦਾ ਹੈ। ਪਰ ਭੁਲੇਖੇ ਵਿਚ ਫਸਿਆ ਤੇਹਨੇਰੇ ਵਿਚ ਚਲ ਰਿਹਾ ਹਰ ਇਨਸਾਨ ਉਸ ਇਕ ਆਦਮੀ ਦੀ ਸਚਾਈ ਨੂੰ ਕਬੂਲ ਨਹੀਂ ਕਰਦਾ ਇਸ ਲਈ ਸਮਾਜ ਦੇ ਠੇਕੇਦਾਰ ਉਸਨੂੰ ਕੁਰਾਹੀਆ ਕਹਿੰਦੇ ਹਨ। ਉਸਨੂੰ ਸਮਾਜ ਦਾ ਦੁਸ਼ਮਨ ਗਰਦਾਨਿਆਂ ਜਾਂਦਾ ਹੈ। ਪਰ ਉਸਦਾ ਵਿਸ਼ਵਾਸ ਕਿਸੇ ਅਟਲ ਸਚਾਈ ਜਾਂ ਮਹਾਨ ਸ਼ਖਸੀ ਅਤ ਉਤੇ ਕਾਇਮ ਹੁੰਦਾ ਹੈ। ਜਿਸਦਾ ਸਹਾਰਾ ਉਸਦੇ ਸਭ ਦੁਖਾਂ ਤੇ ਮੁਸੀਬਤਾਂ ਦਾ ਕਲਿਆਣਕਾਰੀ ਹੁੰਦਾ ਹੈ।

ਜਦ ਸੂਫੀ ਸਰਮਦ ਨੂੰ ਰਬੀ ਹੋਂਦ ਦਾ ਅਸਲੀ ਗਿਆਨ ਹੋਗਿਆ ਤਾਂ ਉਸਨੇ ਕਲਮਾ ਪੜ੍ਹਨਾਂ ਛਡ ਦਿਤਾ ਤੇ ਲੋਕਾਂ ਨੂੰ ਕਿਹਾ ਮੈਂ ਮੁਹਮੰਦ ਨਾਲੋਂ ਅਗੇ ਨਿਕਲ ਗਿਆ ਹਾਂ। ਉਹ ਇਹ ਵੀ ਜਾਣਦਾ ਸੀ ਕਿ ਅਜਿਹੇ ਨਾਹਰੇ ਲਾਣ ਦੀ ਸਜ਼ਾ ਮੌਤ ਹੀ ਹੋਇਆ ਕਰਦੀ ਹੈ ਪਰ ਅੰਦਰ ਵਸ ਗਏ ਨੂਰ ਨੇ ਉਸ ਨੂੰ ਸਚਾਈ ਬਿਆਨ ਕਰਨ ਤੇ ਮਜਬੂਰ ਕੀਤਾ ਤੇ ਉਸ ਦੀ ਮਸਤੀ ਨੂੰ ਔਰੰਗਜ਼ੇਬ ਦੀ ਤਲਵਾਰ ਨਾ ਉਤਾਰ ਸਕੀ। ਅਜਿਹੀਆਂ ਮਸਾਲਾਂ ਹਜ਼ਾਰਾਂ ਹਨ ਕਿ ਮਸਤੀ ਵਿਚ ਆਇਆਂ ਮਨੁਖਾਂ ਨੇ ਮੌਤ ਕਬੂਲ ਕੀਤੀ, ਪਰ ਇਹ ਮਸਤੀ ਕੌਣ ਦੇਣ ਵਾਲਾ ਸੀ ਤੇ ਕੀ ਉਹਨਾਂ ਮਸਤਾਨਿਆਂ ਨੂੰ ਸ੍ਰੀਰਕ ਤੌਰ ਤੇ ਕੋਈ ਦੁਖ ਮਹਿਸੂਸ ਨਾ ਹੋਇਆ ? ਜਦ ਮਨੁਖ ਆਤਮਕ ਤੌਰ ਉਤੇ ਕਿਸੇ ਹੋਰ ਦਾ ਹੋ ਜਾਂਦਾ ਹੈ ਜਾਂ ਉਸ ਦੀ ਆਤਮਾਂ ਉਤੇ ਕਿਸੇ ਮਹਾਨ ਸ਼ਖਸੀਅਤ ਦਾ ਅਸਰ ਹੋ ਜਾਂਦਾ ਹੈ ਤਾਂ ਉਸ ਨੂੰ ਦੁਨਿਆਵੀ ਜਾ ਸਰੀਰਕ ਪੀੜਾਂ ਦਾ ਅਹਿਸਾਸ ਨਹੀਂ ਰਹਿੰਦਾ। ਜਦ ਜਲਾਦ ਨੇ ਸਰਮਦ ਉਤੇ ਤਲਵਾਰ ਦਾ ਵਾਰ ਕੀਤਾ ਤਾਂ ਉਹ ਵਾਰ ਤ੍ਰਿਛਾ ਪਿਆ ਤੇ ਸਰਮਦ ਦੀ ਪਗ ਲੈਹ ਗਈ, ਮਸਤਾਨਾਂ ਸਰਮਦ ਹਸ ਪਿਆ ਤੇ ਜੇਬਾਂ ਫੋਲ ਉਹਨਾਂ ਵਿਚੋਂ ਮਿਸਰੀ ਕਢ ਕਹਿਣ ਲਗਾ। ਉਏ ਲੈ ਮੇਰੇ ਮਹਿਬੂਬ ਮਿਸਰੀ ਖਾ, ਮੈਨੂੰ ਕੀ ਪਤਾ ਸੀ ਕਿ ਮਾਸ਼ੂਕਾਂ ਦੇ ਦਰਬਾਰ ਵਿਚ ਪਗ ਲਾਹਕੇ ਆਈਦਾ ਹੈ। ਲੈ ਹੁਣ ਤਲਵਾਰ ਮਾਰ। ਇਸੇ ਹੀ ਤਰਾਂ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਮਤੀ ਦਾਸ ਵਰਗਿਆਂ ਦੇ ਅੰਗ ਅੰਗ ਕਟੇ ਗਏ ਪਰ ਉਹਨਾਂ ਦੀ ਮਸਤੀ ਕੋਈ ਨਾ ਉਤਾਰ ਸਕਿਆ। ਜੇ ਉਹ ਲੋਕ ਆਪਣੇ ਦਿਲ ਦੀ ਬਜਾਏ ਦਿਮਾਗ ਦੇ ਆਖੇ ਲਗਦੇ ਤੇ ਸਖਸੀਅਤ ਦੇ ਅਸਰ ਨੂੰ ਭੁਲ ਜਾਂਦੇ ਤਾਂ ਸ਼ਾਇਦ ਉਹਨਾਂ ਦਾ ਵੀ ਉਹ ਹੀ ਹਾਲ ਹੁੰਦਾ ਜਿਹੜਾ ਚਾਲੀ ਮੁਕਤਿਆਂ ਦਾ ਚਮਕੌਰ ਦੀ ਜੰਗ

ਵੇਲੇ ਹੋਇਆ ਸੀ।

ਸਵਾਮੀ ਰਾਮ ਤੀਰਥ ਨੇ ਆਪਣੀ ਸ਼ਖਸੀਅਤ ਦੇ ਪ੍ਰਭਾਵ ਨਾਲ ਸੈਂਕੜੇ ਅਮ੍ਰੀਕਨ ਸੂਝਵਾਨ ਅੰਗਰੇਜ਼ਾਂ ਨੂੰ ਬੇ-ਦਲੀਲਾ ਕਰ ਦਿਤਾ ਤੇ ਹਾਲ ਵਿਚੋਂ ਕਢ ਲੈਕਚਰ ਦੇਂਦਾ ਕਈ ਮੀਲ ਤੇਰ ਦਾ ਲੈ ਗਿਆ। ਉਸ ਵੇਲੇ ਫਿਰ ਸਵਾਮੀ ਜੀ ਨੇ ਉਹਨਾਂ ਅੰਗਰੇਜ਼ ਵਿਗਿਆਨੀ ਸਰੋਤਿਆਂ ਨੂੰ ਮਸਤੀ ਦਾ ਅਹਿਸਾਸ ਕਰਾਂਦਿਆਂ ਕਿਹਾ ਕਿ ਮੈਂ ਕ੍ਰਿਸ਼ਨ ਭਗਵਾਨ ਦਾ ਅਦਨਾਂ ਜਿਹਾ ਸ਼ਿਸ਼ ਹਾਂ ਜਿਹੜਾ ਤੁਹਾਨੂੰ ਹਾਲ ਵਿਚੋਂ ਕਢ ਐਡੀ ਦੂਰ ਬਾਹਰ ਲੈ ਆਇਆ ਹਾਂ ਤਾਂ ਕੀ ਭਗਵਾਨ ਦੀ ਮੁਰਲੀ ਵਿਚ ਇਹ ਜਾਦੂ ਨਹੀਂ ਹੋ ਸਕਦਾ ਕਿ ਉਹ ਦੁਨੀਆਂ ਦੇ ਮਨੁਖਾਂ ਨੂੰ ਆਪਣੇ ਮਗਰ ਲਾ ਲਏ। ਇਹ ਸੁਣ ਉਹਨਾਂ ਅੰਗਰੇਜ਼ ਸ਼ਰੋਤਿਆਂ ਨੂੰ ਸਵਾਮੀ ਜੀ ਦੀ ਸ਼ਖਸੀਅਤ ਦਾ ਅਹਿਸਾਸ ਹੋਇਆ ਤੇ ਉਹਨਾਂ ਕਿਹਾ ਸਵਾਮੀ ਜੀ ਦੀ ਸ਼ਖਸੀਅਤ ਨੇ ਸਾਡੇ ਉਤੇ ਜਾਦੂ ਕਰ ਦਿਤਾ ਸੀ। ਮਸਤੀ ਕੋਈ ਹਿਪਨਾ-ਟਿਜ਼ਮ (ਮਿਸਮਰੇਜ਼ਮ) ਨਹੀਂ ਹੁੰਦੀ ਜਿਹੜੀ ਮਨੁਖ ਨੂੰ ਬੇਹੋਸ਼ ਕਰ ਦੇਂਦੀ ਹੈ। ਇਹ ਸ਼ਖਸੀਅਤ ਦਾ ਅਸਰ ਹੁੰਦਾ ਹੈ ਜਿਹੜਾ ਆਪਣੀ ਮਹਾਨ ਆਤਮਾਂ ਤੇ ਪੁਰ ਅਸਰ ਸ਼ਖਸੀਅਤ ਨਾਲ ਸੁਤੇ ਪਏ ਮਨੁਖੀ ਜਜ਼ਬਿਆਂ ਨੂੰ ਆਪਣੇ ਨਾਲ ਇਕ ਸੁਰ ਕਰ, ਉਸਨੂੰ ਨਿਡਰ, ਨਿਧੜਕ ਬਨਾ ਸਮਾਜ ਅਤੇ ਰਾਜਸੀ ਵਲਗਣਾਂ ਤੋਂ ਉਚਾ ਲੈ ਜਾ ਕੁਝ ਕਰਨ ਲਈ ਮਜਬੂਰ ਕਰਦੀ ਹੈ, ਕੇਸ ਖੁਲ ਜਾਣੇ ਆਪਣੀ ਹੋਸ਼ ਨਾ ਰਹਿਣੀ ਤੇ ਕਿਸੇ ਵਿਚ ਲੀਨ ਹੋ ਜਾਣਾਂ ਮਸਤੀ ਜਰੂਰ ਹੈ ਪਰ ਇਹ ਮਸਤੀ ਅਧੂਰੀ ਹੈ। ਅਸਲ ਮਸਤੀ ਸਚਾਈ ਦੇ ਗਿਆਨ ਨੂੰ ਪ੍ਰਚੰਡ ਕਰਕੇ ਮਨੁਖਤਾ ਦੀ ਰਾਹਬਰੀ ਕਰਦੇ ਹੋਇਆਂ ਜਨਤਕ ਪੀੜਾਂ ਲਈ ਆਪਣੇ ਆਪਨੂੰ ਕੁਰਬਾਨ ਕਰਨਾ ਹੈ। ਜਾਂ ਮਨੁਖੀ ਸ਼ਾਂਤੀ ਲਈ ਕੋਈ ਨਵਾਂ ਰਾਹ ਵਿਖਾਣਾਂ ਹੈ।

ਨਾਮਧਾਰੀ ਸਮਾਜ ਵਿਚ ਦੋਂਵੇ ਤਰਾਂ ਦੀਆਂ ਮਸਤੀਆਂ ਕਾਇਮ ਰਹੀਆਂ। ਮਲੇਰ ਕੋਟਲੇ ਦੇ ਸਾਕੇ ਵੇਲੇ, ਸਰਦਾਰ ਹਰਨਾਮ ਸਿੰਘ ਉਤੇ ਮਸਤੀ ਨੇ ਅਸਰ ਕੀਤਾ। ਉਹ ਦਾਹੜੀ ਮੁਨਾ, ਤੈਹਮਤ ਬੰਨੀ ਦਾਤਰੀ ਪਰੇ ਸੁਟ, ਹਥ ਵਿਚ ਸਿਮਰਨਾਂ ਫੜ ਤੋਪ ਅਗੇ ਖੜਾ ਹੋ ਗਿਆ ਤੇ ਕਹਿਣ ਲਗਾ ਉਏ ਬਿਲਿਆ ਤੇਰੀਆਂ ਤੋਪਾਂ ਨਹੀਂ ਚਲ ਸਕ-ਦੀਆ ਚਾਹੇ ਤੂੰ ਜਿਨਾਂ ਮਰਜੀ ਆ ਜੋਰ ਲਾ। ਕਿਨੀ ਦਰਿੜ੍ਹਤਾ ਸੀ ਉਸ ਮਨੁਖ ਵਿਚ ਜਿਹੜਾ ਪਠੇ ਵਢਦਾ ਭਜਨ ਦੀ ਇਕ ਫੂਕ ਨਾਲ ਦਾਤਰੀ ਪਰੇ ਸੁਟ ਤੋਪ ਅਗੇ ਖਲੋ ਗਿਆ। ਜਦ ਉਸਨੇ ਕਿਹਾ ਉਏ ਹੁਣ ਚਲਾ ਤੋਪ, ਹੁਣ ਮੇਰੇ ਗੁਰੂ ਦਾ ਹੁਕਮ ਹੋਗਿਆ ਈ ਤਾਂ ਤੋਪ ਚਲੀ। ਇਹ ਸੀ ਮਸਤੀ ਜਿਸ ਨੇ ਇਕ ਉਜਡ ਤੇ ਵਿਗੜੇ ਹੋਏ ਜਟ ਮੁੰਡੇ ਨੂੰ ਤੋਪ ਅਗੇ ਖਲੋਣ ਤੇ ਮਜਬੂਰ ਕੀਤਾ। ਉਹ ਕੋਈ ਨਿਤ ਨੇਮੀ ਸੀ, ਉਸਨੇ ਕਦੇ ਅੰਮ੍ਰਿਤ ਛਕਿਆ ਸੀ ਜਾਂ ਉਹ ਨਾਮਧਾਰੀ ਮਰਯਾਦਾ ਨੂੰ ਜਾਣਦਾ ਸੀ ਨਹੀਂ, ਉਹ ਕੂਕਾ ਸੀ; ਤੇ ਉਹ ਕੂਕਾ ਜਿਸ ਦੀ ਮਸਤੀ ਸਰਮਦ ਤਾਰੂ ਸਿੰਘ ਮਤੀ ਦਾਸ ਤੇ ਭਾਈ ਮਨੀ ਸਿੰਘ ਵਾਲੀ ਥਾਂ ਆਪਾ ਭੁਲਾ ਪਹੁੰਚ ਚੁਕੀ ਸੀ।

ਜਿਵੇਂ ਕਿ ਉਤੇ ਵੀ ਕਿਹਾ ਗਿਆ ਹੈ ਕਿ ਇਹ ਸ਼ਖਸੀਅਤ ਦਾ ਅਸਰ ਹੁੰਦਾ ਹੈ ਜਾਂ ਵਿਛੋੜੇ ਦਾ ਜਿਹੜਾ ਸਾਰੀਆਂਮਨੁੱਖੀਰਚੀਆਂ ਨੂੰਇਕਪਾਸੇ ਸਾਂਭ, ਭਾਵਕ ਤੌਰ ਤੇ ਇਕ ਕੇਂਦਰ ਉਤੇ ਆ ਜਾਂਦਾ ਹੈ। ਨਾਮਧਾਰੀਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦਾ ਅਸਰ ਅਜੇ ਤਕ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਅਸਰ ਦਿਨ ਬਦਿਨ ਅਗੇ ਨਾਲੋਂ ਘਟ ਰਿਹਾ ਹੈ ਤੇ ਉਹ ਵਿਛੋੜੇ ਦੀ ਤੀਖਨਤਾ ਮਧਮ ਪੈਂਦੀ ਜਾ ਰਹੀ ਹੈ ਪਰ ਫਿਰ ਵੀ ਕੁਝ ਦਿਲ ਅਜਿਹੇ ਹਨ ਜਿਨ੍ਹਾਂ ਵਿਚੋਂ ਅਜੇ ਵੀ ਪਹਿਲੋਂ ਵਰਗੀਆਂ ਚੀਸਾਂ ਉਠਦੀਆਂ ਹਨ ਤੇ ਜਦ ਉਹਨਾਂ ਦੇ ਕੰਨਾਂ ਵਿਚ ਕੋਈ ਬ੍ਰਿਹੋਂ ਭਰੀ ਬੁਲੇਲ ਪੈਂਦੀ ਹੈ ਤਾਂ ਉਹ ਉਹਨਾਂ ਨੂੰ ਆਪਣਾਂ ਵਿਛੜਿਆ ਮਹਿਬੂਬ ਯਾਦ ਆ ਜਾਂਦਾ ਹੈ। ਉਹਨਾਂ ਦੇ ਸਾਰੇ ਸਿਨਸਿਜ਼ ਸੁੰਨ ਹੋ ਜਾਂਦੇ ਹਨ ਉਹ ਆਪਾ ਭੁਲ ਸਮਾਜਕ ਵਲਗਨਾਂ ਤੋਂ ਅਵੇਸਲੇ ਹੋ ਨਚ ਉਠਦੇ ਹਨ। ਚਾਹੇ ਕੋਈ ਉਹਨਾਂ ਉਤੇ ਹਸੇ ਚਾਹੇ ਕੋਈ ਮਜ਼ਾਕ ਉਡਾਵੇ ਪਰ ਉਹਨਾਂ ਦੀ ਆਤਮਾਂ ਕਿਸੇ ਹੋਰ ਆਤਮਾਂ ਵਿਚ ਇਕ ਸੁਰ ਹੋਈ ਨਚ ਉਠਦੀ

ਹੈ। ਉਸ ਵੇਲੇ ਹੀ ਉਹਨਾਂ ਨੂੰ ਸੂਤਰ ਪੈਂਦਾ ਹੈ। ਤੇ ਆਪਣੇ ਤੁਰ ਗਏ ਮਾਹੀ ਦੇ ਵਿਛੋੜੇ ਦੇ ਕੀਰਨੇ ਕਰਦੇ ਕਹਿ ਉਠਦੇ ਨੇ।

ਸੜ ਜਾਏ ਤੂੰ ਰੇਲ ਗਡੀਏ,
ਜਿਸ ਯਾਰ ਦਾ ਵਿਛੋੜਾ ਪਾਇਆ।

:–੦:–

ਸੰਤੋਖ ਸਿੰਘ ਸੰਤ ਨਗਰ

ਰਬਾ ਕਟਦੇ ਦੁਖ ਵਿਛੋੜਿਆਂ ਦਾ

ਰਾਹੀਆ ਜਾਂਦਿਆ ਲੰਘ ਜਾ ਚੁਪ ਵਟੀ, ਕਾਹਨੂੰ ਹਸਕੇ ਰਿਹਾ ਰੁਆ ਮੈਨੂੰ।
ਤੇਰੇ ਬੁਲ ਫਰਕਣ ਰੜਕਣ ਵਿਚ ਸੀਨੇ, ਅਗੇ ਦੁਖੀ ਨਾ ਹੋਰ ਦੁਖਾ ਮੈਨੂੰ।
ਸੀਨਾਂ ਛਾਨਣੀ ੨ ਹੋਏ ਮੇਰਾ, ਜਦੋਂ ਮਾਹੀ ਜਾਵੇ ਚੇਤੇ ਆ ਮੈਨੂੰ।
ਭੌਰ ਫੁਲ ਬੈਠੇ ਵਾਂਗਰ ਸੁਖੀ ਹੈ ਤੂੰ, ਕਾਹਨੂੰ ਦੁਖਾਂ ਦੇ ਪੁਛਨੇ ਭਾ ਮੈਨੂੰ।
ਮੇਰੇ ਸੀਸ ਤੇ ਆਈ ਏ ਰਾਤ ਕਾਲੀ, ਤਾਰੇ ਡਲ੍ਹਕਦੇ ਰਹੇ ਡਰਾ ਮੈਨੂੰ।
ਰਿਸ਼ਮਾਂ ਤਿਖੀਆਂ ਨਿਕਲਕੇ ਭਾਨ ਵਿਚੋਂ,ਕੀਤੇ ਵਿਚ ਸੀਨੇ ਡੂੰਘੇ ਘਾ ਮੈਨੂੰ।
ਕੇਸਾਂ ਕਾਲਿਆਂ ਮਾਹੀ ਦਿਆਂ ਬਣ ਕੁੰਡਲ, ਲੈ ਪਰੇਮ ਪੇਚੇ ਪਕੇ ਪਾ ਮੈਨੂੰ।
ਬੁਲ ਬੁਲ ਵਾਂਗਰਾਂ ਪਿੰਜਰੇ ਕੈਦ ਕਰਕੇ, ਗੈ ਮਿਠੜੀ ਚੋਗ ਚੁਗਾ ਮੈਨੂੰ।
ਤਰਕੇ ਹੰਸ ਦੇ ਵਾਂਗਰਾਂ ਨਿਕਲ ਗੈ ਉਹ, ਵੈਹਣ ਗਮਾਂ ਦੇ ਗੈ ਰੁੜਾ ਮੈਨੂੰ।
ਮੈਨੂੰ ਦੁਖਾਂ ਦੇ ਦਰਿਆ ਵਿਚ ਦੇ ਧਕਾ, ਕੰਢਾ ਪਾਰ ਨਾ ਗੈ ਵਖਾ ਮੈਨੂੰ।
ਬਿਜਲੀ ਵਾਂਗਰਾਂ ਲਿਸ਼ਕ ਹੋ ਗੈ ਉਹਲੇ, ਵਾਂਗ ਗੋਹੇ ਦੇ ਗੈ ਧੁਖਾ ਮੈਨੂੰ।
ਮੇਰੇ ਚੇਹਰਿਓਂ ਲਾਲੀਆਂ ਉਡ ਗਈਆਂ, ਲਗਾ ਰੋਗ ਅਵਲੜਾ ਆ ਮੈਨੂੰ।
ਲਭਾ ਵੈਦ ਨਾ ਜਗ ਚੋਂ ਭਾਲ ਥਕੀ, ਜੇਹੜਾ ਏਸਤੋਂ ਦੇ ਛੁਡਾ ਮੈਨੂੰ।
ਦਿਲ ਫੋਲਿਆ ਬੈਠ ਨਾ ਕਿਸੇ ਅਗੇ, ਗਿਆ ਅੰਦਰੇ ਈ ਗ਼ਮ ਖਾ ਮੈਨੂੰ।
ਸਸੀ ਵਾਂਗਰਾਂ ਨਸਦੀ ਵੇਖ ਪਿਛੇ, ਹਥ ਨਾਲ ਕੁਝ ਗੈ ਸਮਝਾ ਮੈਨੂੰ।
ਅੜਕੀ ਵਾਂਗ ਹੋ ਜੋਗਣਾਂ ਦੇਰ ਥੋੜੀ, ਓੜਕ ਲਿਆ ਵਿਜੋਗ ਦਬਾ ਮੈਨੂੰ।
ਹੋਈ ਆਪਿਓਂ ਬਾਹਰ ਬਣ ਵਾਹ ਨਸੀ, ਖੌਰੇ ਜਾਏਗੀ ਪੈੜ ਥਿਆ ਮੈਨੂੰ।
ਓਸੇ ਗਮ ਅੰਦਰ ਛਮ ਛਮ ਰੋਵਾਂ ਦਿਸੇ ਕੋਈ ਨਾ ਧੀਰ ਧਰਾ ਮੈਨੂੰ।
ਰਾਹੀਆ ਤੁਧ ਨੂੰ ਪਤਾ ਜੇ ਦਸ ਕਿਤੇ, ਗੋਲੀ ਸਦਾ ਦੇ ਲਈ ਬਣਾ ਮੈਨੂੰ।
ਹਥਾਂ ਦੋਹਾਂ ਨਾਲ ਘੁਟਕੇ ਕਾਲਜੇ ਨੂੰ, ਰਾਹ ਮਾਹੀ ਦਾ ਮਲਕੇ ਖੜੀ ਹੋਈਆਂ।
ਕਦੇ ਕਲੀ ਸਾਂ ਬਾਗ ਦੀ ਟਪਕਦੀ ਮੈਂ, ਖਿਜਾਂ ਹਿਜਰ ਦੀ ਨਾਲ ਅਜ ਝੜੀਹੋਈਆਂ।
ਸਾਹ ਸਤ ਨਹੀਂ ਰਿਹਾ ਸਰੀਰ ਅੰਦਰ, ਨਿਰੀ ਸ਼ਕਲ ਹੀ ਕੰਧ ਵਿਚ ਜੜੀ ਹੋਈਆਂ।
ਸਭੇ ਸੁਖ ਸੰਸਾਰ ਦੇ ਛਡ ਬੈਠੀ ਸਿਰਫ ਪਰੇਮ ਪਿਆਰੇ ਦੇ ਫੜੀ ਹੋਈਆਂ।
ਰਾਹੀ ਚੁਪ ਚੁਪੀਤੜਾ ਲੰਘ ਗਿਆ, ਦਿਤਾ ਨਹੀਂ ਜਵਾਬ ਤਰਫੋੜਿਆਂ ਦਾ।
ਆਖਰ ਹਾਰਕੇ ਆਈ ਦੁਆਰ ਤੁਸਾਂ, ਦੀਦ ਖੈਰ ਦੇਹੋ ਹਥਾਂ ਜੋੜਿਆਂ ਦਾ।
ਬੇਰ ਭੀਲਣੀ ਚੁਗਦੀ ਸਬਰਦੇ ਮੈਂ, ਪਾਵੋ ਕਦਰ ਆ ਕੌੜਿਆਂ ਥੋੜਿਆਂ ਦਾ।
ਕਰਕੇ ਅਰਜ ਮਨਜ਼ੂਰ ਸੰਤੋਖ ਦੀ ਏਹ, ਪ੍ਰੀਤਮ ਦੁਖ ਕਟ ਦੇਹੋ ਵਿਛੋੜਿਆਂ ਦਾ।

ਸੰਤ ਆਤਮਾਂ ਸਿੰਘ ਜੀ ਸਨਖਤ੍ਰਵੀ

ਸ਼ਹੀਦੀ ਨਾਲ ਲਾਵਾਂ

ਰੱਬ ਹੀ ਰੱਬ !

ਹੈ ਭੀ ਰੱਬ !! ਹੋਸੀ ਭੀ ਰੱਬ !!

"ਸ੍ਰ. ਹੀਰਾ ਸਿੰਘ ਜੀ, ਅੱਜ ਏਹ ਕੋਈ ਨਵੀਂ ਹੀ ਬਾਣੀ ਸਤਿਗੁਰਾਂ ਨੇ ਉਚਾਰੀ ਹੈ-ਸਮਝ ਨਹੀਂ ਆਈ ਇਸਦਾ ਕੀ ਮਤਲਬ ਸੀ।"

ਅਕਾਲ ਬੁੰਗੇ ਤੋਂ ਕੁਝ ਦੂਰ ਜਾਕੇ ਇਕ ਸਿੰਘ (ਜਿਸਦਾ ਨਾਮ ਸੋਭਾ ਸਿੰਘ ਸੀ) ਨੇ ਆਪਨੇ ਇਸ ਸ਼ਹੀਦੀ ਜਥੇ ਦੇ ਜਰਨੈਲ ਸ੍ਰ: ਹੀਰਾ ਸਿੰਘ ਪਾਸੋਂ ਬੜੇ ਗਹੁ ਨਾਲ ਪੁਛਿਆ।

ਸ੍ਰ: ਹੀਰਾ ਸਿੰਘ–ਸੋਭਾ ਸਿੰਘ ਜੀ, ਏਹ ਗੂੰਗੇ ਦੀ ਮਠਿਆਈ ਸੀ ਹਾਂ ਹਾਂ ਇਹ ਸਤਿਗੁਰਾਂ ਨੇ "ਕਕਰੀਆ ਬਰੇ ਪਕਾਏ ਸਨ' ਭਾਈ, ਏਹ ਸਤਿ-ਗੁਰਾਂ ਦੇ ਦ੍ਰਿਸਟ ਕੂਟ ਬਚਨ ਸਨ। ਭਾਈ ਸੋਭਾ ਸਿੰਘ–ਜਥੇਦਾਰ ਜੀ ਏਸੇ ਵਾਸਤੇ ਤਾਂ ਮੈਂ ਤੁਹਾਥੋਂ ਪੁਛਦਾ ਹਾਂ ਕਿ ਏਹ ਕੀ ਬਚਨ ਸਨ। ਪਰ ਆਪ ਭੀ ਲਾਲ ਬੁਝੱਕੜ ਦੇ ਹਾਥੀ ਦਸਨ ਵਾਂਗ "ਇਹ ਇਸਤਰਾਂ ਦਾ ਹੀ ਹੁੰਦਾ ਹੈ" ਦਸਕੇ ਮੈਨੂੰ ਟਾਲ ਰਹੇ ਹੋ। ਮੈਨੂੰ ਕੁਝ ਏਨਾਂ ਬਚਨਾਂ ਦਾ ਮਤਲਬ ਦਸੋ।

ਜਥੇਦਾਰ– ਭਾਈ ਮਤਲਬ ਕੋਈ ਔਖਾ ਨਹੀਂ ਸਿਰਫ ਤੇਰੇ ਪਿੰਡ ਨਾਲ ਹੀ ਇਸਦਾ ਸਬੰਧ ਹੈ। ਸਤਿਗੁਰਾਂ ਨੇ ਔਣ ਜਾਣ ਦਾ ਪੜਾਂਵ ਤੇਰਾ ਨਗਰ ਰਬੋਂ ਦਸਿਆ। ਪਰ ਦਸਿਆ ਇਸ ਤਰੀਕੇ ਨਾਲ ਹੈ ਕਿ ਜਿਸ ਨਾਲ ਸਾਨੂੰ ਰਬੋਂ ਨਾਮੀ ਪਿੰਡ ਦਾ ਭੀ ਪਤਾ ਲੱਗ ਜਾਵੇ-ਅਰ ਰੱਬ (ਅਕਾਲ ਪੁਰਖ) ਅਰ ਮਨੁੱਖ ਦੀ ਅਭੇਦ ਤਾਈ ਦਾ ਗਿਆਨ ਭੀ ਮਿਲ ਜਾਵੇ। ਜਿਹਾ ਕਿ ਕਬੀਰ ਭਗਤ ਨੇ ਇਕ ਦ੍ਰਿਸਟ ਕੂਟ ਰਾਹੀਂ ਦਸਿਆ ਹੈ:–

"ਕਾਸੀ ਤੇ ਧੁਨ ਊਪਜੈ ਧੁਨਿ ਕਾਸੀ ਜਾਈ।
ਕਾਸੀ ਫੂਟੀ ਪੰਡਤਾ ਧੁਨਿ ਕਹਾ ਸਮਾਈ।"

ਭਾਈ ਸੋਭਾ ਸਿੰਘਾ, ਸਾਨੂੰ ਸਤਿਗੁਰਾਂ ਨੇ ਏਹਨਾਂ ਸਬਦਾਂ ਦੁਆਰਾ ਉਹ ਗਿਆਨ ਦਰਸਾਇਆ ਹੈ, ਜਿਹੜਾ ਭਗਵਾਨ ਕ੍ਰਿਸ਼ਨ ਨੇ ਮਹਾਂ ਭਾਰਤ ਦੇ ਜੁਧ ਕਰਵੌਣ ਤੋਂ ਪਹਿਲਾਂ ਅਰਜਨ ਨੂੰ ਗੀਤਾ ਦੇ ਸ਼ਲੋਕਾਂ ਰਾਹੀਂ ਕਰਾਇਆ ਸੀ।

ਏਹ ਸਾਰਾ ਪਸਾਰਾ–ਕਾਲ ਰਹਿਤ ਅਨਕਾਲ ਸਰੂਪ–ਰੱਬ ਦਾ ਹੈ। ਅਰ ਜੋ "ਆਦਿ, ਅਨੀਲ, ਅਨਾਦ, ਅਨਾਹਤਿ, ਜੁਗ ਜੁਗ ਏਕੋ ਵੇਸ ਹੈ" ਅਰ ਅਸੀਂ ਸਾਰੇ ਮਹਾਂ ਮਾਇਆ ਦੀ ਉਪਾਧੀ ਧਾਰਨ ਕਰਕੇ ਉਸਦੇ ਰਚੇ ਨਾਟਕ (ਸੰਸਾਰ) ਵਿਚ ਕਿਰਤ ਕਰਮ ਦੀ ਖੇਡ ਖੇਡਨ ਲਈ ਆਏ ਹਾਂ ਅਰ ਅਖੀਰ ਅਸਾਂ ਉਥੇ ਹੀ ਪਹੁੰਚਨਾ ਹੈ।

ਭਾਈ ਸੋਭਾ ਸਿੰਘ–ਜਥੇਦਾਰ ਜੀ ਆਪ ਨੇ ਤਾਂ ਸਚੀ ਮੁਚੀ ਮੈਨੂੰ ਝਟਾ ਪਟ ਗੀਤਾ ਦਾ ਗਿਆਨ ਹੀ ਪੜ੍ਹਾ ਦਿਤਾ ਹੈ। ਤੇ ਬਾਕੀ ਔਂਦਿਆਂ ਜਾਂਦਿਆਂ ਦਾ ਪੜਾਉ ਸਾਡਾ ਪਿੰਡ ਹੀ (ਰਬੋਂ) ਹੀ ਹੋਣਾ ਹੋਇਆ ਨਾ।

ਜਥੇਦਾਰ–ਹਾਂ ਭਾਈ "ਰਬੋਂ" ਹੀ।

–੨–

"ਭਾਈ ਜੀ, ਸਤਿ ਸ੍ਰੀ ਅਕਾਲ" ਇਕ ਨੌ–ਜਵਾਨ ਗਭਰੇਟਾ ਕੁੰਢੀਆਂ ਮੁਛਾਂ, ਛੋਟੀ ੨ ਪਰ ਕੁੰਡਲੇ ਵਾਲਾਂ ਵਾਲੀ ਦਾੜ੍ਹੀ ਤੇ ਚੌੜੀ ਛਾਤੀ ਦੂਹਰੇ ਜੁਸੇ ਦਰਮਿਆਨੇ ਕਦ ਦੇ ਇਕ ਸਰੀਰ ਨੇ ਹਸੂੰ ਹਸੂੰ ਕਰਦੇ, ਤੇ ਸੇਉ ਵਾਂਗ ਦਗਦੇ ਬਦਨ (ਮੁਖ) ਵਿਚੋਂ ਬੜੀ ਨਿਰਭੈਤਾ ਤੇ ਪ੍ਰੇਮ ਨਾਲ ਜਥੇ-ਦਾਰ ਹੀਰਾ ਸਿੰਘ ਦੇ ਗੋਡਿਆਂ ਨੂੰ ਦੋਵੇਂ ਹੱਥਾਂ ਨਾਲ ਮਥਾ ਟੇਕਦਿਆਂ ਆਖਿਆ।

ਜਥੇਦਾਰ–ਆ ਭਾਈ, ਪਿਆਰਿਆ ਸਤਿ ਸ੍ਰੀ ਅਕਾਲ।

ਨੌ-ਜੁਆਨ–ਬਾਬਾ ਜੀ ਅੱਜ ਕਿਥੇ ਮੇਲਾ ਹੈ ?

ਜਥੇਦਾਰ ਜੀ–ਕਾਕਾ, ਅੱਜ ਮੇਲਾ ਜਿਥੇ ਹੋ

ਜਾਏ ਹੋ ਜਾਏ। ਪਰ ਨਿਸ਼ਾਨਾ ਇਨਾਂ ਧਰਮੀਆਂ ਦਾ ਮੌਤ ਨੂੰ ਵਰਨ ਦਾ ਹੈ। ਮੇਰੇ ਨਾਲ ਦੇ ਸਾਥੀ ਸਭ ਮੌਤ ਨੂੰ ਵਿਆਹੁਣ ਲਈ ਜਾ ਰਹੇ (ਜਾਂਦੀ) ਹਨ।

ਨੌ-ਜੁਆਨ—ਬਾਬਾ ਜੀ ਆਪ ਐਵੇਂ ਕਿਉਂ ਮੌਤ ਨੂੰ ਵਿਹਾਝਨ ਜਾ ਰਹੇ ਹੋ? ਮੈਨੂੰ ਭੀ ਦਸੋ।

ਜਥੇਦਾਰ ਜੀ—ਬੀਬਾ ਤੈਨੂੰ ਕੀ ਦਸੀਏ? ਅਸੀਂ ਅਖੀਂ ਅਧਰਮ ਹੁੰਦਾ ਵੇਖਕੇ ਨਹੀਂ ਜਰ ਸਕਦੇ। ਗੋਰੇ ਗਊ ਗਰੀਬ ਨੂੰ ਸਾਡੇ ਅਖੀਂ ਵੇਖ-ਦਿਆਂ ਬੜੀ ਨਿਰਦੈਤਾ ਨਾਲ ਮਾਰ ਰਹੇ ਹਨ-ਸਾਰੇ ਮੁਲਕ ਦੇ ਰਾਜਿਆਂ ਮਹਾਰਾਜਿਆਂ ਜਾਗੀਰਦਾਰਾਂ ਨੂੰ ਇਨ੍ਹਾਂ ਨੇ ਅਪਨੇ ਮਗਰ ਲਾ ਲਿਆ ਹੋਇਆ ਹੈ-ਸਾਰੇ ਸੜੇ ਸੁਦਾਰ ਰੜੇ ਰਈਸ ਗੁਲਾਮੀ ਦੇ ਸੰਗਲ ਨਾਲ ਬੱਝੇ ਪਏ ਹਨ। ਪਿੰਜਰੇਦੇ ਤੋਤੇ ਵਾਂਗ ਗੰਗਾ ਰਾਮਾਂ ਚੂਰੀ ਖਾਣੀ ਆਂ ਦੀ ਆਪੇਹੀ ਰਟ ਲਾ ਰਹੇ ਹਨ। ਸਾਡੀ ਅਣਖ ਨੇ ਸਾਨੂੰ ਇਸ ਗੁਲਾਮੀ ਦੇ ਜੀਵਨ ਤੋਂ ਦੁਖੀ ਕਰ ਦਿਤਾ ਹੈ ਅਸਲੀ ਸਾਡਾ ਪ੍ਰੋਗ੍ਰਾਮ ਭਾਰਤ ਦੀ ਗੁਲਾਮੀ ਦੇ ਖਿਲਾਫ ਲੜ ਮਰਨਾ ਹੈ। ਪਰ ਪਹਿਲਾਂ ਜੇਹੜੇ ਕੋਈ ਅਧਰਮੀ ਸਾਨੂੰ ਟੱਕਰੇ ਉਨ੍ਹਾਂ ਦੀ ਸਫਾਈ ਵੀ ਕਰਨੀ ਹੈ। ਸੋ ਵੇਖੀਏ ਕਿਥੇ ਕੇਹੜਾ ਟੱਕਰਦਾ ਹੈ। ਮਲੇਰ ਕੋਟਲਾ ਅਸੀਂ ਹਾਲਾਂ ਹੱਦ ਬਨਾਈ ਹੈ-ਸ਼ਾਇਦ ਓਥੇ ਪਹੁੰਚ ਹੀ ਜਾਈਏ।

ਨੌ-ਜੁਆਨ:—ਬਾਬਾ ਜੀ, ਤੁਹਾਡੀਆਂ ਗਲਾਂ ਸੁਣਕੇ ਜੀਹਨੂੰ ਤੁਸੀਂ ਖਵਰੇ ਅਣਖ ਆਖਿਆ ਸੀ ਮੇਰੇ ਵਿੱਚ ਭੀ ਜਾਗ ਪਈ ਹੈ। ਮੇਰੇ ਡੌਲੇ ਫਰਕਣ ਲੱਗ ਪਏ ਨੇ। ਮੇਰਾ ਦਿਲ ਕਿਸੇ ਅਧਰਮੀ ਤੇ ਝਪਟਣ ਨੂੰ ਕਾਹਲਾ ਪੈਣ ਲੱਗ ਪਿਆ ਹੈ। ਭਾਵੇਂ ਮਾਪਿਆਂ ਮੈਨੂੰ ਚੰਗੇ ਚੌਧਰੀਆਂ ਦੇ ਘਰ ਮੰਗਿਆ ਹੋਇਆ ਹੈ-ਪਰ ਮੇਰਾ ਮਨ ਉਸ ਸੁਲੱਖਣੀ ਤੀਮੀਂ ਨਾਲੋਂ ਮੌਤ ਨਾਲ ਵਿਆਹ ਕਰਵੌਣ ਲਈ ਬਹੁਤਾ ਲਲਚਾ ਉਠਿਆ ਹੈ। ਮੇਰੇ ਕੰਨਾਂ ਦੀਆਂ ਵਾਲੀਆਂ ਮੇਰੇ ਗਲ ਦਾ ਤਵੀਤ, ਮੇਰੇ ਲੱਕ ਦੀ ਕਾਲੀ ਚਾਦਰ, ਹੁਣੇ ਹੁਣੇ ਮੈਨੂੰ ਕੇਸਰੀ ਰੰਗ ਦੇ ਲਾੜਿਆਂ ਵਾਲੇ ਕਪੜਿਆਂ ਵਾਲਾ ਲਿਬਾਸ ਪ੍ਰਤੀਤ ਹੋਣ ਲੱਗ ਪਿਆ ਹੈ।

ਜਥੇਦਾਰ ਜੀ:— ਬੀਬਾ, ਤੈਨੂੰ ਕੀ ਹੋ ਗਇਆ ਹੈ।

ਨੌ ਜੁਆਨ:—ਬਾਬਾ ਜੀ, ਕੁਝ ਤੁਹਾਨੂੰ ਹੋਇਆ ਹੋਇਆ ਹੈ।

ਜਥੇਦਾਰ ਜੀ:—ਕਾਕਾ, ਤੇਰਾ ਨਾਮ ਕੀ ਹੈ ਤੇ ਪਿੰਡ ਕੇਹੜਾ ਏ?

ਨੌ ਜਵਾਨ:—ਮੇਰਾ ਨਾਮ ਹਰਿਨਾਮੁ ਸੱਦਦੇ ਹਨ, ਤੇ ਗ੍ਰਾਂਮ ਧਮੋਟ ਹੈ।

ਜਥੇਦਾਰ ਜੀ:—ਭਾਈ ਸਿਖਾ ਤੇਰੀ ਅਣਖ ਪੂਰੀ ਹੋ ਗਈ। ਤੇਰੀ ਕੁਰਬਾਨੀ ਤੇ ਦੇਸ਼ ਭਗਤੀ ਸਾਨੂੰ ਪੁੱਜ ਗਈ ਸਾਨੂੰ ਬਹੁਤ ਖੁਸ਼ੀ ਹੋਈ ਤੈਨੂੰ ਵੇਖਕੇ ਤੇ ਤੇਰੀਆਂ ਗਲਾਂ ਸੁਣਕੇ-ਹੁਣ ਤੂੰ ਆਪਣੇ ਘਰ ਜਾ, ਮਾਂ ਪਿਓ ਉਡੀਕਦੇ ਹੋਣਗੇ। ਸਾਨੂੰ ਭੀ ਦੇਰੀ ਲੱਗਦੀ ਹੈ।

ਨੌ ਜੁਆਨ:—ਦੇਰੀ ਲੌਣੀ ਕਾਸਨੂੰ ਹੈ ਤੁਰਨ ਵਾਲੀ ਗਲ ਕਰੋ। ਮਾਪਿਆਂ ਦਾ ਫਰਜ ਮੁੜ ਨੌ ਮਹੀਨੇ ਪੇਟ ਵਿੱਚ ਰਹਿਕੇ ਆਣਕੇ ਪੂਰਾ ਕਰ ਲਵਾਂ-ਗਾ-ਪਹਿਲਾਂ ਦੇਸ਼ ਭਗਤੀ ਦਾ ਫ਼ਰਜ ਮੈਨੂੰ ਪੂਰਾ ਕਰ ਲੈਣ ਦਿਓ। ਬਾਕੀ ਗਲਾਂ ਰਸਤੇ ਵਿੱਚ ਕਰਾਂ ਗੇ। ਹਾਲਾਂ ਏਥੇ ਖੜੇ ਖੜੇ ਮੇਰੇ ਕੰਨ ਵਿਚ ਉਹ ਫੂਕ ਮਾਰ ਦਿਓ ਜਿਸ ਬਾਬਤ ਲੋਕੀਂ ਆਖਦੇ ਨੇ— 'ਕੂਕੇ ਕੰਨ ਵਿੱਚ ਮਾਰਨ ਫੂਕਾਂ ਛਡੌਂਦੇ ਲੋਕ ਲਾਜ ਨੂੰ' ਜਥੇਦਾਰ ਜੀ ਨੇ ਕੰਨ ਵਿੱਚ ਭਜਨ ਦਸਕੇ ਰੰਗ ਵਿੱਚ ਆਕੇ ਆਖਿਆ—"ਆਵੋ ਜਿਸ ਪਾਰ ਲੰਘਣਾਂ ਮੇਰੇ ਗੁਰਾਂ ਨੇ ਜਹਾਜ ਬਣਾਇਆ।"

—੩—

'ਆਹ ਕੇੜੇ ਪਿੰਡ ਦਾ ਖੂਹ ਹੈ'' ਜਥੇਦਾਰ ਹੀਰਾ ਸਿੰਘ ਜੀ ਨੇ ਆਪਨੇ ਨਾਲ ਦੇ ਇਕ ਸਿੰਘ ਨੂੰ ਪੁਛਿਆ।

'ਜਥੇਦਾਰ ਜੀ ਏਹ ਖੂਹ ਸਾਡੇ ਪਿੰਡ ਦਾ ਹੀ ਹੈ।' ਭਾਈ ਸੁਜਾਨ ਸਿੰਘ ਰਬੋਂ ਵਾਲੇ ਨੇ ਉਤਰ ਵਚ ਦਸਿਆ।

'ਸਾਧ ਸੰਗਤ ਜੀ ਮੇਰੇ ਖਿਆਲ ਵਿਚ ਸਾਨੂੰ ਇਸ ਵਕਤ ਏਸੇ ਖੂਹ ਤੇ ਹੀ ਉਤਾਰਾ ਕਰਨਾਂ ਚਾਹੀਦਾ ਹੈ - ਕਿਉਂਕਿ ਰਾਤ ਅਨੇਰੀ ਹੈ ਜੇ ਕਿਸੇ

ਪਿੰਡ ਵਿਚ ਗਏ ਤਾਂ ਪਏ ਲੋਕ ਰੌਲਾ ਪੌਣਗੇ ਕਈ ਡਰਾਕਲ ਲੋਕ ਐਂਵੇ ਹੀ ਤਰਬਕ ੨ ਉਠਦੇ ਹਨ। ਇਸ ਵਾਸਤੇ ਏਹ ਖੂਹ ਪਿੰਡੋਂ ਹਟਵਾਂਜਾਪਦਾ ਹੈ ਏਥੇ ਡੇਰਾ ਕਰਨ ਨਾਲ ਨਾਲੇ ਸਤਿਗੁਰਾਂ ਦਾ ਬਚਨ ਮੰਨਿਆਂ ਜਾਊ ਅਰ ਨਾਲੇ ਏਥੇ ਇਕ ਲੰਗਰ ਕਰਕੇ ਕੁਝ ਆਲੇ ਦੁਆਲੇ ਦੀ ਮਿਲ ਵਰਤੋਂ ਦਾ ਪਤਾ ਕਰ ਲਵਾਂਗੇ। ਅਪਨਾ ਗੁਰਮਤਾ ਭੀ ਏਥੇ ਹੀ ਪੂਰਾ ਸੋਧ ਲੈਣਾਂ ਚਾਹੀਦਾ ਹੈ। ਜਥੇਦਾਰ ਸ੍ਰ. ਹੀਰਾ ਸਿੰਘ ਜੀ ਨੇ ਸ੍ਰ. ਲਹਿਣਾਂ ਸਿੰਘ ਤੇ ਸੁਜਾਨ ਸਿੰਘ ਜੀ ਆਦਿਕ ਸਿਆਣੇ ਸਾਥੀਆਂ ਨੂੰ ਮੁਖਾਤਬ ਕਰਕੇ ਆਖਿਆ।

'ਜਥੇਦਾਰ ਜੀ ਤੁਸੀਂ ਏਸ ਖੂਹ ਤੇ ਡੇਰੇ ਜਮਾਵੋ ਅੰਮ੍ਰਿਤ ਵੇਲਾ ਹੋ ਰਹਿਆ ਹੈ, ਅਸ਼ਨਾਨ ਪਾਣੀ ਕਰੋ। ਮੈਂ ਤੇ ਸੇਵਾ ਸਿੰਘ ਆਪਨੇ ਨਗਰ ਜਾਂਦੇ ਹਾਂ ਤੇ ਰਸਤ ਪਾਣੀ ਤੇ ਬਾਲਣ ਤੇ ਬਰਤਨ ਗੱਡ ਤੇ ਧਰਕੇ ਏਥੇ ਲੈ ਔਂਦੇ ਹਾਂ ਸਾਡੇ ਔਣ ਤਕ ਏਥੇ ਲੰਗਰ ਸਜਾਉਣ ਵਾਲੀ ਜਗਾ ਬਣਾਓ।''

ਸੇਵਾ ਸਿੰਘ ਤੇ ਸੁਜਾਣ ਸਿੰਘ ਇੰਂਵ ਆਖਦੇ ਹੋਏ ਆਪਨੇ ਪਿੰਡ (ਰਬੋਂ) ਨੂੰ ਟੁਰ ਗਏ।

—੪—

'ਰੁਲਦਾ ਸਿੰਹਾਂ! ਆਹ ਤੀਮੀਆਂ ਅਜ ਕੈਂ ਵੱਲ ਟੋਕਰੀਆਂ ਆਟੇ ਦੀਆਂ ਚਕੀ ਜਾਂਦੀਆਂ ਨੇ।''

'ਝੁਮਣ ਸਿੰਹਾਂ! ਮੇਰੇ ਨਾਲ ਕਿਸੇ ਗਲ ਕੀਤੀ ਊ-ਪਈ ਔਹ ਥੇਹ ਵਾਲੇ ਖੂਹ ਤੇ ਕੋਈ ਕੂਕੇ ਆਏ ਨੇ ਤੇ ਉਹਨਾਂ ਉਥੇ ਹੀ ਅਜ ਲੰਗਰ ਲੌਣਾ ਹੈ।

'ਅਗੇ ਸੇਵਾ ਸਿਓਂ ਗਡ ਤੇ ਬਡਾ ਬਸਤ ਬਲੇਵਾ ਲੈਕੇ ਗਿਆ ਹੈ।''

''ਅਜ ਖੂਹ ਤੇ ਭੀ ਮੌਜ ਮੇਲਾ ਵੇਖਣ ਵਾਲਾ ਹੋਊ।''

ਰਬੋਂ ਦੇ ਦੋ ਤਿੰਨ ਕਿਸਾਨ ਇਹੋ ਜਹੀਆਂ ਗਲਾਂ ਕਰਦੇ ਕਰਦੇ ਬਾਹਰ ਖੂਹ ਵੱਲ ਨੂੰ ਤੁਰੇ ਆ ਰਹੇ ਹਨ।

'ਬਲੇ ਬੱਲੇ ਭਈ ਏਥੇ ਤਾਂ ਬੜਾ ਮੇਲਾ ਭਰਿਆ ਪਇਆ ਹੈ। ਕਿਤੇ ਲੰਗਰ ਪਕ ਰਿਹਾ ਏ ਕਿਤੇ ਵਰਤੀਂਦਾ ਏ ਖੀਰਾਂ ਤੇ ਕੜਾਹ ਦੇ ਚੰਗੇ ਰਜਵੇਂ ਗਫੇ ਮਿਲਦੇ ਹਨ। ਮਾਹਾਂ ਦੀ ਦਾਲ ਦਾ ਕੀ ਕਹਿਣਾਂ ਹੈ ਜੀ ਕਰਦਾ ਹੈ, ਦਾਲ ਖਾਈ ਹੀ ਜਾਈਏ ਖਬਰੇ ਏਹ ਕੂਕੇ ਦਾਲ ਵਿਚ ਕੀ ਪੌਂਦੇ ਨੇ ਮੂੰਹੋ ਨਹੀਂ ਲਾਹੀ ਜਾਂਦੀ।

'ਫੂਲਾ ਸਿੰਘਾ ਰੋਟੀਆਂ ਤੇ ਭਲਾ ਹੋਈਆਂ ਔਹ ਵੇਖ ਕੂਕਿਆਂ ਦਾ ਇਕ ਦਾਨਾਂ ਪੋਹ ਮਾਘ ਦੇ ਦਿਨਾਂ ਵਿਚ ਭੀ ਸਰਦਾਈਆਂ ਘੋਟਕੇ ਪੀ ਰਿਹਾ ਹੈ।'

'ਬੱਗਾ ਸਿੰਘਾ ਇਨਾਂ ਕੂਕਿਆਂ ਦੀ ਤੂੰ ਗਲ ਹੀ ਜਾਣ ਦੇਹ। ਨਾ ਏਹ ਨੈਣੋਂ ਡਰਦੇ ਨੀ ਨਾ ਏਹ ਸ਼ਰਦਾਈਆਂ ਪੀਣੋ ਹਟਦੇ ਨੀ। ਘਸੀਟੂ ਅਜ ਏਥੇ ਕੋਈ ਲੰਗਰ ਵਰਤਿਆ ਹੈ ਵਡੇ ਵਡੇ ਜਾਗੀਰ ਦਾਰਾਂ ਕਦੇ ਏਨੀ ਰੋਟੀ ਰਜਕੇ ਨਹੀਂ ਖਵਾਈ ਤੇ ਜੇ ਕਿਤੇ ਰੋਟੀ ਦੇ ਬਹਿਣ ਤਾਂ ਕਈ ਚਿਰ ਸਾਥੀਂ ਬਗਾਰਾਂ ਲੈਂਦੇ ਰਹਿੰਦੇ ਹੇਨ।

'ਭਾਈਆ ਦਿਤੂ, ਏਥੇ ਏਹੋ ਹੀ ਤਾਂ ਵਾਧਾ ਹੈ। ਲੰਗਰ ਵਿਚ ਕੋਈ ਵਿਤਕਰਾ ਨਹੀਂ ਰਖਦੇ। ਜੇਹੜਾ ਕੋਈ ਕੇਰਾਂ ਇਨਾਂ ਦੇ ਲੰਗਰੋਂ ਪ੍ਰਸਾਦਾ ਖਾ ਲੈਂਦਾ ਹੈ। ਉਹ ਮੁੜ ਇਨਾਂ ਦੀ ਢਾਣੀ ਦਾ ਹੋ ਜਾਂਦਾ ਹੈ। ਨਾ ਉਹ ਕਿਸੇ ਘਰ ਦੇ ਦੀ ਪਰਵਾਹ ਕਰਦਾ ਹੈ ਤੇ ਨਾ ਕਿਸੇ ਰਿਸ਼ਤੇਦਾਰ ਦੀ।

'ਘਸੀਟੂ! ਤੂੰ ਗਰੇਵਾਲ ਸ੍ਰ. ਹੀਰਾ ਸਿੰਹੁ ਨੂੰ ਨਹੀਂ ਜਾਣਦਾ; ਏਹ ਕਿਡਾ ਰਈਸ ਬੰਦਾ ਸਈ। ਅਜ ਵੇਖ ਔਹ ਸਿਰ ਤੇ ਭੂਰਾ ਬੰਨ੍ਹੀ ਬੈਠਾ ਹਈ।'

'ਵਾਹ ਭਾਈਆ ਜੋ ਕੁਝ ਮੈਂ ਸੁਣਿਆਂ ਹੈ ਇਹਨਾਂ ਕੂਕਿਆ ਤੋਂ ਅਜ ਤੈਨੂੰ ਉਹ ਪਤਾ ਹੀ ਨਹੀਂ ਮੈਨੂੰ ਜਾਪਦਾ ਹੈ ਏਹ ਕੂਕੇ ਕੋਈ ਮਨਸੂਬਾ ਬੰਨ ਰਹੇ ਹਨ,ਆਹ ਚਉਧਰੀ ਗੰਡਾ ਭੀ ਓਥੇ ਸਈ ਸਾਨੂੰ ਇਨਾਂ ਦੀਆਂ ਸਾਰੀਆਂ ਗਲਾਂ ਦੀ ਤੇ ਸਮਝ ਨਹੀਂ ਸੀ ਆਉਂਦੀ ਪਰ ਏਹ ਪਤਾ ਲਗਦਾ ਸੀ ਕਿ ਏਹ ਕੂਕੇ ਕਿਸੇ ਦੇ ਗਲ ਪਊ ਨੇ। ਕਿਉਂ ਚਉਧਰੀ ਠੀਕ ਗਲ ਹੈ ਨਾ? ਚਉਧਰੀ ਗੰਡਾ। ਗਲ ਤੇ ਘਸੀਟੂ ਤੇਰੀ ਠੀਕ ਹੀ ਹੋਈ ਪਰ ਏਨਾਂ ਦੇ ਕੋਲ ਮੈਨੂੰ ਤਾਂ ਕੋਈ ਮਾਰਨ ਵਾਲੀ ਸ਼ੈ ਨਹੀਂ ਜਾਪਦੀ।

ਐਮੇ ਛੋਟੇਛੋਟੇੜ-੪ ਟਕੂਥੇ ਹਨ, ਜਿਨਾਂ ਨਾਲ ਦਾਤਨਾਂ ਵਢੀਦੀਆਂ ਹਨ। ਕਦੇ ਖਾਲੀ ਹਥਾਂ ਨਾਲ ਭੀ ਏਹੋ ਜੇਹਾ ਕੰਮ ਹੋਇਆ ਹੈ।

ਏਹੋ ਜਹੀਆਂ ਗਲਾਂ ਉਸ ਖੂਹ ਤੇ ਮੇਲਾ ਵੇਖਨ ਆਏ ਓਮੀ ਲੋਕ ਆਪੋ ਵਿਚ ਕਰਦੇ ਜਾ ਰਹੇ ਸਨ।

੫.

'ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ' ਮਲੌਦ ਕਿਲੇ ਦੇ ਲਹਿੰਦੀ ਤਰਫੋਂ ਵਡੇ ਦਰਵਾਜੇ ਵਿਚੋਂ ਲੰਘਕੇ ਕੋਈ ਸੌ ਕੂ ਦੇ ਕਰੀਬ ਨਾਮਧਾਰੀਆਂ ਦੇ ਜਥੇ ਨੇ ਮਿਲਵੀਂ ਤੇ ਉਚੀ ਅਵਾਜ਼ ਨਾਲ ਫਤੇ ਬੁਲਾਈ।

'ਆਓ ਮਹਾਰਾਜ, ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ, ਬੜੀ ਕਿਰਪਾ ਹੋਈ ਗੁਰੂ ਕੀ ਮੰਗਤ ਨੇ ਦਰਸ਼ਨ ਦਿਤੇ। ਆਓ ਮੰਜਿਆਂ ਤੇ ਸਜ ਜਾਉ ਤੇ ਕੋਈ ਸੇਵਾ ਮੇਰੇ ਲਾਇਕ ਦਸੋ।' ਕਿਲੇ ਦੇ ਅੰਦਰ ਵੜਦਿਆਂ ਦੀਵਾਨਖਾਨੇ ਵਿਚੋਂ ਇਕ ਸਰਦਾਰ ਆਪਣੀ ਸਰਦਾਰੀ ਦੀ ਪੁਜੀਸ਼ਨ ਨਾਲ ਚੰਗੇ ਰੋਅਬ ਦਾਬ ਵਿਚ ਫਤੇ ਗਜੋਂਦਾ ਹੋਇਆ ਨਿਕਲਿਆ।

"ਆਓ ਸ੍ਰ. ਬਦਨ ਸਿੰਘ ਜੀ, ਸੁਨਾਓ ਅਨੰਦ ਪ੍ਰਸੰਨ ਜੇ" ਜਥੇਦਾਰ ਹੀਰਾ ਸਿੰਘ ਜੀ ਨੇ ਕਿਲੇ ਵਿਚ ਡਟੇ ਹੋਏ ਇਕ ਵਡੇ ਸਾਰੇ ਤਖਤਪੋਸ਼ ਤੇ ਬੈਠ-ਦਿਆਂ ਪੁਛਿਆ।

ਸ੍ਰ.ਬਦਨਸਿੰਘ– ਹਾਂ ਜੀ, ਆਪਦੀ ਕਿਰਪਾਹੈ।

ਅਜ ਸੰਗਤਾਂ ਨੇ ਕਿਧਰ ਨੂੰ ਚੜ੍ਹਾਈ ਕੀਤੀ ਹੈ।

ਜਥੇਦਾਰ ਜੀ– ਸ੍ਰ. ਜੀ ਅਸਾਂ ਕਿਧਰ ਨੂੰ ਚੜ੍ਹਾਈ ਕਰਨੀ ਹੈ, ਜ਼ੁਲਮ ਦੇ ਰਾਜ ਵਿਚ ਜੀਊਣ ਤੋਂ ਤੰਗ ਆ ਗਏ ਹਾਂ। ਮਾਘੀ ਦੇ ਮੇਲੇ ਤੇ ਤੁਸੀਂ ਭੀ ਭੈਣੀ ਸਾਹਿਬ ਗਏ ਸੀ, ਓਥੇ ਜੇਹੜੇ ਕੋਈ ਬਚਨ ਹੋਏ ਸਨ ਤੁਹਾਨੂੰ ਯਾਦ ਹੀ ਹਨ, ਗੁਰਮੁਖ ਸਿੰਘ ਨੰਬ੍ਰਦਾਰ ਫਰਵਾਹੀ ਵਾਲੇ ਸਾਹਮਣੇ ਕੋਟਲੇ ਵਿਚ ਬੜਾ ਅਨਰਥ ਕੀਤਾ ਗਿਆ ਹੈ। ਠਾਣੇਦਾਰ ਤੇ ਕਾਜ਼ੀ ਨੇ ਸਾਹਮਣੇ ਬੈਲ ਮਰਵਾਇਆ ਤੇ ਹੋਰ ਬਹੁਤ ਕੁਝ ਬਕਿਆ। ਗੁਰਮੁਖ ਸਿੰਘ ਨੇ ਸ੍ਰੀ ਭੈਣੀ ਸਾਹਿਬ ਮੇਲੇ ਤੇ ਜਾਕੇ ਏਹ ਗਲ ਜਦੋਂ ਦਸੀ ਤਾਂ ਸਾਡਾ ਮਸਤਾਨਿਆਂ ਦਾ ਸਾਰਾ ਜਥਾ ਏਹ ਕੁਝ ਹੁੰਦਾ ਸੁਣਕੇ ਬ੍ਰਦਾਸ਼ਤ ਨ ਕਰ ਸਕਿਆ ਤੇ ਕੋਟਲੇ ਪਹੁੰਚਕੇ ਉਨਾਂ ਦੁਸ਼ਟਾਂ ਨੂੰ ਇਤਨੀ ਦਿਲ ਵਧੀ ਕਰਨ ਦਾ ਕੁਝ ਫਲ ਦੇਣ ਦਾ ਪ੍ਰੋਗ੍ਰਾਮ ਬਣਾ ਬੈਠਾ, ਸਤਿਗੁਰ ਤਾਂ ਭਾਵੇਂ ਕੁਝ ਮਨ੍ਹਾ ਹੀ ਕਰਦੇ ਸਨ, ਪਰ ਸਾਨੂੰ ਏਡੇ ਜ਼ੁਲਮੀ ਰਾਜ ਵਿਚ ਜੀਊਣਾ ਮੁਸ਼-ਕਲ ਹੋ ਗਿਆ ਹੈ, ਸਾਨੂੰ ਆਪਦੇ ਨਗਰ ਵਾਲੇ ਬਾਬੇ ਪਹਾੜਾ ਸਿੰਘ ਜੀ ਨੇ ਦਸਿਆ ਸੀ ਕਿ ਗੁਰਮੁਖ ਸਿੰਘ ਦੀ ਗਲ ਸੁਣਕੇ ਆਪਦੇ ਅੰਦਰ ਭੀ ਸਿਖੀ ਜੋਸ਼ ਦਾ ਤਰੰਗ ਉਠਿਆ ਸੀ। ਤੇ ਕਿਤੇ ਆਪਨੇ ਬਾਬਾ ਜੀ ਨੂੰਕਿਹਾ ਸੀ ਕਿ ਅਜੇਹੇਦੁਸ਼ਟਾਂ ਨੂੰ ਸਾਧਣ ਵਾਸਤੇ ਮੈਨੂੰ ਭੀ ਕੋਈ ਸੇਵਾ ਦਸਣੀ। ਸੋ ਇਸ ਵਾਸਤੇ ਅਸੀਂ ਆਪਦੇ ਪਾਸ ਆਏ ਹਾਂ। ਸਾਡਾ ਪ੍ਰੋਗ੍ਰਾਮ ਕੋਟਲੇ ਦੇ ਕਾਜ਼ੀ ਅਰ ਕਸਾਈਆਂ ਤੇ ਹਲਾ ਬੋਲਣਾ ਹੈ। ਪਰ ਸਾਡੇ ਪਾਸ ਇਸ ਮਤ-ਲਬ ਲਈ ਕੋਈ ਸਮਾਨ ਨਹੀਂ, ਸਗੋਂ ਸਾਊਆਂ ਦੀ ਜੰਞ ਵਾਂਗ ਬਿਲਕੁਲ ਨਿਹੱਥੇ ਹੀ ਹਾਂ। ਬਾਬਾ ਪਹਾੜਾ ਸਿੰਘ ਦੇ ਆਖਣ ਤੇ ਅਸੀਂ ਆਪ ਪਾਸੋਂ ਕੁਝ ਤਲਵਾਰਾਂ ਤੇ ਕੁਝ ਘੋੜੀਆਂ ਦੀ ਮਦਦ ਮੰਗਦੇ ਹਾਂ, ਤਾਂਕਿ ਕੋਟਲੇ ਵਿਚ ਸਾਡਾ ਢੁਕਾ ਅੱਛਾ ਹੋ ਜਾਵੇ।

ਸ੍ਰ. ਬਦਨ ਸਿੰਘ– ਸ੍ਰ. ਹੀਰਾ ਸਿੰਘਾ ਪਹਾੜਾ ਸਿੰਘ ਨਾਲ ਭੈਣੀ ਸਾਹਿਬ ਮੈਂ ਸੁਭਾਵਕ ਗਲ ਕੀਤੀ ਸੀ ਤੁਸੀਂ ਤਾਂ ਮੇਰਾ ਖੁਰਾ ਹੀ ਫੜ ਲਿਆ, ਮੈਂ ਇਹੋ ਜਿਹਾ ਕੰਮ ਕਿਸਤਰਾਂ ਕਰ ਸਕਦਾ ਹਾਂ। ਤੂੰ ਤੇ ਲਹਿਣਾ ਸਿੰਘ ਨੇ ਜੇਹੜੀ ਖਟੀ ਖਟਣੀ ਸੀ ਖਟ ਲਈ, ਗਰੇਵਾਲ ਗੋਤ ਨੂੰ ਲਾਜ ਲਾ ਦਿਤੀ। ਸ੍ਰਦਾਰੀਆਂ ਤੇ ਜਗੀਰਦਾਰੀਆਂ ਛਡੀਆਂ ਤੇ ਭੂਰੀਆਂ ਸਿਰਾਂ ਤੇ ਬੰਨ੍ਹ ਲਈਆਂ ਤੇ ਤੁਰ ਪਏ ਪਿੰਡਾਂ ਵਿਚ ਹੋਕਾਂ ਲੈਣ। ਤੇ ਹੁਣ ਅੰਗ੍ਰੇਜ਼ ਨਾਲ ਮੁਕਾਬਲਾ ਕਰਨ। ਸੌਣਾ ਢੇਰਾਂ ਤੇ ਸੁਪਨੇ ਸੀਸ ਮਹਲ ਦੇ। ਸ੍ਰਦਾਰਾ ਤੁਸੀਂ ਖਾਹ ਮੁਖਾਹ ਅਨਿ-ਆਈ ਮੌਤ ਨੂੰ ਵਾਜਾਂ ਮਾਰ ਰਹੇ ਹੋ। ਜੇ ਤੁਹਾਡੇ ਹਥ ਵਿਚ ਹਥਿਆਰ ਕੋਈ ਨਹੀਂ ਤਾਂ ਹੱਲਾ ਤੁਸਾਂ ਕਾਹਦੇ ਨਾਲ ਕਰਨਾ ਹੈ। ਮੇਰੇ ਪਾਸੋਂ ਏਹੋ ਜੇਹੀ ਮਦਦ ਲੈਣ ਦਾ ਖਿਆਲ ਉਕਾ ਦਿਲ ਵਿਚੋਂ ਕਢ ਦਿਓ, ਤੇ ਸਗੋਂ ਜਿਤਨੀ ਜਲਦੀ ਹੋਵੇ ਏਥੋਂ

ਨਿਕਲਨ ਦੀ ਕਰੋ। ਤੁਹਾਨੂੰ ਨਹੀਂ ਪਤਾ ਸਰਕਾਰ ਦੇ ਘਰ ਮੇਰੀ ਕੀ ਪੁਜੀਸ਼ਨ ਹੈ। ਵਾਹ ਸ੍ਰ. ਹੀਰਾ ਸਿੰਘ ਆਪ ਤਾਂ ਡੁਬੋਂ ਬ੍ਰਾਮਣਾ ਨਾਲ ਜਜਮਾਨ ਭੀ ਗਾਲੇ।

ਬਾਬਾ ਪਹਾੜਾ ਸਿੰਘ– ਸ੍ਰ. ਬਦਨ ਸਿੰਘਾ ਅਜ ਤੇ ਤੂੰ ਸਾਡੇ ਨਾਲ ਸਰਦਾਰਾਂ ਵਾਲੀਆਂ ਕਰਾਰੀਆਂ ਗਲਾਂ ਕਰਨ ਲਗ ਪਿਆ ਹੈਂ। ਚੌਥੇ ਤੈਂ ਮੈਨੂੰ ਬੜੀ ਤਸੱਲੀ ਦਿਤੀ ਸੀ। ਤੈਨੂੰ ਆਪਣਾ ਬੜਾ ਮਿਤਰ ਤੇ ਦੇਹ ਪ੍ਰਾਨੀ ਜਾਣਕੇ ਜਥੇਦਾਰ ਹੁਰਾਂ ਨੂੰ ਨਾਲ ਲੈਕੇ ਏਥੇ ਆਇਆ। ਪਰ ਸੂਦਾਰਾ ਤੂੰ ਤੇ ਹੱਦ ਕਰ ਦਿਤੀ। ਅੱਜ ਸਾਡੇ ਨਾਲੋਂ (ਜੋ ਤੇਰੇ ਗੋਤੀ ਹਾਂ ਗਰਾਈਂ ਹਾਂ ਮਿਤਰ ਹਾਂ ਮਜ਼੍ਹਬ ਤੇ ਧਰਮ ਵਿਚ ਇਕੋ ਗੁਰੂ ਗੋਬਿੰਦ ਸਿੰਘ ਦੇ ਸਿਖ ਹਾਂ) ਤੂੰ ਉਹ ਮਲੇਛ ਚੰਗੇ ਸਮਝੇ ਹਨ ਜਿਨਾਂ ਨੇ ਸਾਡੇ ਦੇਸ਼ ਦੀਆਂ ਰੀਤਾਂ ਰਵਾਜਾਂ ਤੇ ਕੁਹਾੜਾ ਚਲੌਣਾ ਅਰੰਭ ਕੀਤਾ ਹੋਇਆ ਹੈ ਸੂਦਾਰਾ, ਮੈਂ ਤੇਰੇ ਤੇ ਬੜੀ ਉਮੈਦ ਰਖਕੇ ਆਇਆ ਸਾਂ ਪਰ ਚੰਗਾ ਤੇਰੀ ਮਰਜ਼ੀ।

ਸ੍ਰ. ਬਦਨ ਸਿੰਘ– ਬਾਬਾ ਮੈਨੂੰ ਕੀ ਪਤਾ ਸੀ ਤੇਰੀ ਭੀ ਇਨਾਂ ਸੂਦਾਰਾਂ ਵਾਂਗ ਮਤ ਮਾਰੀ ਜਾਣੀ ਹੈ। ਏਹ ਕੰਮ ਕੋਈ ਕਰਨ ਵਾਲਾ ਹੈ ਜੇਹੜਾ ਤੁਸੀਂ ਕਰਨ ਲਈ ਆਖਦੇ ਹੋ। ਪਾਗ਼ਲ ਜਮਾਨੇ ਦੇ ਨਾ ਹੋਣ, ਤੁਸੀਂ ਆਪਣੀ ਔਕਾਤ ਤੇ ਵੇਖੋ, ਪਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ!

੬.

"ਓ! ਮੈਂ ਮਰ ਗਿਆ ਰੱਬਾ। ਮੇਰਾ ਮੱਥਾ ਪਾਟ ਗਿਆ!! ਦੌੜ ਓ ਨਬੀਆ, ਫਜ਼ਲੇ ਨੂੰ ਅਵਾਜ਼ ਮਾਰ, ਖਤਰੇ ਦੇ ਨਗਾਰੇ ਨੂੰ ਵਜਾਓ।"

ਸ੍ਰ. ਬਦਨ ਸਿੰਘ ਇਸਤਰਾਂ ਰੌਲਾ ਪੌਂਦਾ ਇਕ ਅੰਦਰ ਜਾ ਵੜਿਆ।

"ਖਲੋ ਤੇਰੇ ਮਰ ਜਾਣ ਜੰਮਣ ਵਾਲੇ, ਕਿਸੇ ਕੰਜਰੀ ਦਾ ਪੁਤ ਨ ਹੋਵੇ ਤਾਂ, ਔਤਰਾ ਮਦਦ ਦੇਣੋਂ ਤਾਂਰਿਹਾਂ,ਟੁਟੇ ਛਿਤਰ ਵਾਂਗ ਵਧਦਾ ਹੀ ਜਾਂਦਾ ਹੈ। ਦਸਦਿਓਸੂ ਹੁਣੇ ਸਰਕਾਰ ਦੀ ਖੈਰਖਾਹੀ ਦਾ ਪਤਾ।'

ਮਾਈ ਇੰਦ ਕੌਰ ਹੰਡਿਆਏ ਵਾਲੀ ਨੇ ਇਕ ਸਿਖ ਪਾਸੋਂ ਦਾਤਨ ਲਾਹੁਣ ਵਾਲਾ ਟਕੂਆ ਫੜਕੇ ਸਰਦਾਰ ਦੇ ਮਥੇ ਉਤੇ ਮਾਰਦਿਆਂ ਆਖਿਆ।

"ਫੜੋ! ਫੜੋ!! ਕੂਕੇ ਕਿਲੇ ਨੂੰ ਲੁਟਣ ਆ ਪਏ। ਓਏ ਫਤੂ ਮਹੀਦੇ ਨੂੰ ਆਖ ਛੁਰਾ ਲਿਆਵੇ ਰਸ਼ੀਦਿਆ, ਲਿਆ ਡਾਗਾਂ ਗੁਲਾਮਿਆਂ, ਬਜਾਰ ਵਿਚ ਆਖ ਦੇ ਹਟੀਆਂ ਬੰਦ ਕਰਕੇ ਸਾਰੇ ਕੋਠਿਆਂ ਤੇ ਚੜ੍ਹ ਜਾਣ।"

ਮਲੌਦ ਦੇ ਕਸ਼ਮੀਰੀਆਂ ਦੇ ਮਹਲੇ ਵਿਚ ਹਫੜਾ ਦਫੜੀ ਮਚੀ ਹੈ ਤੇ ਆਪੋ ਵਿਚ ਇਹੋ ਜਿਹੀਆਂ ਬੇ-ਥਵੀਆਂ ਗਲਾਂ ਹੋ ਰਹੀਆਂ ਹਨ।

" ਦੁਰਗਿਆ। ਤੂੰ ਐਵੇਂ ਰੌਲਾ ਪਾ ਰਿਹਾ ਏਂ ਬਜਾਰ ਵਲ ਨੂੰ ਤਾਂ ਸਿਖ ਆਏ ਹੀ ਨਹੀਂ। ਕਿਲੇ ਵਿਚੋਂ ਸ੍ਰ. ਦੀਆਂ ਦੋ ਘੋੜੀਆਂ ਤੇ ਇਕ ਘੋੜਾ ਤੇ ਕੁਝ ਤਲਵਾਰਾਂ ਤੇ ਇਕ ਬੰਦੂਕ ਤੇ ਹੋਰ ਕਸ਼ਮੀ-ਰੀਆਂ ਦੇ ਹਥੋਂ ਗੰਡਾਸੇ ਤੇ ਛੁਰੇ ਖੋਹਕੇ ਲਈ ਜਾਂਦੇ ਕੂਕੇ ਮੈਂ ਕੋਟਲੇ ਦੇ ਰਾਹੇ ਜਾਂਦੇ ਵੇਖੇ ਨੇ।"

ਫਕੀਰ ਮਲ ਨੇ ਇਕ ਰੌਲਾ ਪੌਣ ਵਾਲੇ ਆਦਮੀ ਨੂੰ ਮੁਖਾਤਬ ਕਰਦਿਆਂ ਆਖਿਆ– "ਚਾਚਾ ਜੀ ਚਲੇ ਗਏ ਹੋਣਗੇ ਪਰ ਕਸ਼ਮੀਰੀਆਂ ਦੇ ੬-੭ ਬੰਦੇ ਤਾਂ ਸੁਟ ਗਏ ਹਨ ਤੇ ਇਕ ਸਿਖ ਭੀ ਥਾਂ ਮਰਗਿਆ ਤੇ ਇਕ ਜ਼ਖਮੀ ਹੋਇਆ ਪਿਆ ਹੈ।"

ਦੁਰਗੇ ਨੇ ਫਕੀਰੂ ਮਲ ਨੂੰ ਸਹਿਮੇ ਹੋਏ ਲਹਿਜੇ ਨਾਲ ਕੁਝ ਸਮਝਾਇਆ।

੭.

"ਖਾਲਸਾ ਜੀ' ਅਜ ਫ਼ੇਰ ਮੈਂ ਓਹ ਅਰਜ਼ ਸਾਰਿਆਂ ਅਗੇ ਕਰਦਾਂ ਹਾਂ ਜੇੜ੍ਹੀ ਦੋ ਵੇਰਾਂ ਕਰ ਚੁਕਿਆਂ ਹਾਂ, ਅਰ ਉਹ ਇਹ ਹੈ ਕਿ ਅਜੇ ਭੀ ਵਕਤ ਹੈ ਜੇਹੜਾ ਸਰੀਰ ਸਾਡੇ ਨਾਲੋਂ ਪਿਛਾਂਹ ਹਟਣਾਂ ਚਾਹੇ ਹਟ ਸਕਦਾ ਹੈ, ਏਹ ਸਾਡਾ ਕੋਟਲੇ ਸ਼ਹਿਰ ਤੇ ਧਾਵਾ ਨਹੀਂ ਸਗੋਂ ਅਪਨੀ ਜਿੰਦਗੀ ਦਾ ਆਖਰੀ ਸੰਗਰਾਮ ਹੈ, ਅਵਲ ਤਾਂ ਬੁਚੜਾਂ ਨਾਲ ਜਾਂ ਜ਼ਾਬਰਾਂ ਨਾਲ ਲੜਦੇ ੨ ਸ਼ਹੀਦ ਹੋ ਜਾਵਾਂਗੇ, ਪਰ ਜੇ ਏਥੇ ਸਾਨੂੰ ਮਾਰਨ ਵਾਲਾ ਨ ਕੋਈ ਸਾਮ੍ਹਣੇ ਆਇਆਂ ਤਾਂ ਗੋਰਿਆ ਦਾ ਕਾਨੂੰਨ ਕਿਤੇ ਗਇਆ

ਹੀ ਨਹੀਂ ਸੋ ਮੌਤ ਤੋਂ ਉਰੇ ਦਾ ਸਾਡੇ ਨਾਲ ਸਲੂਕ ਨਹੀਂ ਹੋਵੇਗਾ।

ਵੇਖਣਾ ਕਿਸੇ ਸਿੰਘ ਨੇ ਹੁਣ ਤੋਂ ਅਗਲੇ ਔਣ ਵਾਲੇ ਵਕਤ ਵਿਚ ਕਾਇਰ, ਮੂਜ਼ੀ ਤੇ ਗਦਾਰ ਨਹੀਂ ਬਣਨਾ।

ਅਰ ਜਿਸਦਾ ਦਿਲ ਅਜੇਹਾ ਕਰਨ ਤੋਂ ਕੰਬਦਾ ਹੋਵੇ ਮੇਹਰਬਾਨੀ ਕਰਕੇ ਏਥੋਂ ਹੀ ਆਪਣੇ ਨਗਰ ਨੂੰ ਪਰਤ ਜਾਵੇ। ਵੇਖੋ ਮੈਂ ਇਕ ਵਾਰ ਫੇਰ ਲਕੀਰ ਮਾਰ ਦੇਂਦਾ ਹਾਂ ਜਿਸਨੇ ਕਿਸੇ ਤਰਾਂ ਵੀ ਪਿਛੇ ਨਹੀਂ ਹਟਣਾ ਬਾਬੇ ਬੰਦੇ ਬਹਾਦਰ ਵਾਂਗ ਸਿਧੇ ਮਥੇ ਰਹਿਣਾ ਹੈ, ਉਹ ਇਸ ਕਾਰ ਨੂੰ ਟਪਕੇ ਮੇਰੇ ਵੱਲ ਆ ਜਾਵੇ।''

ਕੋਟਲੇ ਤੋਂ ਕੋਈ ਮੀਲ ਕੁ ਦੀ ਵਿਥ ਉਤੇ ਇਕ ਪੁਰਾਣੇ ਤੇ ਬੇ ਅਬਾਦ ਜੇਹੇ ਬਾਗ਼ ਵਿਚ ਸਵਾ ਪਹਿਰ ਰਾਤ ਦੇ ਤੜਕੇ ਸ੍ਰ: ਹੀਰਾ ਸਿੰਘ ਜੀ ਨੇ ਆਪਨੇ ਨਾਲ ਦੇ ਸਭ ਸਰੀਰਾਂ ਨੂੰ ਬਹਾਲਕੇ ਬੜੇ ਪ੍ਰੇਮ ਪਰ ਅਣਖੀ ਲਹਿਜੇ ਨਾਲ ਵੰਗਾਰਿਆ। ਅਰ ਧਰਤੀ ਤੇ ਇਕ ਲੰਬੀ ਲਕੀਰ ਕਢਦਿਆਂ ਉਪਰੋਕਤ ਗਲਾਂ ਕੀਤੀਆਂ।

ਜਥੇਦਾਰ ਜੀ, ਆਪ ਦਾ ਫ਼ੁਰਮਾਨ ਠੀਕ ਹੈ, ਜਿਸਦਾ ਜੀਅ ਕਰਦਾ ਹੈ ਉਹ ਬੇਸ਼ਕ ਚਲਾ ਜਾਵੇ।'

ਸ੍ਰ. ਲੈਹਣਾ ਸਿੰਘ ਜੀ ਨੇ ਜਥੇਦਾਰ ਦੇ ਸ਼ਬਦਾਂ ਦੀ ਤਾਈਦ ਕਰਦਿਆਂ ਆਖਿਆ– ''ਉਠੋ ਖਾਲਸਾ ਜੀ ਟਪੋ ਮੌਤ ਦੀ ਹੱਦ, ਵੇਖਦੇ ਹਾਂ ਕਿਹੜਾ ਪਿਛਾਂਹ ਰਹਿੰਦਾ ਹੈ। ਜਥੇਦਾਰ ਜੀਨੂੰ ਅਜੇ ਸ਼ਾਇਦ ਪੂਰਾ ਭਰੋਸਾ ਨ ਆਇਆ ਹੋਵੇ। ਪ੍ਰਵਾਨਿਓਂ ਲਾਵੋ ਉਡਾਰੀਆਂ, ਸ਼ਹੀਦੀ ਸ਼ਮ੍ਹਾਂ ਦੇ ਦੀਦਾਰਿਆਂ ਵਾਸਤੇ।''

ਭਾਈ ਵਰਿਆਮ ਸਿੰਘ ਜੀ ਮਰ੍ਹਾਜ ਵਾਲੇ ਨੇ ਉਠਕੇ ਆਪਣੇ ਸਾਥੀਆਂ ਨੂੰ ਉਭਾਰ ਦਿਆਂ ਕਿਹਾ–

'ਬੋਲੇ ਸੋ ਨਿਹਾਲ' ਮਾਈ ਇੰਦ ਕੌਰ (ਜਿਸਦਾ ਪਤੀ ਨੰਦ ਸਿੰਘ ਮਲੋਦ ਹੀ ਸ਼ਹੀਦੀ ਪਾ ਗਿਆ ਸੀ) ਨੇ ਜੈਕਾਰਾ ਛਡਿਆ ਸਤਿ ਸ੍ਰੀ ਅਕਾਲ ਦੀ ਆਵਾਜ਼ ਦੀਆਂ ਗੂੰਜਾਂ ਪੌਂਦੇ ਹੋਏ ਕੋਈ ਸੌ ਤੋਂ ੫-੪ ਵਧੀਕ ਇਕ ਦਮ ਛੂੰਗੀਆਂ ਮਾਰਦੇ ਸਿੰਘ ਜਥੇਦਾਰ ਜੀ ਦੀ ਲਕੀਰ ਤੋਂ ਪਾਰ ਹੋ ਗਏ।

''ਸਾਧ ਸੰਗਤ ਜੀ ਹੁਣ ਝਟ ਪਟ ਕਮਰ-ਕਸੇ ਸਜਾਓ, ਆਪੋ ਆਪਣੇ ਹਥਿਆਰਾਂ ਨੂੰ ਹਥਾਂ ਵਿਚ ਲਵੋ। ਤੁਸਾਂ ਹੁਣ ਨਿਰੋਲ ਸਿੰਘ (ਸ਼ੇਰ) ਦਾ ਸਵ-ਰੂਪ ਤੇ ਸੁਭਾਵ ਧਾਰਨ ਕਰਨਾ ਹੈ। ਤੀਮੀਆਂ ਤੇ ਬਾਲਾਂ ਦਾ ਆਪ ਨੇ ਜ਼ਰੂਰ ਖਿਆਲ ਰਖਣਾਂ। ਵੇਖਣਾ ਕੋਈ ਬੁਚੜਾਂ ਤੇ ਉਹਨਾਂ ਦੇ ਹਮੈਤੀਆਂ ਬਿਨਾਂ ਨ ਮਾਰਿਆ ਜਾਵੇ।''

ਜਥੇਦਾਰ ਜੀ ਨੇ ਦੂਸਰੀ ਵਾਰ ਸਭ ਨੂੰ ਸੰਬੋ-ਧਨ ਕਰਦਿਆਂ ਤਿਆਰੀ ਦਾ ਹੁਕਮ ਦਿਤਾ।

''ਤਕੜੇ ਹੋ ਜਾਓ ਖਾਲਸਾ ਜੀ ਅਗੇ ਭੀ ਤਿਆਰੀ ਹੋਈ ਹੋਈ ਮਲੂੰਮ ਹੁੰਦੀ ਹੈ।''

ਸ਼ਹਿਰ ਮਲੇਰ ਕੋਟਲੇ ਦੇ ਢਾਬੀ ਦਰਵਾਜੇ ਵਲੋਂ ਅੰਦਰ ਦਾਖਲ ਹੁੰਦੇ ਇਕ ਘੋੜੀ ਤੇ ਸਵਾਰ ਹੋਏ ਸ੍ਰ: ਹੀਰਾ ਸਿੰਘ ਜੀ ਆਪਨੇ ਸਾਥੀਆਂ ਨੂੰ ਵੰਗਾਰਦੇ ਹਨ।''

''ਆਣ ਪਏ! ਆਣ ਪਏ!! ਕੂਕੇ ਆਣ ਪਏ!! ਸ਼ਹਿਰ ਵਿੱਚ ਦੁਹਾਈ ਮਚ ਗਈ।

–੧੦–

ਖਾਲਸਾ ਜੀ ਸਭ ਏਥ ਸਜਜਾਓ ਜੋ ਹੋਣਾ ਸੀ ਸੋ ਹੋ ਗਿਆ। ਅੱਜ ਸਾਡਾ ਉਹ ਮਨੋਰਥ ਤਾਂ ਗੁਰੂ ਜੀ ਨੇ ਪੂਰਾ ਕਰ ਦਿਤਾ ਜਿਸਦਾ ਅਰਦਾਸਾ ਅਸੀਂ ਅਕਾਲ ਬੁੰਗੇ ਸੋਧਕੇ ਤੁਰੇ ਸੀ। ਚੋਣਵੇਂ ਜ਼ਾਲਮ ਤਾਂ ਸਾਂਭੇ ਹੀ ਗਏ ਹਨ। ਬਾਕੀ ਗੁਰੂ ਜਾਣੇ। ਸ੍ਰ: ਲਹਿਣਾਂ ਸਿੰਘ ਜੀ ਨੇ ਰੱੜ ਦੇ ਲਾਗੇ ਇਕ ਪਿਪਲ ਵਾਲੇ ਖੂਹ ਤੇ ਸਾਰੇ ਜਥੇ ਨੂੰ ਬਹਾਲਦਿਆਂ ਬਚਨ ਕੀਤੇ।

''ਲਹਿਣਾਂ ਸਿੰਘ ਜੀ ਹੁਣ ਅਗੋਂ ਕਿਵੇਂ ਕਰਨੀ ਹੈ।'' ਸ੍ਰ: ਹੀਰਾ ਸਿੰਘ ਜੀ ਗਰਮ ਤੇਲ ਨਾਲ ਆਪਨਾ ਟੁੰਡ ਤਲਦੇ ਹੋਏ ਆਖਣ ਲਗੇ।

''ਜਥੇਦਾਰ ਜੀ, ਮੇਰੇ ਖਿਆਲ ਵਿੱਚ ਹੁਣ ਅਕ-ਸਰ ਸ੍ਰਕਾਰ ਦੇ ਘਰ ਤੜਥੱਲ ਮਚਨੀ ਹੈ। ਤੇ ਉਨਾਂ ਏਸ ਇਲਾਕੇ ਦੇ ਸਾਰੇ ਪਿੰਡਾਂ ਨੂੰ ਤੰਗ ਭੀ ਕਰਨਾ ਹੈ। ਜੇ ਏਹ ਲੋਕ ਸਾਡੇ ਬਦਲੇ ਔਖੇ ਹੋਏ ਤਾਂ ਸਾਡਾ ਪਿਛਲਾ ਉਪਕਾਰ ਕਿਸ ਕੰਮ, ਇਸ ਵਾਸਤੇ ਅਸੀਂ ਉਤਨਾਂ ਚਿਰ ਏਥੇ ਹੀ ਰਹੀਏ ਤੇ ਏਥੇ ਹੀ ਲੰਗਰ

ਪਾਣੀ ਸਜਾਈਏ ਉਮੇਦ ਹੈ ਸਾਡੇ ਲੰਗਰ ਪਾਣੀ ਛਕਦਿਆਂ ਛਕਾਂਦਿਆਂ ਨੂੰ ਸਾਡੀ ਮੌਤ ਦੇ ਵਿਚੋਲੇ ਸਾਨੂੰ ਆ ਹੀ ਮਿਲਣਗੇ।'' ''ਸ੍ਰ: ਲਹਿਣਾਂ ਸਿੰਘ ਜੀ ਨੇ ਆਪਣਾਂ ਖਿਆਲ ਦਸਿਆ।''

–੧੧–

'ਓਬੂਟਾ ਸਿੰਹਾਂ ਸੁਣਾ ਕੋਈ ਕੂਕਿਆਂ ਦੀ ਗਲ, ਕਲ ਸਾਡੇ ਪਿੰਡੋਂ ਉਹ ਕਿਧਰ ਨੂੰ ਗਏ ਸਨ।'ਰੱੜ ਪਿੰਡ ਦੇ ਇਕ ਕਰਨੈਲ ਸਿੰਘ ਨਾਮੀ ਆਦਮੀ ਨੇ ਆਪਣੇ ਪਿੰਡ ਦੇ ਇਕ ਬੰਦੇ ਨੂੰ ਪੁਛਿਆ।

ਬੂਟਾ ਸਿੰਘ–ਕਰਨੈਲ ਤੂੰ ਕਿਥੇ ਤੀ ।
ਮੈਂ ਕੱਲ ਆਥਣੇ ਜਦੋਂ ਕੂਕੇ ਰੋਟੀਆਂ ਖਾਂਦੇ ਤੇ ਤੇਲ ਵਿੱਚ ਦੋ ਜਣੇ ਬਾਹਵਾਂ ਦੇ ਟੁੰਡ ਤਲਦੇ ਤੇ ਹੋਰ ਜਖਮਾਂ ਨੂੰ ਬੰਨਦੇ ਬੂੰਨਦੇ ਤੀ ਉਨਾਂ ਵਲੋਂ ਵੇਖਕੇ ਜਿਉਂ ਖਿਸਕਿਆ ਰਾਤ ਰਾਮ ਨਗਰ ਹੀ ਸੁਤਾ ਰਹਿਆ ਹਾਂ।

ਬੂਟਾ ਸਿੰਘ–ਯਾਰ ਤੈਨੂੰ ਕੂਕਿਆਂ ਦੀਆਂ ਕੇਹ-ੜੀਆਂ ੨ ਗਲਾਂ ਦਸਾਂ। ਪਈ ਖਵਰੇ ਉਹ ਮਨੁੱਖ ਨੇ ਕਿ ਪੱਥਰ, ਨਾ ਉਨਾਂ ਨੂੰ ਸਰਦੀ ਨਾ ਉਨਾਂ ਨੂੰ ਠੰਠੀ ਹਵਾ ਨਾ ਤਲਵਾਰਾਂ ਦੇ ਫੱਟਾਂ ਦੀ ਪੀੜ ਨਾਂ ਕਿਸੇ ਭੜੂਏ ਦਾ ਉਹਨਾਂ ਨੂੰ ਡੱਰ ਤੇ ਨਾ ਕੁਝ ਹੋਰ। ਸਾਡੇ ਪਿੰਡੋਂ ਰੋਟੀਆਂ ਖਾਕੇ ਚਿਲਕਦੇ ਦਿਨ (ਜਦੋਂ ਕਿ ਠੰਢੀ ਹਵਾ ਵਗਦੀ ਤੇ ਮਾੜੀਆਂ ੨ ਛਿਟਾਂ ਲਹਿਣ ਲੱਗੀਆਂ ਸਾਨੀ ਸਾਰੇ ਲੋਕੀਂ ਠਰੂੰ ੨ ਕਰਦੇ ਅੰਦਰੀਂ ਵੱੜ ਰਹੇ ਸੀ। ਤੇ ਕੂਕੇ ਕੋਈ ਸਲਾਹ ਕਰਕੇ ਸ਼ੇਰ ਪੁਰ ਦੇ ਠਾਣੇ ਵੱਲ ਨੂੰ ਤੁਰ ਪਏ।

ਠੰਢ ਠੁਰਕਾ ਤੇ ਭਾਵੇਂ ਬੜਾ ਸੀ ਪਰ ਮੈਨੂੰ ਭੀ ਏਹੋ ਜਿਹਾ ਕੰਮ ਵੇਖਣ ਦਾ ਬੜਾ ਠਰਕ ਹੋਇਆ। ਘਰੋਂ ਕੰਬਲ ਤੇ ਚਾਦਰ ਲੈ ਕੇ ਮੈਂ ਭੀ ਮਗਰ ਹੀ ਗਿਆ।

ਕਰਨੈਲ-ਸਿੰਘ ਫੇਰ ਆਂਹਦਾ ਨਹੀਂ ਮੈਨੂੰ ਸਾਰੇ ਹੀ ਕੰਮ ਦਾ ਪਤਾ ਹੈ। ਹਛਾ ਓਥੇ ਫਿਰ ਕੀ ਗੱਲ ਹੋਈ।

ਬੂਟਾ ਸਿੰਘ–ਓਥੇ ਅਗੇ ਸਾਡੇ ਪਿੰਡ ਵਾਲੇ ਜੈਮਲ ਤੇ ਉਤਮੇ ਨੇ ਕੋਈ ਸੂਹ ਦਿੱਤੀ ਹੋਈ ਸੀ। ਸ਼ੇਰ ਪੁਰ ਵਾਲਾ ਠਾਣੇਦਾਰ ੪–੫ ਸਿਪਾਹੀ ਲੈ ਕੇ ਸਾਡੀ ਵੱਲ ਨੂੰ ਆ ਰਿਹਾ ਸੀ। ਕੂਕੇ ਔਂਦੇ ਵੇਖਕੇ ਖਲੋ ਗਿਆ। ਏਹ ਛਪਾਛਪ ਉਸਦੇ ਪਾਸ ਜਾ ਖੜੇ ਹੋਏ ਭਈ ਇਹਨਾਂ ਉਸਨੂੰ ਵਹਿਗੁਰੂ ਦੀ ਫਤਹਿ ਇਮੇ ਆਖੀ ਜਿਮੇਂ ਕਿਤੇ ਬੜੇ ਗੂੜੇ ਯਾਰ ਨੂੰ ਕਹਿੰਦੇ ਹਨ।

ਕਰਨੈਲ–ਫ਼ੇਰ ਅਗੋਂ।

ਬੂਟਾ–ਅਗੋਂ ਕੀ ਠਾਣੇਦਾਰ ਨੂੰ ਬੁਲਾਕੇ ਆਪੇ ਹੀ ਆਖਣ ਲਗੇ ਚੱਲ ਸ੍ਰਦਾਰਾ ਸਾਨੂੰ ਜਿਥੇ ਖੜਨਾਂ ਈ ਲੈ ਚੱਲ ਤੂੰ ਏਨੀ ਠੰਢ ਤੇ ਹਨੇਰੇ ਵਿੱਚ ਕਿਉਂ ਔਣਾਂ ਸੀ ਅਸੀ ਆਪ ਤੇਰੇ ਵੱਲ ਹੀ ਆ ਰਹੇ ਸਾਂ–''ਬਈ ਕਿਡੀ ਦਲੇਰੀ ਹੈ।''–ਫੇਰ ਏਹ ਸ਼ੇਰ ਪੁਰ ਦੀ ਗੜ੍ਹੀ ਵਿੱਚ ਆਪੇ ਜਾ ਵੜੇ। ਮੈਂ ਭੀ ਓਥੇ ਹੀ ਇਕ ਘਰ ਰਾਤ ਰਹਿਆ। ਮਗਰੋਂ ਪਤਾ ਲਗਾ ਹੈ ਕਿ ਰਾਤੋ ਰਾਤ ਪਟਿਆਲੇ ਦੀ ਫੌਜ ਤੇ ਕਈ ਗੋਰੇ ਓਥੇ ਆਏ ਤੇ ਸੁਣਿਆ ਕਿ ਕੂਕਿਆਂ ਦੇ ਜਥੇ ਨੂੰ ਕੋਟਲੇ ਵੱਲ ਲੈ ਗਏ ਹਨ।

–੧੨–

''ਗੁਣੀ ਗਿਆਨੀ ਬਹਿ ਮਤਾ ਪਕਾਇਆ,
ਫੇਰੇ ਤਤ ਦਿਵਾਏ।''

'ਵੈੱਲ ਟੋਪਚੀ, ਰੈਡੀ!

ਇਕ ਗੋਰੇ ਨੇ ਸਭ ਤੋਂ ਮੂਹਰੇ ਵਾਲੀ ਤੋਪ ਦੇ ਨਿਸ਼ਾਨਚੀ ਨੂੰ ਹੁਕਮ ਦਿਤਾ।

ਤੋਪਚੀ–ਹੱਛਾ ਜਨਾਬ।

ਗੋਰਾ:–ਵੱਨ ਟੂ ਥ੍ਰੀ।

ਧੜਾਹ! ਧੜਾਹ!! ਧੜਾਹ!!!

ਦੂਜੀ ਵਾਰ ਫਿਰ,

ਵੱਨ–ਟੂ–ਥ੍ਰੀ,

ਧੜਾਹ! ਧੜਾਹ!! ਧੜਾਹ!!!

''ਵੈਲ ਜਵਾਨ, ਟੋਪ ਕੈਸੇ ਕਰਟੀ ਹੈ। ਚਲ ਟੀ ਨਹੀਂ।''

ਤੋਪਚੀ-ਜਨਾਬ, ਅਗੇ ਦੇਖੋ ਸਿਖ ਲੋਗ ਦੁਆ ਮਾਂਗ ਰਹੇ ਹੈਂ-ਸ਼ਇਦ ਉਨਕੀ ਦੁਆ ਤੋਪ ਨਾ ਚਲਣ ਦੇਂਦੀ ਹੋਵੇ ਮੇਰੀ ਤੋਪ ਮੇਂ ਤੋ ਕੋਈ ਨੁਕਸ ਨਹੀਂ ਹੈ। ''ਠੀਕ ਹੈ! ਠੀਕ ਹੈ!! ਠੀਕ ਹੈ!!!''

ਮੈਂ ਜਾਟਾ ਹੂੰ। "ਬਿਲਿਆ, ਸਾਡੇ ਵੱਲ ਕੀ ਭੱਜਾ ਔਂਦਾ ਹੈਂ। ਜਾਹ ਜਾ ਕੇ ਤੋਪ ਚਲਵਾ ਅਸੀਂ ਆਪਣੇ ਅਨੰਦ ਕਾਰਜ ਦੀ ਹੁਣ ਅਰਦਾਸ ਕਰ ਲਈ ਹੈ। ਅਗੇ ਤੂੰ ਕਾਹਲੀ ਕਰ ਰਿਹਾ ਸੀ।" ਸ੍ਰ: ਹੀਰਾ ਸਿੰਘ ਨੇ ਉਚੀ ਉਚੀ ਏਹ ਗਲਾਂ ਕਰਦਿਆਂ ਸਾਹਿਬ ਨੂੰ ਪਿਛਾਂਹ ਪਰਤਣ ਦਾ ਇਸ਼ਾਰਾ ਕੀਤਾ।

ਗੋਰਾ (ਕਾਵਨ)–ਤੋਪਚੀ, ਰੈਡੀ।

ਤੋਪਚੀ–ਜਨਾਬ!

ਵਨ! ਟੂ!! ਥ੍ਰੀ!!!

ਠਾਹ! ਠਾਹ !! ਠਾਹ !!!

ਅਕਾਸ਼ ਵਿਚੋਂ ਕੀਰਤਨ ਦੀਆਂ ਧੁਨਾਂ ਸੁਣਾਈ ਦੇ ਰਹੀਆਂ ਹਨ।

ਵੀਵਾਹੁ ਹੋਆ ਮੇਰੇ ਬਾਬੁਲਾ
ਗੁਰਮੁਖੇ ਹਰਿ ਪਾਇਆ।
ਅਗਿਆਨ ਅੰਧੇਰਾ ਕਟਿਆ।
ਗੁਰ ਗਿਆਨ ਪ੍ਰਚੰਡ ਬਲਾਇਆ।
ਬਲਿਆ ਗੁਰਗਿਆਨ ਅੰਧੇਰਾ ਬਿਨਸਿਆ
ਹਰਿ ਰਤਨ ਪਦਾਰਥ ਲਾਧਾ।
ਹਉਮੈ ਰੋਗ ਗਇਆ ਦੂਖ ਲਾਥਾ
ਆਪ ਆਪੈ ਗੁਰਮਤਿ ਖਾਧਾ।
ਅਕਾਲ ਮੂਰਤ ਵਰੁ ਪਾਇਆ ਅਬਿਨਾਸੀ
ਨਾ ਕਦੇ ਮਰੈ ਨ ਜਾਇਆ।
ਵੀਵਾਹੁ ਹੋਆ ਮੇਰੇ ਬਾਬੁਲਾ
ਗੁਰਮੁਖੇ ਹਰਿ ਪਾਇਆ।

ਪੂਰੀ ਆਸਾ ਜੀ ਮਨਸਾ ਮੇਰੇਰਾਮ।

--:-o-:--

ਸ੍ਰ. ਦਲਬੀਰ ਸਿੰਘ ਜੀ 'ਤਰਸ' ਅਸਟ੍ਰੇਲੀਆ

ਬਸੰਤਾਂ

ਅਰਸ਼ਾਂ 'ਚੋਂ ਦੋ ਬੂੰਦਾਂ ਚੋਈਆਂ
ਫੁਲ ਪੱਤੀਆਂ ਨੇ ਗਲਾਂ ਛੋਈਆਂ
ਪੌਣ ਪੁਰੇ ਦੀ ਝੁੰਮਰ ਬੱਧਾ
ਮਹਿਕ ਖਿੰਡਾਂਦੀ ਜਾਵੇ।

ਪੱਤ ਪੱਤ ਵਿਚ ਮੂਰਤ ਤੇਰੀ
ਨੂਰ ਇਲਾਹੀ ਜਿੰਦੜੀ ਮੇਰੀ
ਜਿਉਂ ਝਲਕ ਦੋ ਪਲਕਾਂ ਚੁੰਮੇ
ਠੰਢਾਂ ਪਾਂਦੀ ਜਾਵੇ ਵੇ।

ਇੱਕ ਝਲਕ ਕੁਝ ਕਹਿੰਦੀ ਜਾਵੇ
ਜਿੰਦ ਨੀਰ ਬਣ ਵਹਿੰਦੀ ਜਾਵੇ
ਸਾਂਭ ਰਖੇ ਤੇਰੀ ਯਾਦ ਦੇ ਗਹਿਣੇ
ਉਮਰ ਹਢਾਂਦੀ ਜਾਵੇ ਵੇ!

ਯਾਦ ਤੇਰੀ ਨੂੰ ਅਰਪੀਆਂ ਅੱਖੀਆਂ
ਵੈਣ ਅਲਾਪੇ ਰੁੰਨੀਆਂ ਸੱਖੀਆਂ।
ਨੀਝ ਕਲਮ ਦੀ ਹਿਜ਼ਰ ਦਾ ਵਰਕਾ
ਲੀਕਾਂ ਵਾਹੁੰਦੀ ਜਾਵੇ ਵੇ!

ਹਿਜ਼ਰ ਯਾਦ ਇਹ ਮਿਠੜਾ ਮਿਠੜਾ
ਕੀ ਜਾਣੇ ਜਿਸ ਵਿਛੜ ਨਾ ਡਿਠੜਾ
ਲੋਰ ਲੋਰ ਜਿੰਦ ਝੂਮ ਵਿਹਾਈਏ
ਗੀਤ ਸੁਣਾਂਦੀ ਜਾਵੇ ਵੇ!

ਗੀਤ ਅਸਾਡੇ ਪੌਣਾਂ ਭਰੀਆਂ
ਝਿਮ ਝਿਮ ਝਲਕਣ ਜਲ ਦੀਆਂ ਜਰੀਆਂ
ਬਣ ਬੇਲੇ ਝਲ ਥੱਲਾਂ ਰਤੀਆਂ
ਨੂਰ ਵਸਾਂਦੀ ਜਾਵੇ ਵੇ।

ਬਾਈ ਬਸੰਤਾਂ ਡਾਲ ਤੋਂ ਲੰਘੀਆਂ
ਅੱਜ ਤੇਈਵੀਂ ਖੈਰਾਂ ਮੰਗੀਆਂ
ਜਿੰਦੂਆ ਫੜ ਸਾਹਾਂ ਦਾ ਕਾਸਾ
ਅਲਖ ਜਗਾਂਦੀ ਜਾਵੇ ਵੇ!

ਸ੍ਰ: ਨਿਰੰਜਣ ਸਿੰਘ ਜੀ 'ਤਾਂਘੀ' ਟ੍ਰੇਨਿੰਗ ਔਫੀਸਰ, ਨੀਲੋ ਖੇੜੀ

ਕੂਕਾ ਲਹਿਰ ਤੇ ਇਕ ਝਾਤ

ਹਿੰਦੁਸਤਾਨ ਦੀ ਧਰਤੀ, ਖਾਸ ਕਰਕੇ ਪੰਜਾਬ ਨੂੰ ਇਹ ਫਖਰ ਹੈ ਕਿ ਜਦੋਂ ਭੀ ਇਸਦਾ ਕਿਸੇ ਜਾਲਮ ਹੁਕਮਰਾਨ ਨਾਲ ਵਾਹ ਪਿਆ ਤਾਂ ਕੋਈ ਨ ਕੋਈ ਯੋਧਾ ਅਤੇ ਮਹਾਂ ਪੁਰਸ਼ ਜੁਲਮ ਦੀਆਂ ਜੜਾਂ ਕਟਣ ਲਈ ਮੈਦਾਨ ਵਿਚ ਨਿਤਰ ਪਿਆ ਕੌਣ ਨਹੀਂ ਜਾਣਦਾ ਕਿ ਜਦ ਮੁਸਲਮਾਨ ਬਾਦਸ਼ਾਹ ਔਰੰਗਜੇਬ ਦੇ ਦਿਮਾਗ ਵਿਚ ਸਾਰੇ ਹਿੰਦ ਨੂੰ ਜਬਰ ਦਸਤੀ ਮੁਸਲਮਾਨ ਬਨੌਣ ਦਾ ਖਬਤ ਸਮਾਯਾ ਹੋਇਆ ਸੀ ਤਾਂ ਪੰਜਾਬ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੱਥ ਵਿਚ ਤਲਵਾਰ ਲੈਕੇ ਆਪਣੇ ਮੁਠੀ ਭਰ ਸਾਥੀਆਂ ਨਾਲ ਮੁਕਾਬਲੇ ਲਈ ਡਟ ਗਏ ਅਤੇ ਸਦੀਆਂ ਦੀ ਜੰਮੀ ਹੋਈ ਮੁਗਲ ਹਕੂਮਤ ਦੀਆਂ ਜੜਾਂ, ਝੰਜੋੜ ਦਿਤੀਆਂ। ਕਲਗੀਧਰ ਪਾਤਸ਼ਾਹ ਦਾ ਥਾਪੜਾ ਲੈਕੇ ਬੀਰ ਬੰਦਾ ਬਹਾਦਰ ਨੰਦੇੜ ਵਿਚੋਂ ਉਠਿਆ ਅਤੇ ਜਾਲਮ ਹਕੂਮਤ ਨੂੰ ਲਿਤਾੜਦਾ ਹੋਯਾ ਸਾਰੇ ਪੰਜਾਬ ਤੇ ਛਾ ਗਿਆ। ਦੇਸ਼ ਭਗਤਾਂ ਦੇ ਸਾਹਮਣੇ ਆਪਣੀ ਕੋਈ ਗਰਜ ਨਹੀਂ ਹੁੰਦੀ ਉਹ ਹਮੇਸ਼ਾਂ ਦੇਸ਼ ਵਾਸਤੇ ਹੀ ਪੈਦਾ ਹੁੰਦੇ ਹਨ ਅਤੇ ਦੇਸ਼ ਵਾਸਤੇ ਹੀ ਆਪਣਾ ਆਖਰੀ ਸ੍ਵਾਸ ਤਕ ਕੁਰਬਾਨ ਕਰ ਦੇਂਦੇ ਹਨ।

ਇਸੇਤਰਾਂ ਜਦ ਅੰਗਰੇਜ਼ੀ ਰਾਜ ਸਮੇਂ ਕਈ ਤਰਾਂ ਦੀਆਂ ਕੁਚਾਲਾਂ ਨਾਲ, ਹਿੰਦੂ ਸਿਖਾਂ ਦੇ ਜਜ਼ਬਾਤਾਂ ਨੂੰ ਕੁਚਲਿਆ ਜਾ ਰਿਹਾ ਸੀ। ਤਾਂ ਜਿਲਾ ਲੁਧਿਆਣਾਂ ਦੇ ਇਕ ਛੋਟੇ ਜਹੇ ਪਿੰਡ ਭੈਣੀ ਵਿਖੇ (ਜੋ ਕਿ ਪਿਛੋਂ ਭੈਣੀ ਸਾਹਿਬ ਕਰਕੇ ਪ੍ਰਸਿਧ ਹੋਯਾ) ਭਾਈ ਜੱਸਾ ਸਿੰਘ ਰਾਮਗੜ੍ਹੀਆ ਦੇ ਘਰ ਸੰਮਤ ੧੮੭੨ ਮਹੀਨਾਂ ਮਾਘ ਦੀ ਬਸੰਤ ਪੰਚਮੀ ਦੀ ਰਾਤ ਨੂੰ ਕੂਕਾ ਸੰਪ੍ਰਦਾ ਦੇ ਬਾਨੀ ਸਤਿਗੁਰੂ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ।

ਜਿਉਂ ਜਿਉਂ ਸਤਿਗੁਰੂ ਰਾਮ ਸਿੰਘ ਜੀ ਉਮਰ ਦੇ ਦਹਾਕੇ ਟਪਦੇ ਗ਼ਏ ਆਪਦੀ ਪ੍ਰੇਮਾ ਭਗਤੀ, ਸਚਾਈ ਅਤੇ ਦੇਸ਼ ਪਿਆਰ ਦੀ ਚਰਚਾ ਚੁਫੇਰੇ ਫੈਲਦੀ ਗਈ ਅਤੇ ਬਹੁਤ ਸਾਰੇ ਸਿਖ ਆਪ ਜੀ ਦੇ ਝੰਡੇ ਤਲੇ ਔਂਦੇ ਗਏ। **ਆਪ ਪਹਿਲੇ ਦੇਸ਼ ਭਗਤ ਸਨ ਜਿਨਾਂ, ਨੇ ਅੰਗਰੇਜ਼ੀ ਹਕੂਮਤ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ।** ਅਤੇ ਬਰਤਾਨੀਆਂ ਦੇ ਖਿਲਾਫ ਨਾਮਿਲਵਰਤਣ ਦਾ ਨਾਅਰਾ ਲਾਯਾ। ਮਹਾਤਮਾਂ ਗਾਂਧੀ ਜੀ ਨੇ ਜਿਹੜੀ ਅਜ ਤੋਂ ਤਕਰੀਬਨ ਤੀਹ ਪੈਂਤੀ ਸਾਲ ਪਹਿਲਾਂ ਅੰਗਰੇਜ਼ ਹਕੂਮਤ ਨਾਲ ਨਾ ਮਿਲਵਰਤਣ ਅਤੇ ਸ੍ਵਦੇਸੀ ਪਹਿਰਾਵੇ ਦੀ ਲਹਿਰ ਸ਼ੁਰੂ ਕੀਤੀ ਸੀ। ਓਹ ਸਤਿਗੁਰੂ ਰਾਮ ਸਿੰਘ ਜੀ ਨੇ ਅਜ ਤੋਂ ਤਕਰੀਬਨ ਸੌ ਸਾਲ ਪਹਿਲਾਂ, ਅੰਗਰੇਜ਼ੀ ਤਾਲੀਮ, ਅੰਗਰੇਜ਼ੀ ਅਦਾਲਤਾਂ, ਅੰਗਰੇਜ਼ਾਂ ਦੇ ਮੁਲਕ ਦੇ ਬਣੇ ਹੋਇ ਕਪੜੇ ਅਤੇ ਹੋਰ ਚੀਜਾਂ ਦਾ ਬਾਈਕਾਟ ਕਰਕੇ ਮੁਲਕ ਨੂੰ ਅਗਵਾਈ ਦਿਤੀ ਸੀ, ਇਸ ਬਾਈਕਾਟ ਵਿਚ ਰੇਲ, ਡਾਕ ਅਤੇ ਹਕੂਮਤ ਦੀ ਨੌਕਰੀ ਭੀ ਸ਼ਾਮਲ ਸੀ।

ਇਹ ਬਦੇਸ਼ੀ ਹਕੂਮਤ ਨਾਲ ਨਾ ਮਿਲਵਰਤਣ ਦੀਲਹਿਰ ਬਿਲਕੁਲ ਖਾਮੋਸ਼ ਅਤੇ ਪੁਰਅਮਨਲਹਿਰ ਸੀ। ਨ ਕਿਸੇ ਲੀਡਰ ਦੇ ਜਲੂਸ ਨਿਕਲਦੇ ਸਨ ਨ ਕਿਸੇ ਦੀਆਂ ਤਸਵੀਰਾਂ ਛਪਦੀਆਂਸਨ, ਨ ਕਿਸੇ ਦੇ ਨਾਮ ਦੇ ਜ਼ਿੰਦਾਬਾਦ ਦੇ ਨਾਅਰੇ ਲਗਦੇ ਸਨ। ਇਸ ਲਹਿਰ ਦੇ ਫੈਲਾਣ ਲਈ ਨ ਕੋਈ ਇਸ਼ਤਹਾਰ ਅਤੇ ਨ ਹੀ ਕੋਈ ਅਖਬਾਰਾਂ ਰਾਹੀਂ ਪ੍ਰਾਪੇਗੰਡਾ ਕੀਤਾ ਗਿਆ। ਸਾਰੋਂ ਕੰਨੋਂ ਕੰਨੀ ਹੀ ਇਹ ਮੂਵਮੈਂਟ ਸਾਰੇ ਪੰਜਾਬ ਵਿਚ ਭੜਕ ਪਈ। ਕੂਕੇ ਸਿੰਘਾਂ ਦੇ ਹਰ ਇਕ ਇਲਾਕੇ ਵਿਚ ਆਪਣੇ ਸੂਬੇ ਅਤੇ ਇਨਸਾਫ ਲਈ ਅਦਾਲਤਾਂ ਸਨ। ਅੰਗਰੇਜ਼

ਦੀ ਨੀਂਦ ਹਰਾਮ ਹੋ ਗਈ । ਇਸ ਲਹਿਰ ਨੇ ਜਿਥੇ ਵਤਨ ਦੀ ਅਜਾਦੀ ਰੂਪੀ ਸ਼ਮਾਂ, ਤੋਂ ਆਪਣਾਂ ਆਪ ਕੁਰਬਾਨ ਕਰਨ ਵਾਲੇ ਪਰਵਾਨਿਆਂ ਨੂੰ ਜਨਮ ਦਿਤਾ, ਓਥੇ ਨਾਲ ਹੀ ਇਸ ਲਹਿਰ ਨੂੰ ਖਤਮ ਕਰਕੇ ਅੰਗ੍ਰੇਜ਼ੀ ਹਕੂਮਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਕਈ ਜੈ ਚੰਦ ਭੀ ਪੈਦਾ ਹੋ ਗਏ ।

ਅੰਗਰੇਜ਼ਾਂ ਦੇ ਝੋਲੀ ਚੁਕਾਂ ਨੇ ਆਪਣੇ ਇਨਾਂ ਮਾਲਕਾਂ ਨੂੰ ਖੁਸ਼ ਕਰਨ ਲਈ ਸਤਿਗੁਰੂ ਰਾਮ ਸਿੰਘ ਅਤੇ ਇਨਾਂ ਦੇ ਸਿੰਘਾਂ ਦੇ ਖਿਲਾਫ ਝੂਠੀਆਂ, ਬੇ-ਬੁਨਿਆਦ ਅਤੇ ਬਹੁਤ ਵਧਾ ਚੜ੍ਹਾਕੇ ਗਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ । ਏਥੋਂ ਤੀਕ ਕਿ ਮੁਖਬਰਾਂ ਨੇ ਰੀਪੋਰਟ ਕੀਤੀ ਕਿ ਪਿੰਡ ਭੈਣੀ ਸਾਹਿਬ ਕੂਕਿਆਂ ਦੇ ਗੁਰੂ ਦੀ ਨਿਗਰਾਨੀ ਵਿਚ ਬਹੁਤ ਸਾਰੀਆਂ ਤੋਪਾਂ ਗੋਲਾ, ਬਰੂਦ, ਅਤੇ ਬੰਦੂਕਾਂ ਬਣਾਈਆਂ ਜਾਂਦੀਆਂ ਹਨ । ਅਤੇ ਇਹ ਸਭ ਕੁਝ ਅੰਗਰੇਜ਼ਾਂ ਦੇ ਖ਼ਿਲਾਫ਼ ਜੰਗ ਲੜਣ ਲਈ ਤਿਆਰ ਕੀਤਾ ਜਾ ਰਿਹਾ ਹੈ । ਹਕੂਮਤ ਨੇ ਬਹੁਤ ਸਾਰੇ ਆਪਣੇ ਜਾਸੂਸ ਭੈਣੀ ਸਾਹਿਬ ਭੇਜ ਦਿਤੇ । ਅਤੇ ਮਹਾਰਾਜ ਰਾਮ ਸਿੰਘ ਤੇ ਕੜੀ ਨਿਗਰਾਨੀ ਰਖਣੀ ਸ਼ੁਰੂ ਕਰ ਦਿਤੀ । ਇਕ ਦਿਨ ਪੰਜਾਬ ਦਾ ਅੰਗ੍ਰੇਜ਼ ਗਵਰਨਰ ਅਚਾਨਕ ਭੈਣੀ ਸਾਹਿਬ ਆ ਗਿਆ ਤਾਕਿ ਏਥੇ ਜਾਸੂਸਾਂ ਦੀ ਇਤਲਾਹ ਮੁਤਾਬਕ ਗੋਲਾ ਬਾਰੂਦ ਬਨੌਣ ਦੀਆਂ ਫੈਕਟਰੀਆਂ ਦੇਖ ਸਕੇ । ਪਰ ਜਦ ਉਸਨੂੰ ਥੋੜੇ ਜਹੇ ਕਚੇ ਕੋਠਿਆਂ ਅਤੇ ਕੁਝ ਸਫੈਦ ਕਪੜੇ ਪਹਿਨੀ ਹਥਾਂ ਵਿਚ ਅਠੋਤਰੀਆਂ ਮਾਲਾ ਲਈ ਫਿਰਦੇ ਸੰਤਾਂ ਤੋਂ ਸਿਵਾ ਕੁਝ ਨ ਦਿਸਿਆ ਤਾਂ ਉਹ ਹੈਰਾਨ ਜਿਹਾ ਹੋਕੇ ਏਧਰ ਉਧਰ ਦੇਖਣ ਲਗ ਪਿਆ । ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਗਵਰਨਰ ਨੂੰ ਹੈਰਾਨੀ ਜਹੀ ਦੀ ਹਾਲਤ ਵਿਚ ਵੇਖਕੇ ਪੁਛਿਆ "ਤੁਸੀਂ ਕਿਸ ਚੀਜ਼ ਦੀ ਢੂੰਡ ਕਰ ਰਹੇ ਹੋ ।

ਗਵਰਨਰ ਨੇ ਉਤਰ ਦਿਤਾ "ਸਾਨੂੰ ਦਸਿਆ ਗਿਆ ਹੈ ਕਿ ਤੁਸੀਂ ਏਥੇ ਤੋਪਾਂ ਅਤੇ ਗੋਲਾ ਬਰੂਦ ਤਿਆਰ ਕਰਦੇ ਹੋ, ਅਤੇ ਨਾਲ ਹੀ ਇਹ ਭੀ ਪਤਾ ਲਗਾ ਹੈ ਕਿ ਤੁਸੀਂ ਲੋਗ ਝੂਠ ਨਹੀਂ ਬੋਲਦੇ, ਕੀ ਤੁਸੀਂ ਲੋਕ ਜੰਗੀ ਸਮਾਨ ਤਿਆਰ ਕਰਨ ਦੀਆਂ ਆਪਣੀਆਂ ਫੈਕਟਰੀਆਂ ਸਾਨੂੰ ਵਿਖਾ ਸਕਦੇ ਹੋ ।"

"ਸਾਡੇ ਪਾਸ ਇਹੋ ਜਹੀਆਂ ਤੋਪਾਂ ਹਨ ਜਿਸ ਵਿਚ ਇਕ ਸੌ ਅਠ ਗੋਲੇ ਪੈਂਦੇ ਹਨ ਅਤੇ ਵਾਧਾ ਇਹ ਕਿ ਉਸਦਾ ਕੋਈ ਵਾਰ ਖਾਲੀ ਨਹੀ ਜਾਂਦਾ, ਹਜ਼ੂਰ ਨੇ ਮੁਸਕਰਾਂਦਿਆਂ ਹੋਇਆਂ ਗਵਰਨਰ ਨੂੰ ਉਤਰ ਦਿਤਾ ।

ਅੰਗਰੇਜ਼ ਗਵਰਨਰ ਨੇ ਇਕ ਗੋਲੇ ਵਾਲੀਆਂ ਤੋਪਾਂ ਤਾਂ ਦੇਖੀਆਂ ਸਨ ਪਰ ਇਕ ਸੌ ਅਠ ਗੋਲਿਆਂ ਵਾਲੀ ਤੋਪ ਤਾਂ ਕਦੇ ਸੁਣੀ ਭੀ ਨਹੀਂ ਸੀ, ਇਸ ਲਈ ਹੈਰਾਨੀ ਜਹੀ ਦੀ ਦਸ਼ਾ ਵਿਚ ਉਸਨੇ ਇਸ ਤੋਪ ਨੂੰ ਵੇਖਣ ਦੀ ਇਛਾ ਪ੍ਰਗਟ ਕੀਤੀ । ਸਤਿਗੁਰੂ ਰਾਮ ਸਿੰਘ ਨੇ ਆਪਣੇ ਗਲ ਵਿਚੋਂ ਇਕ ਸੌ ਅਠ ਮਣਕਿਆਂ ਵਾਲੀ ਉਨ ਦੀ ਬਣੀ ਹੋਈ ਸਫੈਦ ਮਾਲਾ ਲਾਹਕੇ ਗਵਰਨਰ ਨੂੰ ਵਿਖਾਕੇ ਕਿਹਾ "ਇਹ ਹੈ ਇਕ ਸੌ ਅਠ ਗੋਲਿਆਂ ਵਾਲੀ ਤੋਪ, ਜਿਸਦਾ ਵਾਰ ਕਦੇ ਖਾਲੀ ਨਹੀਂ ਜਾਂਦਾ । ਇਨਾਂ ਭਗਤੀ ਰੂਪੀ ਗੋਲਿਆਂ ਨਾਲ ਭਗਵਾਨ ਦਾ ਆਸਣ ਭੀ ਹਿਲ ਜਾਂਦਾ ਹੈ । ਗਵਰਨਰ ਇਹ ਸੁਣ ਕੇ ਕਚਾ ਜਿਹਾ ਹੋਕੇ ਵਾਪਿਸ ਤਾਂ ਚਲਾ ਗਿਆ ਪਰ ਬਜਾਇ ਇਸਦੇ ਕਿ ਉਸਨੂੰ ਕੂਕਿਆਂ ਬਾਰੇ ਪਾਏ ਹੋਇ ਭਲੇਖੇ ਦੂਰ ਹੋ ਜਾਂਦੇ, ਸਰਕਾਰ ਨੇ ਇਨਾਂ, ਤੇ ਸਗੋਂ ਹੋਰ ਕਰੜੀਆਂ ਪਾਬੰਦੀਆਂ ਲਾ ਦਿਤੀਆਂ ।

ਬਦੇਸ਼ੀ ਹਕੂਮਤ ਹਿੰਦੂ ਸਿਖਾਂ ਅਤੇ ਮੁਸਲਮਾਨਾਂ ਨੂੰ ਆਪਸ ਵਿਚ ਪਾੜੀ ਰਖਣ ਲਈ ਜਿਥੇ ਹੋਰ ਕਈ ਇਕ ਤਰੀਕੇ ਵਰਤਦੀ ਰਹੀ ਹੈ, ਓਥੇ ਇਕ ਤਰੀਕਾ ਆਪਸ ਵਿਚ ਇਕ ਦੂਜੇ ਦੇ ਖਿਲਾਫ ਭੜਕੌਣ ਲਈ ਦੇਸ਼ ਵਿਚ ਆਮ ਕਰਕੇ, ਅਤੇ ਪੰਜਾਬ ਵਿਚ ਖਾਸ ਕਰਕੇ ਬੁਚੜਖਾਨਿਆਂ ਦੀ ਕਾਇਮੀ ਸੀ । ਜਿਥੇ ਕਿ ਰੋਜ਼ ਸੈਂਕੜੇ ਗਊਆਂ ਕਤਲ ਕੀਤੀਆ ਜਾਂਦੀਆਂ ਸਨ । ਅਜਿਹੇ ਬੁਚੜਖਾਨਿਆਂ ਵਿਚੋਂ ਇਕ ਬੁਚੜਖਾਨਾ ਸ੍ਰੀ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਦੇ ਨਾਲ ਬਣਾਇਆ ਗਿਆ, ਇਕ ਰਾਇਕੋਟ ਦੇ ਗੁਰਦੁਆਰੇ ਨਾਲ ਲਗਦਾ ਸੀ ਅਤੇ ਮਲੇਰ ਕੋਟਲੇ ਵਿੱਚ ਵੀ ਇਕ ਭਾਰੀ ਬੁਚੜਖਾਨਾਂ

ਸੀ, ਜਿਸਦੇ ਬੁਚੜਾਂ ਨੂੰ ਸੁਧਾਰ, ਗਊਆਂ ਦੇ ਰਸੇ ਕਟਕੇ ਨਾਮਧਾਰੀਆਂ ਗਊਆਂ ਦੇ ਗਲੇ ਤੋਂ ਛੁਰੀ ਲਹਾਈ, ਅਤੇ ਆਪ ਹਸਦੇ ਹਸਦੇ ਮੌਤ ਪਰਵਾਨੀ। ਇਸਦਾ ਸੰਖੇਪ ਜ਼ਿਕਰ ਕਰਕੇ ਏਹ ਪ੍ਰਗਟ ਕਰਨਾ ਚਾਂਹਦਾ ਹਾਂ ਕਿ ਨਾਮਧਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਅਜੇਹੀ ਪੁਠ ਚਾੜ੍ਹੀ ਜਿਸ ਨਾਲ ਉਹਨਾਂ ਨੂੰ ਮੌਤ ਤੋਂ ਉਕਾ ਡਰ ਨਾ ਲਗਾ ਸਗੋਂ—

ਜਿਸ ਮਰਨੇ ਤੇ ਜਗ ਡਰੈ
ਮੇਰੇ ਮਨ ਅਨੰਦ।
ਮਰਨੈ ਹੀ ਤੇ ਪਾਈਐ
ਪੂਰਨ ਪਰਮਾ ਨੰਦ।

ਵਾਲੀ ਹਾਲਤ ਨੇ ਉਹਨਾਂ ਨੂੰ ਸਦਾ ਲਈ ਅਮਰ ਕਰ ਦਿਤਾ। ੧੭-੧੮ ਜਨਵਰੀ ਨੂੰ ਜਿਵੇਂ ਉਹ ਮਲੇਰ ਕੋਟਲੇ ਦੇ ਰੱਕੜ ਵਿਚ ਸ਼ਹੀਦ ਹੋਏ, ਏਸ ਨਿਰਭੈਤਾ ਨਾਲ ਮਰਨਾ ਨਾਮਧਾਰੀਆਂ ਦੇ ਹਿਸੇ ਹੀ ਆਇਆ ਹੈ।

ਸਤ ਤਾਰੀਖ ਮਾਘ ਸੰਮਤ ੧੯੨੮ ਬਿਕ੍ਰਮੀ ਦਿਨ ਸ਼ੁਕ੍ਰਵਾਰ ਨੂੰ ਅੰਬਾਲਾ ਡਵੀਜਨ ਦੇ ਕਮਿਸ਼ਨਰ ਮਿਸਟਰ ਡਗਲਸ ਫੋਰਮਾਈਥ ਅਤੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਆਪ ਜੀ ਨੂੰ ਲੁਧੇਹਾਣੇ ਬੁਲਾਯਾ, ਆਪ ਕਾਲੀ ਕੰਮਲੀ ਪਹਿਨਕੇ ਗਡੇ ਤੇ ਸਵਾਰ ਹੋ ਲੁਧੇਹਾਣੇ ਪਹੁੰਚੇ। ਲੁਧੇਹਾਣੇ ਪਹੁੰਚਣ ਦੇ ਫੌਰਨ ਬਾਦ ਆਪ ਜੀ ਨੂੰ ਆਪਣੇ ਇਕ ਦਰਜਨ ਦੇ ਲਗ ਭਗ ਸੇਵਕਾਂ ਸਮੇਤ ਇਕ ਸਪੈਸ਼ਲ ਟ੍ਰੇਨ ਰਾਹੀਂ ਪਰਾਗ ਰਾਜ (ਅਲਾਹਾਬਾਦ) ਦੇ ਕਿਲੇ ਵਿੱਚ ਪੁਚਾਕੇ ਨਜ਼ਰ ਬੰਦ ਕਰ ਦਿਤਾ ਗਿਆ। ਅਤੇ ਏਧਰ ਨਾਲ ਹੀ ਮਿਸਟਰ ਬੇਲੀ ਦੀ ਕਮਾਂਡ ਵਿੱਚ ਮੁਸਲਮਾਨ ਅਤੇ ਗੋਰਖਾ ਫੌਜ ਭੈਣੀ ਸਾਹਿਬ ਨੂੰ ਤੋਪਾਂ ਨਾਲ ਉਡਾਕੇ ਇਸਦਾ ਸਫਾਯਾ ਕਰਨ ਲਈ ਪੁੱਜ ਗਈ। ਪਰ ਜਦ ਬੇਲੀ ਸਾਹਿਬ ਨੇ ਡਿੱਠਾ ਕਿ ਗਿਣਤੀ ਦੇ ਕਚੇ ਕੋਠਿਆਂ ਅਤੇ ਕੁਝ ਕੁ ਗਲ ਵਿੱਚ ਸਫੈਦ ਮਾਲਾ ਪਾਈ ਫਿਰਦੇ ਸਾਧੂਆਂ ਤੋਂ ਸਿਵਾ ਓਥੇ ਹੈ ਈ ਕੁਝ ਨਹੀਂ, ਤਾਂ ਉਸਨੇ ਢਾਹ ਢੇਰੀ ਕਰਨ ਦੀ ਬਜਾਇ ਭੈਣੀ ਸਾਹਿਬ ਨੂੰ ਲੁੱਟ ਲੈਣ ਦਾ ਹੁਕਮ ਦਿਤਾ। ਜਿਸਨੂੰ ਕਿ ਮੁਸਲਮਾਨ ਅਤੇ ਗੋਰਖਾ ਫੌਜ ਨੇ ਖੁਸ਼ੀ ਖੁਸ਼ੀ ਪੂਰਾ ਕੀਤਾ। ਫੌਜ ਦੇ ਵਾਪਿਸ ਮੁੜਨ ਤੇ ਗੁਰਦੁਆਰਾ ਅਤੇ ਸਾਰੇ ਭੈਣੀ ਸਾਹਿਬ ਤੇ ਪੁਲੀਸ ਦਾ ਜਬਰ ਦਸਤ ਪਹਿਰਾ ਲਗਾ ਦਿਤਾ ਗਿਆ। ਜੋ ਕਿ ਪਿਛੋਂ ਤਕਰੀਬਨ ਪੰਜਾਹ ਸਾਲ ਤੋਂ ਭੀ ਵੱਧ ਤੱਕ ਰਿਹਾ।

ਦੂਜੇ ਦਿਨ ਯੂ. ਪੀ. ਦਾ ਗਵਰਨਰ ਕਿਲੇ ਵਿੱਚ ਸਤਿਗੁਰੂ ਜੀ ਨੂੰ ਮਿਲਣ ਆਯਾ, ਅਤੇ ਆਪਦੇ ਸੇਵਕਾਂ ਵਿਚੋਂ ਭਾਈ ਮੰਗਲ ਸਿੰਘ ਨੂੰ ਰਿਹਾ ਕਟਕੇ ਪੰਜਾਬ ਭੇਜ ਦਿਤਾ। ਅਤੇ ਬਾਕੀਆਂ ਵਿਚੋਂ ਕੁਝ ਕੁ ਨੂੰ ਅੰਡੇਮਾਨ, ਕੁਝ ਮੋਰਮਈ, ਅਤੇ ਕੁਝ ਕੁ ਨੂੰ ਚੁਨਾਰ ਦੇ ਕਿਲਿਆਂ ਵਿੱਚ ਬਦਲ ਦਿੱਤਾ। ਅਤੇ ਸਤਿਗੁਰੂ ਰਾਮ ਸਿੰਘ ਬਾਰੇ ਗਵਰਨਰ ਯੂ. ਪੀ. ਨੇ ਪੰਜਾਬ ਸ੍ਰਕਾਰ ਨੂੰ ਲਿਖਿਆ। "ਹੁਣ (ਗੁਰੂ) ਰਾਮ ਸਿੰਘ ਅਤੇ ਇਹਨਾਂ ਦੇ ਸਾਥੀਆਂ ਤੋਂ ਖਤਰਾ ਨਹੀਂ ਹੈ ਕਿਉਂਨ ਇਨ੍ਹਾਂਨੂੰਪੰਜਾਬ ਵਾਪਿਸ ਭੇਜਿਆ ਜਾਵੇ। ਨਾਲੇ ਇਨ੍ਹਾਂ ਦਾ ਕਸੂਰ ਭੀਕੋਈਨਹੀਂ, ਇਸ ਲਈ ਮੇਰੀ ਰਾਇ ਵਿੱਚ ਇਹਨਾਂ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ।" ਪ੍ਰੰਤੂ ਪੰਜਾਬ ਗੌਰਮਿੰਟ ਇਸ ਕੰਮ ਲਈ ਰਾਜੀ ਨ ਹੋਈ।

ਇਸਤੋਂ ਫੌਰਨ ਪਿਛੋਂ ਸਤਿਗੁਰੂ ਜੀ ਨੂੰ ਰੰਗੂਨ (ਬਰ੍ਹਮਾਂ) ਵਿਖੇਭੇਜਕੇ ਉਸ ਤਵਾਰੀਖੀ ਬੰਗਲੇ ਵਿੱਚ ਨਜਰਬੰਦ ਕਰ ਦਿੱਤਾ ਗਿਆਂ ਜਿਥੇ ਹਿੰਦੁਸਤਾਨ ਦੇ ਆਖਰੀ ਬਾਦਸ਼ਾਹ ਬਹਾਦਰਸ਼ਾਹ ਨੂੰ ਆਪਣੀ ਜਿੰਦਗੀ ਦੇ ਆਖਰੀ ਦਿਨ, ਹਾਂ ਬੁਰੇ ਦਿਨ ਕਟਣੇ ਪਏ ਸਨ। ਨਾਮਧਾਰੀ ਲਹਿਰ ਦੇ ਲਿਖਾਰੀ ਸ੍ਰ. ਗੋਪਾਲ ਸਿੰਘ ਨੇ ਇਕ ਵਾਰੀ ਲੰਡਨ ਤੋਂ ਲਿਖਿਆ ਸੀ ਕਿ ਸਤਿਗੁਰੂ ਜੀ ਸੰਮਤ ੧੯੯੩ ਈਸਵੀ ਨੂੰ ਸਵਰਗ ਸਿਧਾਰ ਗਏ ਹਨ, ਪਰ ਪੰਜਾਬ ਗੌਰਮਿੰਟ ਨੇ ਆਪਣੇ ਇਕ ਗਜ਼ਟ ਵਿਚ ਲਿਖਿਆ ਸੀ ਕਿ ਆਪ ੧੯੯੫ ਵਿਚ ਪ੍ਰਲੋਕ ਗਮਨ ਕਰ ਗਏ ਹਨ। ਇਸਤੇ ਸ੍ਰ. ਆਲਮ ਸਿੰਘ ਐਸ. ਡੀ. ਓ. ਮਿੰਟਗੁਮਰੀ ਨੇ ਪੰਜਾਬਗੌਰਮਿੰਟ ਨੂੰ ਚੈਲੰਜ ਕੀਤਾਸੀ ਕਿ ਇਹ ਖਬਰ ਗਲਤ ਹੈ, ਕਿਉਂਕਿ ਉਸਨੇ ਆਪ ਆਪਣੀ ਅੱਖੀਂਮੌਲਮੀਨ (ਬਰਮਾ) ਵਿਚ ਸਤਿਗੁਰੂ ਜੀ ਨੂੰ ਪੁਲਿਸ ਦੇ ਪਹਿਰੇ ਵਿਚ ਸੈਰ ਕਰਦਿਆਂ ਵੇਖਿਆ ਸੀ। ਇਸ੍ਤੋਂ ਪਿਛੋਂ ਸ਼ਰਧਾਲੂਆਂ ਵਲੋਂ

ਹਕੂਮਤ ਨੂੰ ਸੈਂਕੜੇ ਚਿਠੀਆਂ ਲਿਖੀਆਂ ਗਈਆਂ ਕਿ ਗੁਰੂ ਮਹਾਰਾਜ ਬਾਰੇ ਪੂਰੀ ਵਾਕਫੀਅਤ ਦਿਤੀ ਜਾਵੇ ਅਤੇ ਉਹ ਜਗ੍ਹਾ ਦੱਸੀ ਜਾਵੇ ਜਿਥੇ ਸਤਿਗੁਰੂ ਜੀ ਨੇ ਪ੍ਰਲੋਕ ਗਮਨ ਕੀਤਾ, ਪਰ ਹਕੂਮਤ ਵਲੋਂ ਕਦੇ ਕੋਈ ਉਤਰ ਨਹੀਂ ਆਯਾ, ਨਾਮਧਾਰੀ ਪੰਥ ਦਾ ਅਜੇ ਤਕ ਵਿਸ਼ਵਾਸ ਹੈ ਕਿ ਗੁਰੂ ਮਹਾਰਾਜ ਹੁਣ ਤੱਕ ਜੀਉਂਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਜੀ ਦੇ ਸੈਂਕੜੇ ਪੈਰੋਕਾਰ ਨਾਮਧਾਰੀ ਕੌਮ ਅਤੇ ਦੇਸ਼ ਵਾਸਤੇ ਹਸਦੇ ਹਸਦੇ ਕੁਰਬਾਨ ਹੋ ਗਏ ਪਰ ਦੇਸ਼ ਸੇਵਾ ਵਲੋਂ ਮੁਖ ਨ ਮੋੜਿਆ। ਦੇਸ਼ ਦੀ ਜੰਗੇ ਅਜ਼ਾਦੀ ਵਿਚ ਨਗਰ ਭੈਣੀ ਸਾਹਿਬ ਨੇ ਵਿਤੋਂ ਵਧਕੇ ਹਿਸਾ ਪਾਇਆ ਅਤੇ ਬਾਵਜੂਦ ਬਦੇਸ਼ੀ ਗੌਰਮਿੰਟ ਵਲੋਂ ਕੀਤੀਆਂ ਗਈਆਂ ਅਕਹਿ ਅਤੇ ਅਸਹਿ ਸਖਤੀਆਂ ਦੇ ਇਨ੍ਹਾਂ ਸੂਰਬੀਰ ਬਹਾਦਰਾਂ ਨੇ ਦਿਲ ਨ ਛਡਿਆ। ਇਹ ਹੈ ਕੂਕਾ ਲਹਿਰ ਤੇ ਇਕ ਸਰਸਰੀ ਜੇਹੀ ਝਾਤ। ਅੱਜ ਕਲ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ, ਮਹਾਰਾਜ ਰਾਮ ਸਿੰਘ ਦੀ ਦੀ ਜਗ੍ਹਾ ਬਰਾਜਮਾਨਹਨ। ਸ਼ਰਧਾਲੂ ਸੰਗਤ ਨੂੰ ਪ੍ਰੇਮਾ ਭਗਤੀ ਦਾ ਉਪਦੇਸ਼ ਦੇਕੇ ਨਿਹਾਲ ਕਰਦੇ ਹਨ।

--o--

ਸੂ. ਉਜਾਗਰ ਸਿੰਘ ਜੀ ''ਬੀਰ'' ਭਿਖੀ ਵਿੰਡ

ਆ ਗਈ ਰੁਤ ਬਹਾਰ

ਅੱਜ ਖਿਜ਼ਾਂ ਦਾ ਸਮਾਂ ਮੁਕਿਆ, ਹੁਣ ਆ ਗਈ ਰੁਤ ਬਹਾਰ।
ਵਿੰਗਰ ਹੋਇਆਂ ਬੂਟਿਆਂ, ਤੇ ਟਹਿਕ ਪਈ ਗੁਲਜ਼ਾਰ।
ਬੁਲਬਲਾਂ ਬਾਗੀਂ ਚਹਿਕੀਆਂ, ਜੋ ਆ ਰਲੀਆਂ ਵਿਚ ਡਾਰ।
ਅੱਜ ਬਾਜਾਂ ਪਾਈਆਂ ਨੀਵੀਆਂ, ਤੇ ਗਿਧੇ ਪਾਏ ਗੁਟਾਰ।
ਅੱਜ ਮਿਹਨਤ ਉਠੀ ਗੱਜਕੇ, ਆਲਸ ਨੂੰ ਲਲਕਾਰ।
ਖੇਤਾਂ ਉਤੇ ਰੰਗਣਾ, ਪਈ ਦਸੇ ਬਾਂਹ ਉਲਾਰ।
ਔਹ ਸਰਹੋਂ ਸੋਨਾ ਵੰਡਦੀ, ਤਰੇਲ ਚਾਂਦੀ ਗਈ ਖਲਾਰ।
ਅੱਜ ਕੁਦਰਤ ਹਥੀਂ ਭਰ ਰਹੀ, ਮਿਹਨਤ ਦੇ ਭੰਡਾਰ।
ਅੱਜ ਗਿਧੇ ਪਾਵਨ ਨਾਰੀਆਂ, ਧਰਤ ਤੇ ਅੱਡੀ ਮਾਰ।
ਡੌਲੇ ਫਰਕਣ ਨਢਿਆਂ, ਤੁਰਨ ਪਬਾਂ ਦੇ ਭਾਰ।
ਗਈਆਂ ਉਡ ਉਦਾਸੀਆਂ, ਤੇ ਚੇਹਰੀਂ ਨਵੀਂ ਨੁਹਾਰ।
ਚਿਰ ਤੋਂ ਧੌਣਾਂ ਵਢਦੀ, ਮਿਆਨੇ ਪਈ ਕਟਾਰ।
ਹੁਣ ਕਿਸੇ ਦੇ ਗਲੋਂ ਨਹੀਂ ਟੁਟਣਾ, ਫੁਲਾਂ ਗੁੰਦਿਆ ਹਾਰ।
ਮਾਨੁਖਤਾ ਦੀ ਸਫਲਤਾ, ਅੱਜ ਗੂੰਜੀ ਵਿਚ ਸੰਸਾਰ।
ਅੱਜ ਬ੍ਰਹਿਮੰਡ ਵਿਚ ਹੋ ਰਹੀ, ਇਸਦੀ ਜੈ ਜੈ ਕਾਰ।
ਅੱਜ ਫੀਤੇ ਲੈ ਲੈ ਮਿਣ ਰਹੀ, ਸੂਰਜ ਦਾ ਆਕਾਰ।
ਦੂਰੋਂ ਦੂਰੋਂ ਚਲਕੇ, ਆਏ ਕਰਨ ਦੀਦਾਰ।
ਭੈਣੀ ਕਠੇ ਹੋ ਗਏ, ਨਬੀ, ਵਲੀ, ਅਵਤਾਰ।
ਚੀਨੀ ਖੋਰੂ ਪੱਟਦੀ, ਮੇਰਾ ਆਇਆ ਅੱਜ ਅਸਵਾਰ।
'ਬੀਰ' ਦੇ ਸਿਰੋਂ ਵੀ ਲਥ ਗਈ, ਮਸਤੀ ਵਿਚ ਦਸਤਾਰ।

ਨਾਮਧਾਰੀ–

ਇਕ ਦੇਸ਼-ਭਗਤ ਦੀ ਨਜ਼ਰੀਂ

ਸਰ੍ਹੋ-ਤੇਲ ਦੇ ਦੀਵੇ ਦੇ ਨਿੰਮੇ ਤੇ ਪੀਲੇ ਚਾਨਣ ਵਿਚ ਵੀ ਉਹਨਾਂ ਦੇ ਚੇਹਰੇ ਦੀ ਲਾਲੀ ਡਲ੍ਹਕ ਰਹੀ ਸੀ। ਭਰਵਾਂ ਬੇ ਝੁਰੜਿਆ ਚੇਹਰਾ ਚਾਂਦੀ ਤਾਰਾਂ ਜੈਸੇ ਘਣੇ ਦਾਹੜੇ ਨਾਲ ਫਬਦਾ ਫਬਦਾ ਲਗਦਾ ਸੀ। ਮੇਰੇ ਨਾਲ ਦੀ ਮੰਜੀ ਤੇ ਪਿਆਂ ਉਹਨਾਂ ਸਾਡੇ ਮੇਜ਼ਬਾਨ ਨੂੰ ਮੇਰੇ ਬਾਬਤ ਪੁਛਿਆ ''ਏਹ ਸਾਥੀ ਕੌਣ ਹਨ ?'' ਸ੍ਰ. ਸ਼ਿਵ ਸਿੰਘ ਜੀ ਨੇ ਉਹਨਾਂ ਨੂੰ ਦਸਿਆ ਕਿ ਮੈਂ ਨਾਮਧਾਰੀ ਕੇਂਦਰ ਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਆ ਰਿਹਾ ਸਾਂ ਤੇ ਅੱਜ ਕੱਲ 'ਸਤਿਜੁਗ' ਦਾ ਸੰਪਾਦਕ ਸਾਂ। ''ਤੁਸੀ ਸਗੋਂ ਪ੍ਰੀਤਮ ਸਿੰਘ ਕਵੀ ਹੋ।''

''ਹਾਂ ਬਾਬਾ ਜੀ, ਮੈ ਓਹੋ ਹਾਂ !'' ਮੈਂ ਉਤਰ ਦਿਤਾ।

''ਤੁਹਾਨੂੰ ਤਾਂ ਮੈਂ ਚਿਰਕੋਣਾ ਜਾਣਦਾ ਹਾਂ- ਤੁਸੀਂ ਅੰਮ੍ਰਿਤਸਰ ਪਾਰਟੀ ਕਾਂਗਰਸ ਦੇ ਮੌਕੇ ਤੇ ਵੀ ਗਏ ਸਉ, ਏਸ ਘੜੀ ਦੀ ਤੁਹਾਡੀ ਚੁਪ ਨੇ ਤੁਹਾਨੂੰ ਪਛਾਨਣ ਵਿਚ ਮੇਰੀ ਮਦਦ ਨਹੀਂ ਕੀਤੀ' ਬਾਬਾ ਜੀ ਲੇਫ਼ ਦੁਆਲੇ ਵਲੇਟ ਕੇ ਬੈਠ ਗਏ।

''ਕਵੀ ਜੀ, ਮੈਂ ਨਾਮਧਾਰੀਆਂ ਦੀ ਸਚੇ ਦਿਲੋਂ ਕਦਰ ਕਰਦਾ ਹਾਂ ਤੇ ਏਹ ਗਲ ਦਾਵੇ, ਨਾਲ ਕਹੀ ਜਾ ਸਕਦੀ ਹੈ ਕਿ ਸੰਨ ੧੮੫੭ ਦੇ ਗਦਰ ਤੋਂ ਪਿਛੋਂ ਸੰਨ ੧੯੧੪ ਤੱਕ ਦੇ ੫੭ ਵਰਿਆਂ ਵਿਚ ਸਾਡੀ ਕਾਲੀ ਗੁਲਾਮੀ ਦੇ ਦਿਨਾਂ ਵਿਚ ਜੇ ਸਾਡੇ ਪਾਸ ਕੋਈ ਸਹੀ ਔਰ ਸਚੀ ਘਟਨਾਂ ਬ੍ਰਿਟਿਸ਼ ਸਾਮਰਾਜ ਦੇ ਵਿਰੁਧ ਪੇਸ਼ ਕਰਨ ਲਈ ਹੈ ਤਾਂ ਉਹ ਨਾਮਧਾਰੀ ਲਹਿਰ ਹੀ ਹੈ।'' ਬਾਬਾ ਜੀ ਨੇ ਭੜੇ ਭੋਰਸੇ ਨਾਲ ਕਿਹਾ।

ਮੈਂ ਇਸ ਪਿੰਡ ਬਬੇਲੀ (ਫਗਵਾੜਾ ਤਹਸੀਲ) ਵਿਚ ਸਤਿਜੁਗ ਦੇ ਸਬੰਧ ਵਿਚ ਹੀ ਗਿਆ ਸਾਂ। ਏਹ ਪਿੰਡ ਕੋਈ ੬੦-੬੫ ਘਰਾਂ ਦੀ ਅਬਾਦੀ ਵਾਲਾ ਹੈ-ਪਰ ਇਸ ਦੇ ਚੋਆਂ ਕੰਢੇ ਸੰਨ ੧੯੨੧ ਵਿੱਚ ਬਬਰ ਲਹਿਰ ਦੇ ਲੀਡਰ ਅਤੇ ਅੰਤਮ ਬਹਾ-ਦਰ, ਬਾਬਾ ਕਰਮ ਸਿੰਘ ਜੀ ਐਡੀਟਰ, ਬਾਬਾ ਉਦੈ ਸਿੰਘ ਜੀ ਬਾਬਾ ਬਿਸ਼ਨ ਸਿੰਘ ਜੀ ਤੇ ਇਕ ਹੋਰ ਸਿੰਘ ਸਾਹਿਬ ਬ੍ਰਿਟਿਸ਼-ਸੱਤਾ ਦੀਆਂ ਗੋਲੀਆਂ ਨਾਲ ਭੁੰਨੇ ਗਏ ਸਨ ਪਰ ਅੰਗਰੇਜ਼ ਫੌਜਾਂ ਦੀ ਗ੍ਰਿਫਤਾਰੀ ਵਿਚ ਨਹੀਂ ਆਏ ਸਨ। ਦੂਜੀ ਮਹਾ-ਨਤਾ ਇਸਨੂੰ ਸ੍ਰੀ ਗੁਰੂ ਹਰਿ ਰਾਇ ਜੀ ਨੇ ਕੁਝ ਦਿਨ ਏਥੇ ਦਰਸ਼ਨ ਦੇ ਕੇ ਬਖਸ਼ੀ ਹੈ।

ਅੱਜ ਏਸ ਪਿੰਡ ਵਿਚ ਜ਼ਿਲਾ ਕੌਂਸਲ ਦੀ ਮੀਟਿੰਗ ਹੋ ਰਹੀ ਸੀ। ਤੇ ਉਪ੍ਰੋਕਤ ਬਾਬਾ ਜੀ ਵੀ ਓਸੇ ਸਬੰਧ ਵਿਚ ਆਏ ਹੋਏ ਸਨ।

''ਬਾਬਾ ਜੀ, ਨਾਮਧਾਰੀ ਲਹਿਰ ਨੂੰ ਤੁਸੀਂ ਵਧੇਰੇ ਧਾਰਮਿਕ ਗਿਣਦੇ ਹੋ ਜਾਂ ਐਂਟੀ-ਬ੍ਰਿਟਿਸ਼ (ਅੰਗਰੇਜ਼ ਵਿਰੋਧੀ) । ਮੈਂ ਉਹਨਾਂ ਦਾ ਨੁਕਤਾ ਨਿਗਾਹ ਜਾਣਨ ਦਾ ਲਾਲਚ ਕੀਤਾ।

''ਅਸਲ ਗੱਲ ਏਹ ਹੈ, ਪ੍ਰੀਤਮ ਸਿੰਘ ਜੀ, ਕਿ ਉਹਨਾਂ ਦਿਨਾਂ ਵਿਚ ਦੇਸ਼-ਭਗਤੀ, ਧਰਮ-ਭਗਤੀ ਤੇ ਰਾਜ-ਭਗਤੀ ਆਦਿ ਜਜ਼ਬੇ ਏਡੇ ਉਘ-ੜਵੇਂ ਰੂਪ ਵਿੱਚ ਸਾਹਮਣੇ ਨਹੀਂ ਆਏ ਸਨ। ਧਰਮ ਅਤੇ ਨੀਤੀ ਦੋਹਾਂ ਦਾ ਮੇਲ ਹੀ ਸੀ । ਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਦੀ ਗੁਲਾਮੀ ਦੇ ਖਿਲਾਫ਼ ਪੰਜਾਬੀ ਲੋਕਾਂ ਨੂੰ ਜਥੇਬੰਦ ਕੀਤਾ ਏਸ ਵਿਚ ਕੋਈ ਸ਼ੱਕ ਦੀ ਗੁੰਜ਼ਾਇਸ਼ ਨਹੀਂ ਕਿ ਉਸ ਵੇਲੇ ਦੇ ਸਿੱਖੀ ਦੇ ਰਖਿਅਕ ਵੀ ਏਹੋਹੀ ਸਨ-ਨਹੀਂ ਤਾਂ ਰਸਾਤਲ ਨੂੰ ਜਾਂਦੀ ਸਿੱਖੀ ਦਾ ਵਾਲੀ ਵਾਰਸ ਵਾਹਿਗੁਰੂ ਹੀ ਹੋਣਾ ਸੀ। ਪਰ ਜਿਵੇਂ ਕਿ ਤੁਸੀਂ ਜਾਣਦੇ ਹੋ ਅਸੀਂ ਹਮੇਸ਼ਾਂ ਦੇਸ਼-ਭਗਤੀ ਨੂੰ ਪਹਿਲ ਦਿਤੀ ਹੈ।'' ਬਾਬਾ ਜੀ ਨੇ ਇਕ ਸਾਹੇ ਹੀ ਕਹਿ ਦਿਤਾ।

''ਪਰ ਬਾਬਾ ਜੀ, ਜਦੋਂ ਤੁਸੀਂ ਕੈਨੇਡਾ ਨੂੰ ਗਏ, ਤਾਂ ਸਿਖ ਹੋਣ ਦੀ ਹੈਸੀਅਤ ਵਿਚ ਹੀ ਗਏ

ਸੀ ਨਾ ?" ਮੈਨੂੰ ਪਤਾ ਸੀ ਕਿ ਬਾਬਾ ਜੀ ਸੰਨ ੧੪ ਦੇ ਗਦਾਰੀ ਬਾਬਿਆਂ ਚੋਂ ਸਨ ਤੇ ਆਪ ਕੈਨੇਡਾ ਚੋਂ ਦੇਸ਼ ਵਿਚ ਆਉਂਦਿਆਂ ਗ੍ਰਿਫਤਾਰ ਕਰ ਲਏ ਗਏ ਸਨ।

"ਅਸੀਂ ਜਦੋਂ ੧੯੦੯ ਵਿੱਚ ਦੇਸ਼ ਛਡਕੇ ਪਰਦੇਸ ਗਏ ਓਦੋਂ ਦੇਸ਼ ਵਿਚ ਬੇ-ਰੁਜ਼ਗਾਰੀ ਤੇ ਮੰਦੇ ਦਾ ਏਹ ਹਾਲ ਸੀ ਕਿ ਦੇਸ਼ ਵਿਚ ਜੀਉਂਦੇ ਰਹਿਣ ਦੀ ਕੋਈ ਆਸ ਨਹੀਂ ਸੀ ਜਾਪਦੀ। ਪੰਜਾਬ ਦੇ ਬਹੁਤ ਸਾਰੇ ਜ਼ਿਲਿਆਂ ਚੋਂ ਖਾਸ ਕਰ ਜਾਲੰਧਰ ਹੁਸ਼ਿਆਰਪੁਰ ਅੰਮ੍ਰਿਤਸਰ ਦੇ ਕਿਸਾਨ ਆਪਣੀਆਂ ਜ਼ਮੀਨਾਂ ਵੇਚਕੇ ਬਾਹਰ ਨਿਕਲ ਗਏ ਸਨ। ਅਤੇ ਬਾਹਰ ਨਿਕਲ ਕੇ, ਦੂਜੇ ਦੇਸ਼ਾਂ ਵਿਚ ਜਦੋਂ ਸਾਨੂੰ ਆਪਣੀ ਬਾਬਤ ਕਈ ਉਲਝਣਾਂ ਸਾਹਵੇਂ ਆਈਆਂ ਤਾਂ ਪਤਾ ਲਗਾ ਕਿ ਆਜ਼ਾਦ ਤੇ ਗੁਲਾਮ ਦੇਸ਼ਾਂ ਦਾ ਕੀ ਫਰਕ ਹੁੰਦਾ ਹੈ। ਅਸੀਂ ਅਮਰੀਕਾ, ਜੋ ਅਜ ਸੰਸਾਰ ਆਜ਼ਾਦੀ ਦਾ ਵਡਾ ਆਲਮ ਬਰਦਾਰ ਬਣਦਾ ਹੈ, ਵਿੱਚ ਕੁਤਿਆਂ ਦੇ ਤੁਲ ਹੀ ਗਿਣੇ ਜਾਂਦੇ ਸਾਂ। ਹੋਟਲਾਂ ਤੇ ਲਿਖਿਆ ਮਿਲਦਾ ਸੀ "ਹਿੰਦੁਸਤਾਨੀ ਤੇ ਕੁਤੇ ਅੰਦਰ ਦਾਖਲ ਨਹੀਂ ਹੋ ਸਕਦੇ।" ਆਪਣੇ ਨਾਲ ਹੁੰਦੇ ਗੈਰ ਇਨਸਾਨੀ ਸਲੂਕ ਵੇਖਕੇ ਪਰਦੇਸੀਂ ਗਏ ਪੰਜਾਬੀ ਆਪਣੇ ਦੇਸ਼ ਦੀ ਅਜ਼ਾਦੀ ਲਈ ਤੜਪ ਉਠੇ।" ਬਾਬਾ ਜੀ ਇਕ ਮਿੰਟ ਲਈ ਰੁਕੇ ਮੈਂ ਅਰਜ਼ ਕੀਤੀ "ਏਸ ਲੰਮੀ ਚੌੜੀ ਗਲ ਦਾ ਸਬੰਧ ਨਾਮਧਾਰੀ ਲਹਿਰ ਨਾਲ ਕਿਥੋਂ ਜੋੜਨਾਂ ਜੇ!"

ਬਾਬਾ ਜੀ ਹੱਸ ਪਏ "ਤੁਸੀਂ ਕਾਕਾ ਜੀ, ਜਿਸ ਮਿਸ਼ਨ ਨਾਲ ਵਾਸਤਾ ਰਖਦੇ ਹੋ ਤੁਹਾਨੂੰ ਉਸ ਲਈ ਖਾਸੀ ਦਿਲਚਸਪੀ ਜਾਪਦੀ ਹੈ-ਪਰ ਮੈਂ ਦਸਦਾ ਹਾਂ। ਉਪਰਲੀ ਗੱਲ ਕਰਨ ਦਾ ਮਤਲਬ ਏਹ ਸੀ ਕਿ ਅਸੀਂ ਪਰਦੇਸਾਂ ਵਿਚ ਜਾਕੇ ਇਮਤਿਆਜੀ ਸਲੂਕ ਵੇਖਕੇ ਹੀ ਆਜ਼ਾਦੀ ਦੀ ਲੜਾਈ ਵਿਚ ਪੈਣ ਦਾ ਮਨ ਬਣਾ ਸਕੇ—ਪਰ ਏਥੇ ਪੰਜਾਬ ਵਿਚ ਅਜ ਤੋਂ ੧੦੧ ਸਾਲ ਪਹਿਲਾਂ ਹੀ ਜਿੰਨਾਂ ਨੇ ਗੁਲਾਮੀ ਦੇ ਦੁਖ ਨੂੰ ਡਾਢੀ ਗਹਿਰੀ ਤਰਾਂ ਮਹਿ-ਸੂਸਿਆ ਉਹ ਗੁਰੂ ਰਾਮ ਸਿੰਘ ਸਨ। ਤੇ ਜਦੋਂ ਅਸੀਂ ਉਹਨਾਂ ਦੀ ਉਸ ਸ਼ਕਤੀ ਦਾ ਅੰਦਾਜ਼ਾ ਕਰਦੇ ਹਾਂ, ਜਿਸ ਨਾਲ ਉਹਨਾਂ ਨੇ ਘੋਰ ਗੁਲਾਮੀ ਵਿਚ ਅੰਗਰੇਜ਼ੀ-ਜਕੜ ਨੂੰ ਚੈਲੰਜ ਕੀਤਾ ਤਾਂ ਸਾਡਾ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਅਤੇ ਉਹ ਚੀਜ਼ ਧਰਮ ਸੀ ਜਾਂ ਉਹਨਾਂ ਦਾ ਨੀਤਕ ਪਰਚਾਰ ਜਿਸ ਤੋਂ ਪ੍ਰਭਾਵਤ ਹੋਕੇ ਨਾਮਧਾਰੀਆਂ ਸ਼ਹਾਦਤਾਂ ਵਰਨ ਦਾ ਇਰਾਦਤਨ ਫੈਸਲਾ ਕੀਤਾ-ਅਸੀਂ ਉਸਤੋਂ ਅਗੇ ਵੀ ਸਦਕੜੇ ਜਾਂਦੇ ਸਾਂ ਤੇ ਹੁਣ ਵੀ।"

ਮੈਂ ਉਹਨਾਂ ਦੀ ਚਲਦੀ ਗੱਲ ਨੂੰ ਕਟ ਦਿਤਾ ਤੇ ਇਕ ਹੋਰ ਸਵਾਲ ਕਰ ਦਿਤਾ, ਜੋ ਅਜੇ ਬੇਲੋੜਾ ਵੀ ਸੀ—ਪਰ ਉਹ ਜ਼ੋਰ ਦੀ ਠਹਾਕਾ ਮਾਰਕੇ ਹਸ ਪਏ ਅਤੇ ਬੋਲੇ "ਮੇਰੀ ਉਮਰ ਇਸ ਵੇਲੇ ੮੦ ਸਾਲ ਦੀ ਹੈ ਤੇ ਮੈਂ ਉਹਨਾਂ ਸਤਰਿਆਂ ਬਹਤਰਿਆਂ ਵਿਚੋਂ ਨਹੀਂ ਜਿਹੜੇ ਘਰੋਗੀ ਧੰਦਿਆਂ ਚੋਂ ਨਿਕਲ ਦੇ ਨਹੀਂ ਤੇ ਵਡੇਰੀ ਉਮਰ ਵਿਚ ਸ਼ਰੀਕੇ ਅਤੇ ਘਰ ਦਿਆਂ ਦੀਆਂ ਬੋਲੀਆਂ ਦਾ ਸ਼ਿਕਾਰ ਹੁੰਦੇ ਹਨ ਮੇਰੀ ਉਮਰ ਦਾ ਵਡੇਰਾ ਭਾਗ ਅੰਗਰੇਜ਼ ਸਾਮ-ਰਾਜ ਦੀਆਂ ਜੇਲਾਂ ਵਿਚ ਬੀਤਿਆ ਹੈ ਤੇ ਹੁਣ ਸਾਡੀ ਆਪਣੀ ਗੌਰਮਿੰਟ ਵੀ ਅਜੇ ਮੇਰੇ ਲਈ ਜੇਲ ਜਾਣਾ ਕਈ ਵੇਰ ਜਰੂਰੀ ਸਮਝਦੀ ਹੈ। ਮੇਰੀ ਹੋਸ਼ ਹਵਾਸ ਤੇ ਉਦਮ ਦੀ ਹਾਲਤ ਏਹ ਹੈ ਕਿ ਜਲੰਧਰ ਜ਼ਿਲੇ ਦੀ ਪਾਰਟੀ ਕੌਂਸਲ ਦਾ ਮੈਂਬਰ ਹਾਂ।"

ਸਰਦਾਰ ਸ਼ਿਵ ਸਿੰਘ ਜੀ ਅਪਣੇ ਘਰੋਗੀ ਧੰਦਿਆਂ ਵਿਚ ਫਿਰ ਰਹੇ ਸਨ। ਹੁਣ ਉਹ ਵੀ ਆ ਗਏ ਤੇ ਸਮੁਚੇ ਤੌਰ ਤੇ ਨਾਮਧਾਰੀ ਜੀਵਨ ਦੀਆਂ ਹੋਰ,ਗਲਾਂ ਚਲ ਪਈਆਂ।

ਪਰ ਬਾਬਾ ਜੀ ਦੀ ਗਲ-ਕਥ ਮੇਰੇ ਲਈ ਬੜੀ ਕੀਮਤੀ ਸੀ। ਬਾਬਾ ਜੀ ਦਸਿਆ ਕਿ ਜਦੋਂ ਉਹ ਸੰਨ ਚੌਦਾਂ ਦੇ ਗ਼ਦਰ ਦੀਆਂ ਤਿਆਰੀਆਂ ਲਈ ਤੋਸ਼ਾ ਮਾਰੂ ਜਹਾਜ਼ ਰਾਹੀਂ ਭਾਰਤ ਆ ਰਹੇ ਸਨ ਤਾਂ ਰਾਹ ਵਿਚ ਮਾਂਡਲੇ ਦੀ ਬੰਦਰਗਾਹ ਤੇ ਕੁਝ ਵਕਤ ਅਟਕਣ ਦਾ ਸਮਾਂ ਮਿਲਿਆ।

"ਮੈਨੂੰ ਤਾਂ ਕੁਝ ਹੋਰ ਜ਼ਿਮੇਵਾਰੀਆਂ ਸਨ, ਮੈਂ ਤਾਂ ਨਹੀਂ-ਪਰ ਸਾਡੇ ਗਦਾਰੀ ਗਰੁਪ ਦੇ ਇਕਉਘੇ ਸਾਥੀ ਬਾਬਾ ਜਵਾਲਾ ਸਿੰਘ ਜੀ ਤਿੰਨ ਚਾਰ ਹੋਰ

ਸੱਜਣਾਂ ਨਾਲ ਮਾਂਡਲੇ ਸ਼ਹਿਰ ਵਿਚ ਗਏ ਅਤੇ ਜੇਲ ਦਾ ਪਤਾ ਵੀ ਉਹਨਾਂ ਕੀਤਾ।'' ਬਾਬਾ ਜੀ ਨੇ ਮਥੇ ਨੂੰ ਅਪਣੇ ਹਥ ਦੀਆਂ ਖਿਲਰਵੀਆਂਉਂਗਲਾਂ ਨਾਲ ਘੁਟਿਆ ਤੇ ਯਾਦਦਾਸ਼ਤ ਤੇ ਜ਼ੋਰ ਪਾਂਦਿਆਂ ਦਸਿਆ ,,ਨਹੀ ਮੈਨੂੰ ਬਾਕੀਆਂ ਦੇ ਨਾਂ ਇਸ ਵੇਲੇ ਯਾਦ ਨਹੀਂ ਆ ਰਹੇ ਪਰ ਜਵਾਲਾ ਸਿੰਘ ਜੀ ਨੇ ਆਕੇ ਦਸਿਆ ਕਿ ਮਾਂਡਲੇ ਵਿਚ ਨਾਮਧਾਰੀ ਲਹਿਰ ਦੇ ਦੇ ਕੁਝ ਬਹਾਦਰ ਕੈਦ ਕੀਤੇ ਗਏ ਸਨ ਉਹਨਾਂ ਚੋਂ ਬਾਬਾ ਲਖਾ ਸਿੰਘ ਜੀ ਇਕ ਸਨ, ਉਹਨਾਂ ਦੀਆਂ ਧੀਆਂ ਹੀ ਸਾਨੂੰ ਮਿਲ ਸਕੀਆਂ ਹਨ ਅਤੇ ਉਹਨਾਂ ਏਸ ਗਲ ਦਾ ਪੁਖਤਾ ਯਕੀਨ ਦੁਆਇਆ ਹੈ ਕਿ ਨਾਮਧਾਰੀ-ਪੰਥ ਸਾਡੇ ਗਦਰੀ-ਪਰੋਗ੍ਰਾਮ ਵਿਚ ਜਰੂਰ ਸਹਾਇਕ ਹੋਵੇਗਾ।''

ਮੈਂ ਫਿਰ ਸਵਾਲ ਕੀਤਾ—ਕੀ ਬਾਬਾ ਲੱਖਾ ਸਿੰਘ ਜੀ ਮਾਂਡਲੇ ਜਾਕੇ ਪਰਵਾਰ ਸਮੇਤ ਰਹੇ ਜਾਂ ਓਥੋਂ ਹੀ ਉਹਨਾਂ ਕੋਈ ਹੋਰ ਟੱਬਰ ਕੀਤਾ ?''

ਨਹੀਂ ਭਾਈ ਮੈਨੂੰ ਏਹ ਨਹੀਂ ਪਤਾ-ਮੈਨੂੰ ਤਾਂ ਜੋ ਕੁਝ ਜਵਾਲਾ ਸਿੰਘ ਹੁਰਾਂ ਕਿਹਾ ਓਹੋ ਯਾਦ ਹੈ- ਅਸੀਂ ਉਸ ਘੜੀ ਪੂਰੀ ਤਿਆਰੀ ਨਾਲ ਭਾਰਤ ਆ ਰਹੇ ਸਾਂ ਤੇ ਏਹ ਅਸਾਂ ਬਹੁਤ ਚੰਗਾ ਸ਼ਗਨ ਸਮਝਿਆ ਕਿ ਰਾਹ ਚੋਂ ਹੀ ਸਾਨੂੰ ਇਕ ਬਹੁ-ਗਿਣਤੀ ਦਾ ਬਝਵਾਂ ਸਾਥ ਮਿਲਣ ਦਾ ਇਕਰਾਰ ਮਿਲਿਆ ਹੈ।'' ਬਾਬਾ ਜੀ ਨੇ ਗਲ ਜਾਰੀ ਰੱਖੀ ਸ਼ਿਵ ਸਿੰਘ ਜੀ ਤੇ ਮੈਂ ਜਿਵੇਂ ਡੀਕ ਲਾਕੇ ਇਸ ਸਾਰੀ ਵਾਰਤਾ-ਲਾਪ ਨੂੰ ਪੀ ਰਹੇ ਸਾਂ।—

''ਭਾਰਤ ਵਿਚ ਜਿਵੇਂ ਅਸੀਂ ਉਤਰੇ ਤੇ ਜੋ ਕੁਝ ਸਾਡੇ ਨਾਲ ਹੋਈ ਬੀਤੀ ਏਹ ਇਕ ਲੰਮੀ ਚੌੜੀ ਇਤਹਾਸਕ-ਕਹਾਣੀ ਹੈ— ਮੈਂ ੮੦ ਸਾਲ ਦੀ ਉਮਰ ਵਿਚ ਬਹੁਤ ਕੁਝ ਡਿਠਾ ਸੁਣਿਆ ਹੈ— ਪਰ ਜੋ ਗੱਲ ਹੁਣ ਤੱਕ ਵੀ ਬੇ-ਬਦਲ ਡਿੱਠੀ ਹੈ, ਉਹ ਹੈ ਨਾਮਧਾਰੀਆਂ ਦੀ ਅੰਗ੍ਰੇਜ਼ ਖਿਲਾਫ਼ ਨਫ਼ਰਤ। ਦੇਸ਼ ਭਗਤਾ ਅਤੇ ਦੇਸ਼ ਵੱਲ ਸੁਚੀ ਵਫ਼ਾ-ਦਾਰੀ। ਅਸੀਂ ਗਦਰ ਦੇ ਪਰੋਗਰਾਮ ਤਿਆਰ ਕਰਦਿਆਂ, ਉਸਨੂੰ ਅਮਲ ਵਿੱਚ ਲਿਆਣ ਦੇ ਪ੍ਰਬੰਧ ਕਰਦਿਆਂ ਤੇ ਉਸਤੋਂ ਪਿਛੋਂ ਜਦੋਂ ਸਾਡੇ ਤੇ ਸਖ਼-ਤੀਆਂ ਦਾ ਦੌਰ ਚਲਿਆ— ਜਦ ਕਦੇ ਵੀ ਕਿਸੇ ਨਾਮਧਾਰੀ ਪਾਸ ਗਏ ਹਾਂ— ਸਾਨੂੰ ਖੁਲ੍ਹੇ ਦਿਲ ਜੀ ਆਇਆਂ ਕਿਹਾ ਗਿਆ ਹੈ ਅਤੇ ਅਸੀਂ ਇਕ ਸਕਿੰਟ ਲਈ ਵੀ ਨਾਮਧਾਰੀ ਘਰਾਂ ਵਿੱਚ ਚੁਗਲੀ ਦੀ ਚਿੰਤਾ ਵਿਚ ਨਹੀਂ ਪਏ। ਨਾਮਧਾਰੀ ਕੇਂਦਰ ਭੈਣੀ ਸਾਹਿਬ ਵਿੱਚ ਵੀ ਸਾਡੇ ਸਾਥੀਆਂ ਨੂੰ ਕਈ ਵਾਰ ਜਾਣ ਦਾ ਇਤਫ਼ਾਕ ਹੋਇਆ ਤੇ ਸਾਡੀ ਹਰ ਸਮੇਂ ਰਖਵਾਲੀ ਤੇ ਸਹਾਇਤਾ ਹੁੰਦੀ ਰਹੀ।''

ਬਾਬਾ ਜੀ ਰੁਕ ਗਏ। ਮੈਂ ਪੁਛਿਆ— ''ਕੀ ਏਹ ਸੇਵਾ-ਸਹਾਇਤਾ ਤੁਹਾਨੂੰ ਬਾਬਾ ਲੱਖਾ ਸਿੰਘ ਜੀ ਦੇ ਘਰ ਵਲੋਂ ਆਏ ਕਿਸੇ ਸੁਨੇਹੇ ਕਰਕੇ ਹੀ ਸੀ ਜਾਂ ਸੁਭਾਵਕ ?''

''ਏਹ ਮੈਂ ਕੁਝ ਨਹੀਂ ਕਹਿ ਸਕਦਾ— ਨਾ ਕਦੇ ਸਾਡੇ ਨਾਲ ਅਜੇਹੇ ਕਿਸੇ ਸੁਨੇਹੇ ਬਾਬਤ ਜ਼ਿਕਰ ਹੀ ਕਿਸੇ ਕੀਤਾ— ਸਾਨੂੰ ਤਾਂ ਨਾਮਧਾਰੀ ਦਾ ਘਰ ਬਰਤਾਨਵੀ ਰਾਜ ਵਿਚ ਆਜ਼ਾਦ ਕਿਲਾ ਹੀ ਜਾਪਦਾ ਰਿਹਾ ਹੈ। ਅੱਜ ਜਦੋਂ ਅਸੀਂ ਕਾਂਗਰਸੀ ਸਰਕਾਰਾਂ ਦੇ ਲੋਕ-ਵਿਰੋਧੀ ਰੁਖ਼ ਦੇ ਖਿਲਾਫ਼ ਲੜਦੇ ਹਾਂ ਤਾਂ ਵੀ ਸਾਨੂੰ ਏਹ ਯਕੀਨ ਹੁੰਦਾ ਹੈ ਕਿ ਨਾਮ-ਧਾਰੀ ਜੋ ਕੁਝ ਮੂੰਹੋਂ ਕਹੇਗਾ ਕਰ ਵਿਖਾਏਗਾ।''

ਮੈਨੂੰ ਲਗਾ ਜਿਵੇਂ ਗਲ—ਬਾਤ ਸਿਰੇ ਉਤੇ ਆ ਗਈ ਹੁੰਦੀ ਹੈ—ਮੈਂ ਜਾਣਦਾ ਸਾਂ ਕਿ ਬਾਬਾ ਭਾਗ ਸਿੰਘ ਜੀ ਕੈਨੇਡੀਅਨ ਏਹੋ ਸਨ—ਪਰ ਕੈਨੇਡੀਅਨ ਆਖਿਆਂ ਆਪ ਦੇ ਪਿੰਡ ਦਾ ਕਿਵੇਂ ਪਤਾ ਲੱਗੇ ਬਾਬਾ ਜੀ ਨੂੰ ਹੀ ਪੁਛਿਆ—ਉਹਨਾਂ ਜ਼ਿਲਾ ਜਲੰ-ਧਰ ਵਿੱਚ ਅਪਣਾ ਪਿੰਡ ਉਪਲ ਦਸਿਆ।

ਰਾਤ ਕਾਫੀ ਹੋ ਚੁਕੀ ਸੀ। ਮੈਂ ਲੰਮੇ ਸਫਰ ਕਰਕੇ ਥਕਾ ਹੋਇਆ ਸਾਂ। ਬਾਬਾ ਜੀ ਨੇ ਮੇਰੇ ਅਨੁਮਾਨਾਂ ਤੋਂ ਜਾਣ ਕੇ ਆਪ ਹੀ ਕਹਿ ਦਿਤਾ—''ਦੀਵੇ ਦਾ ਤੇਲ ਮੁਕਦਾ ਜਾਪਦਾ ਹੈ, ਮੈਨੂੰ ਤਾਂ ਅਜੇ ਨੀਂਦ ਨਹੀਂ ਆਉਣੀ—ਝਟ ਪਲ ਤਕ ਮੈਂ ਸ਼ਿਵ ਸਿੰਘ ਨਾਲ ਦਿਲ ਪਰਚਾ ਲਵਾਂਗਾ—ਪਰ ਤੁਸੀਂ ਸੌਂ ਜਾਓ, ਉਂਘਲਾਹਟ ਵਿੱਚ ਨਾ ਸੁਣਿਆ ਹੀ ਜਾਂਦਾ ਹੈ ਤੇ ਨਾ ਸਮਝਿਆ। ਪਰ ਹਾਂ, ਇਕ ਗੱਲ ਯਾਦ ਰਖਣੀ, ਕਿਰਤੀ ਰਸਾਲਾ ਜੋ ਮੇਰੇ ਪ੍ਰਬੰਧ ਹੇਠ ਛਪਦਾ ਸੀ, ਤੇ ਜਿਸ ਦੇਅਨੇਕਾਂਐਡੀ-ਟਰ ਬਰਤਾਨਵੀ ਸਰਕਾਰ ਗ੍ਰਿਫਤਾਰ ਕਰ ਜੇਲ

ਧੱਕ ਛਡਦੀ ਰਹੀ–ਉਸਦੇ ਕਿਸੇ ਅੰਕ ਵਿੱਚ ਬਾਬਾ ਰਾਮ ਸਿੰਘ ਜੀ ਦਾ ਜੀਵਨ ਅਤੇ ਨਾਮਧਾਰੀ ਲਹਿਰ ਦਾ ਜ਼ਿਕਰ ਹੈ–ਉਸ ਨੂੰ ਜ਼ਰੂਰ–ਲਭਕੇ ਭਾਵੇਂ ਸਾਡੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦਫਤਰੋਂ ਹੀ ਪਤਾ ਕਰ ਲੈਣਾ ਆਪਣੇ ਅਖਬਾਰ ਵਿੱਚ ਪ੍ਰਕਾਸ਼ਤ ਕਰਨਾ–ਉਹ ਲੇਖ ਉਸ ਯੋਧੇ ਦਾ ਹੈ, ਜਿਸ ਤੇ ਪੰਜਾਬ ਨੂੰ ਖਾਸ ਕਰ ਤੇ ਭਾਰਤ ਨੂੰ ਆਮ ਕਰਕੇ ਮਾਣ ਹੈ–ਹਾਂ ਉਸ ਬਹਾਦਰ ਦੀ ਕਲਮ ਦਾ ਉਹ ਚਮਤਕਾਰ ਹੈ ਜਿਸ ਨੇ ਨਾਮਧਾਰੀ ਸ਼ਹੀਦਾਂ ਵਾਂਗ ਹੀ ਫਾਂਸੀ ਦੇ ਤਖਤੇ ਤੇ ਜਾਕੇ ਵੀ ਇਨਕਲਾਬ ਜ਼ਿੰਦਾਬਾਦ ਆਖਿਆ ਸੀ ਤੇ ਮੌਤ ਨਾਲ ਗਲਵਕੜੀ ਹੁੰਦਿਆਂ ਆਪਣੀ ਸ਼ਾਹਾਨਾਂ ਮੁਸਕਾਨ ਨਹੀਂ ਗੁਆਈ ਸੀ–ਸ਼ਹੀਦ ਸਰਦਾਰ ਭਗਤ ਸਿੰਘ ?

(ਇਸ ਵਾਰ ਤਾਂ ਨਹੀਂ ਅਗਲੀ ਵਾਰ ਜਤਨ ਕਰਾਂਗੇ ਕਿ ਸ਼ਹੀਦ ਸਰਦਾਰ ਭਗਤ ਸਿੰਘ ਜੀ ਦੀ ਕਲਮ ਦਾ ਲਿਖਿਆ ਉਹ ਲੇਖ ਪਾਠਕਾਂ ਦੀ ਭੇਟ ਕਰੀਏ– (ਸੰਪਾਦਕ)

ਮਾ: ਸ਼ਮਸ਼ੇਰ ਸਿੰਘ ਜੀ ਸੰਧੂ ਨੂਰ ਅੱਲਾ ਪੁਰ ਫਾਰਮ ਬਜਨੌਰ ਯੂ. ਪੀ.

ਡਲਕ ਮਥੇ ਦੀ ਚਸ਼ਮ ਮਖਮੂਰ ਹਰਦਮ,
ਸੂਰਤ ਅਜਬ ਪੁਰ ਰੁਹਬ ਪ੍ਰਤਾਮਾਂ ਤੇਰੀ।
ਰਿਆ ਕਾਰ ਸਾਧੂ ਮੈਂ ਸੀ ਬਹੁਤ ਡਿਠੇ,
ਪਈ ਨਜ਼ਰ ਇਕੋ ਫਤਿਹਯਾਬ ਤੇਰੀ।
ਮੇਰਾ ਦਿਲ ਕਠੋਰ ਤਸਖੀਰ ਕੀਤਾ,
ਝਲੀ ਗਈ ਨਹੀਂ ਸੀ ਆਬੋ ਤਾਬ ਤੇਰੀ।
ਸਿਰ ਕਦਮਾਂ ਤੇ ਜਾਨ ਨਿਸਾਰ ਹੋਇਆ,
ਦਰਗਾਹ ਡਿਠੀ ਹੈ ਆਲੀ ਜਨਾਬ ਤੇਰੀ।
ਕਦਮੀ ਆਪਣੀ ਲਉ ਲਗਾ ਮੈਨੂੰ,
ਕਰਾਂ ਅਰਜ ਜੇ ਹੁਕਮ ਹਜ਼ੂਰ ਹੋਵੇ ।
ਕਦੀ ਸੁਣਿਆ ਸੀ ਮੈਂ ਤੇਰੇ ਚਾਕਰਾਂ ਤੋਂ,
ਤੇਰੇ ਦਰ ਤੇ ਅਰਜ਼ ਮਨਜ਼ੂਰ ਹੋਵੇ।
ਮੈਂ ਤਾਂ ਸੁਣਿਆ ਹੈ ਜੀਵਨ ਅਮਰ ਬਖਸ਼ੇ;
ਹੁਣ ਆਬੇ ਹਯਾਤ ਪਿਲਾ ਮੈਨੂੰ।
ਅਗੇ ਦੋਜ਼ਖਾਂ ਦੇ ਅਉਖਾ ਰਾਹ ਜਿਹੜਾ,
ਹੁਣੇ ਪੁਲਸਰਾਤ ਲੰਘਾ ਮੈਨੂੰ।
ਤੇਰੇ ਦਰ ਤੇ ਆ ਤਕਦੀਰ ਬਦਲਾਂ,
ਹੁਣ ਕਲਮ ਦਵਾਤ ਫੜਾ ਮੈਨੂੰ।
ਮੁਰਸ਼ਦ ਵਿਚ ਮਰੀਦ ਦੇ ਹੋਏ ਦਾਖਿਲ,
ਵਿਚ ਆਪਣੀ ਜ਼ਾਤ ਸਮਾ ਮੈਨੂੰ।
ਦੁਨੀ ਦਾਰਾਂ ਤੋਂ ਸਗੋਂ ਫਕੀਰ ਬਿਹਤਰ,
ਆਖਰ ਚਾਕਰ ਮੈਂ ਤੇਰੀ ਦਰਗਾਹ ਦਾ ਹਾਂ।
ਅਕਲਾ ਆਖਰਤ ਠੋਕਰ ਮਾਰ ਦਿਤੀ,
ਸ਼ੌਕ ਮੰਦ ਇਕ ਦੀਦ ਤੇ ਚਾਹੁੰਦਾ ਹਾਂ।

ਸ੍ਰੀ ਲਾਲਾ ਹਰਦੇਵ ਸਹਾਇ ਜੀ—

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਦੇ

ਅਵਤਾਰ ਦੇ ਕਾਰਨ

ਭਗਵਾਨ ਦਾ ਕੋਈ ਕੰਮ ਕਿਸੇ ਕਾਰਣ ਬਿਨਾਂ ਨਹੀਂ ਹੁੰਦਾ। ਭਗਵਾਨ ਸ੍ਰੀ ਕ੍ਰਿਸ਼ਨ ਚੰਦਰ ਜੀ ਨੇ ਅਰਜਨ ਨੂੰ ਉਪਦੇਸ਼ ਦਿੰਦਿਆਂ ਹੋਇਆਂ ਕਿਹਾ ਸੀ—

ਯਦਾ ਯਦਾਹਿ ਧਰਮਸਯ
ਗਲਾਨਿਰ ਭਵਤੀ ਭਾਰਤ
ਅਭਿਉਤਥਾਨਮ ਧਰਮਸਯ
ਤਦਾਤਮਾਨੰ ਸ੍ਰਿਜਾਮਜਹਮ੍।੭।
ਪਰਿਤ੍ਰਾਣਾਯ ਸਾਧੂਨਾਂ
ਵਿਨਾਸ਼ਾਯ ਚ ਦੁਸ਼ਕ੍ਰਿਤਾਮ੍
ਧਰਮ ਸੰਸਥਾਪਨਾਰਥਾਯ
ਸੰਭਾਵਮੀ ਯੁਗੇ ਯੁਗੇ।੮।

ਅਰਥਾਤ ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਓਦੋਂ ਓਦੋਂ ਹੀ ਮੈਂ ਸਾਧੂ ਪੁਰਸ਼ਾਂ ਦੀ ਰਖਿਆ ਅਤੇ ਬੁਰੇ ਲੋਕਾਂ ਦੇ ਵਿਨਾਸ਼ ਲਈ ਅਤੇ ਧਰਮ ਕਾਇਮ ਕਰਨ ਲਈ ਜੁਗ ਜੁਗ ਵਿਚ ਪਰਗਟ ਹੁੰਦਾ ਹਾਂ। ਜਿਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ ਉਹਨੀਂ ਦਿਨੀ ਦੇਸ਼ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਖਰਾਬੀਆਂ ਆ ਗਈਆਂ ਸਨ। ਧਰਮੀ ਲੋਕਾਂ ਦੀ ਰਖਿਆ ਦਾ ਕੋਈ ਸਾਧਨ ਨਹੀਂ ਸੀ, ਪਾਪ ਵਧਦਾ ਜਾ ਰਿਹਾ ਸੀ, ਕਿਸੇ ਵੀ ਭਲੇ ਆਦਮੀ ਦੀ ਜ਼ਿੰਦਗੀ ਸੁਰਖਿਅਤ ਨਹੀਂ ਸੀ। ਜਨਤਾ ਦਾ ਬਹੁਤਾ ਹਿਸਾ ਅੰਗ੍ਰੇਜ਼ੀ ਰਾਜ ਦੇ ਭੈ ਅਤੇ ਜ਼ੁਲਮ ਦੇ ਸਾਹਮਣੇ ਇਕ ਲਫਜ਼ ਵੀ ਨਹੀਂ ਸੀ ਬੋਲ ਸਕਦਾ। ਸਭ ਭੈ ਭੀਤ ਸਨ। ਅੰਗ੍ਰੇਜ਼ੀ ਰਾਜ ਦਾ ਪੰਜਾ ਡੂੰਘਾ ਖੁਭਦਾ ਜਾ ਰਿਹਾ ਸੀ, ਲੋਕਾਂ ਦਾ ਚਰਿਤਰ ਡਿਗ ਚੁਕਾ ਸੀ। ਅਜੇਹੇ ਸੰਕਟ ਸਮੇਂ ਕਿਸੇ ਮਹਾਨ ਪੁਰਸ਼ ਦੀ ਅਤਿਅੰਤ ਅਵਸ਼ਕਤਾ ਸੀ। ਬਸੰਤ ਪੰਚਮੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ। ਉਹਨਾਂ ਦਾ ਜਨਮ ਕਿਸੇ ਰਾਜੇ-ਮਹਾਰਾਜੇ ਦੇ ਘਰ ਨਹੀਂ-ਸਧਾਰਨ ਕਿਰਤੀ ਘਰ ਵਿਚ ਹੋਇਆ। ਸ੍ਰੀ ਸਤਿ-ਗੁਰੂ ਜੀ ਮਹਾਰਾਜ ਦਾ ਜੀਵਨ ਸ਼ੁਰੂ ਤੋਂ ਹੀ ਮੁਸ਼-ਕਤੀ ਰਿਹਾ। ਸ੍ਰੀ ਸਤਿਗੁਰੂ ਜੀ ਮਹਾਰਾਜ ਨੂੰ ਜਦੋਂ ਏਹ ਅਨੁਭਵ ਹੋਇਆ ਕਿ ਜਦੋਂ ਤਕ ਲੋਕਾਂ ਦਾ ਜੀਵਨ ਅੱਛਾ ਨਹੀਂ ਹੋਵੇਗਾ ਤਦ ਤਕ ਕੋਈ ਸੁਧਾਰ ਨਹੀਂ ਹੋ ਸਕਣਾ, ਤਾਂ ਸਤਿਗੁਰੂ ਜੀ ਨੇ ਭਾਰਤੀ ਧਰਮ ਅਤੇ ਸਭਿਅਤਾ ਦੀ ਪਰੰਪਰਾ ਅਨੁ-ਸਾਰ ਇਸ਼ਨਾਨ, ਧਿਆਨ, ਭਜਨ ਅਤੇ ਸ਼ੁਭ ਗ੍ਰੰਥਾਂ ਦੇ ਪਾਠ ਨੂੰ ਵਿਸ਼ੇਸ਼ ਮਹਾਨਤਾ ਦਿਤੀ। ਮਾਸ ਸ਼ਰਾਬ ਆਦਿ ਨਾ-ਖਾਣ ਯੋਗ ਚੀਜ਼ਾਂ ਨੂੰ ਬੰਦ ਕੀਤਾ ਕਰਵਾਇਆ। ਸਮਾਜਿਕ ਉਨਤੀ ਲਈ ਵਿਆਹ ਸ਼ਾਦੀਆਂ ਦੇ ਅਡੰਬਰ ਬੰਦ ਕਰਵਾਏ। ਸਾਂਝੇ ਵਿਆਹਾਂ ਨੂੰ ਉਤਸ਼ਾਹਤ ਕੀਤਾ।

ਅੰਗਰੇਜ਼ੀ ਰਾਜ ਦੇ ਬੁਰੇ ਪ੍ਰਭਾਵ ਤੋਂ ਬਚਣ ਖਾਤਰ ਅੰਗਰੇਜ਼ੀ ਰਾਜ ਨਾਲਨਾ-ਮਿਲਵਰਤਨਕਰਨ ਦਾ ਐਲਾਨ ਕੀਤਾ। ਅੰਗਰੇਜ਼ੀ ਰਾਜ ਦੇ ਸਕੂਲਾਂ ਵਿਚ ਪੜ੍ਹਨ, ਮਿੱਲ ਦੇ ਬਣੇ ਬਸਤਰਾਂ ਦਾ ਹੀ ਨਹੀਂ, ਅੰਗਰੇਜ਼ਾਂ ਦੀਆਂ ਅਦਾਲਤਾਂ, ਡਾਕਘਰਾਂ ਅਤੇ ਖੇਤ ਸਿੰਜਾਈ ਆਦਿ ਲਈ ਨਹਿਰੀ ਪਾਣੀ ਤੱਕ ਨੂੰ ਬਾਈਕਾਟ ਕੀਤਾ। ਇਸ ਬਾਈਕਾਟ ਦੇ ਕਾਰਨ ਜਨਤਾ ਵਿੱਚ ਅੰਗਰੇਜ਼ੀ ਰਾਜ ਵਲੋਂ ਨਫਰਤ ਵਧੀ। ਅੰਗਰੇਜ਼ਾਂ ਦੀ ਗਊ-ਬਧ ਦੀ ਨੀਤੀ ਨੇ ਜਨਤਾ ਵਿਚ ਹੋਰ ਰੋਸ ਪੈਦਾ ਕਰ ਦਿਤਾ।

ਜਦੋਂ ਅੰਮ੍ਰਿਤਸਰ ਦੇ ਪਵਿਤ੍ਰ ਸਰੋਵਰ ਦੇ ਨੇੜੇ ਬੁਚੜਖਾਨਾ ਖੋਲ੍ਹਕੇ ਗਊ ਹਤਿਆ ਅਰੰਭ

ਹੋਈ ਤਾਂ ਨਾਮਧਾਰੀ ਗਊ-ਭਗਤਾਂ ਨੇ ਬੁਚੜਖਾ-ਨਿਆਂ ਨੂੰ ਤੋੜ ਦਿਤਾ, ਗਊ ਹਤਿਆਰੇ ਮਾਰ ਦਿਤੇ। ਇਸ ਅਪਰਾਧ ਵਿੱਚ ਅੰਗਰੇਜ਼ਾਂ ਨੇ ਅੰਮ੍ਰਿਤਸਰ ਦੇ ਹਿੰਦੂਆਂ ਅਤੇ ਸਿਖਾਂ ਤੇ ਤਰ੍ਹਾਂ ਤਰ੍ਹਾਂ ਦੇ ਅਤਿਆ-ਚਾਰ ਕੀਤੇ। ਕੁਝ ਨਿਰਪਰਾਧ ਲੋਕਾਂ ਤੇ ਕਤਲ ਦਾ ਕੇਸ ਚਲਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਸਚੀ ਘਟਨਾਂ ਦਾ ਪਤਾ ਲਗਾ ਤਾਂ ਉਹਨਾਂ ਨੇ ਆਪਣੇ ਨਾਮਧਾਰੀਆਂ ਨੂੰ ਆਗਿਆ ਦਿਤੀ ਕਿ ਜਿਨ੍ਹਾਂ ਲੋਕਾਂ ਨੇ ਏਹ ਕੰਮ ਕੀਤਾ ਹੈ ਉਹ ਖੁਦ ਅਦਾਲਤ ਵਿਚ ਹਾਜ਼ਰ ਹੋਕੇ ਆਪਣਾ ਅਪਰਾਧ ਮੰਨਣ। ਨਾਮਧਾਰੀ ਵੀਰਾਂ ਨੇ ਖ਼ੁਦ ਅੰਮ੍ਰਿਤਸਰ ਦੀ ਅਦਾਲਤ ਵਿਚ ਹਾਜ਼ਰ ਹੋਕੇ ਅਪਰਾਧ ਮਨਜ਼ੂਰ ਕੀਤਾ ਤੇ ਫਾਂਸੀ ਦੇ ਤਖਤੇ ਤੇ ਚੜ੍ਹੇ। ਅੱਜ ਦੇ ਜੁਗ ਵਿਚ ਗਊ ਰਖਿਆ ਅਤੇ ਸਚਾਈ ਦੀ ਰਖਿਆ ਲਈ ਨਾਮਧਾਰੀਆਂ ਨੇ ਏਹ ਬਹੁਤ ਵਡਾ ਬਲੀ-ਦਾਨ ਕੀਤਾ।

ਅੰਗਰੇਜ਼ੀਰਾਜ ਨਾਮਧਾਰੀਆਂਦੇਧਾਰਮਿਕ ਕੰਮਾਂ ਨੂੰ ਸਹਿਨ ਨ ਕਰ ਸਕਿਆ। ਰਾਇਕੋਟ, ਮਲੇਰ ਕੋਟਲਾ ਆਦਿ ਵਿੱਚ ਗਊ ਹਤਿਆ ਰੋਕਣ ਦੇ ਕਾਰਜ ਨੇ ਨਾਮਧਾਰੀਆਂ ਦੇ ਮਹਤੱਵ ਨੂੰ ਹੋਰ ਵੀ ਵਧਾ ਦਿਤਾ। ਅੰਗਰੇਜ਼ਾਂ ਨੇ ਨਾਭਾ, ਜੀਂਦ ਅਤੇ ਪਟਿਆਲਾ ਰਾਜ ਦੀਆਂ ਤੋਪਾਂ ਨਾਲ ੬੮ ਨਾਮਧਾਰੀਆਂ ਨੂੰ ਮਲੇਰ ਕੋਟਲਾ ਦੇ ਨੇੜੇ ਤੋਪਾਂ ਨਾਲ ਉਡਾਇਆ। ਰਾਜਿਆਂ ਅਤੇ ਵਡੇ ਵਡੇ ਸਿਖ ਸਰਦਾਰਾਂ ਧਰਮ ਦਾ ਨਹੀਂ ਅੰਗਰੇਜ਼ੀ ਰਾਜ ਦਾ ਸਾਥ ਦਿਤਾ। ੧੭ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲੇ ਦਾ ਡੰਨ ਦੇਕੇ ਬਰਮਾ ਭੇਜ ਦਿਤਾ। ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਦੇ ਪਿਛੋਂ ਨਾਮਧਾਰੀ ਸਿਖਾਂ ਤੇ ਅੰਗਰੇਜ਼ੀ ਰਾਜ ਨੇ ਰਾਕਸ਼ੀ ਜ਼ੁਲਮ ਢਾਹੇ। ਦੇਸ਼ ਦੀ ਸੁਤੰਤਰਤਾ ਵਿਚ ਨਾਮਧਾਰੀ ਸਿਖਾਂ ਨੇ ਜੋ ਤਿਆਗ ਅਤੇ ਕੰਮ ਕੀਤਾ ਹੈ ਉਹ ਦੇਸ਼ ਤੇ ਬਹੁਤ ਵਡਾ ਰਿਣ ਹੈ।

ਅਜ ਕਿੰਨੇ ਹੀ ਲੋਕ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਿੱਚ ਥੋੜਾ ਜਿੰਨਾ ਕੰਮ ਵੀ ਨਹੀਂ ਕੀਤਾ, ਅੱਜ ਦੀ ਸਰਕਾਰ ਤੋਂ ਉਸਦੇ ਬਦਲੇ ਕੁਝ ਲੈਣ ਦੀ ਕੋਸ਼ਸ਼ ਕਰਦੇ ਹਨ। ਪਰ ਨਾਮਧਾਰੀਆਂ ਨੇ ਅੱਜ ਤਕ ਕੋਈ ਵੀ ਕੰਮ ਆਪਣੇ ਸੁਆਰਥ ਲਈ ਨਹੀਂ ਦੇਸ਼ ਅਤੇ ਧਰਮ ਦੇ ਹਿਤ ਲਈ ਗਊ ਹਤਿਆ ਬੰਦ ਕਰਨ ਤੇ ਜ਼ੋਰ ਦਿਤਾ. ਪਰ ਕਾਂਗਰਸੀ ਸਰ-ਕਾਰ ਨੇ ਕੇਵਲ ਮੁਸਲਮਾਨਾਂ ਨੂੰ ਖ਼ੁਸ਼ ਰਖਣ ਲਈ ਇਸ ਮੰਗ ਦੀ ਪਰਵਾਹ ਨਹੀਂ ਕੀਤੀ।

ਨਾਮਧਾਰੀਆਂ ਨੂੰ ਏਹ ਵਿਸ਼ਵਾਸ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਮਰ ਹਨ ਜਦੋਂ ਭੀ ਗਊ ਹਤਿਆ ਪੂਰੀ ਤਰ੍ਹਾਂ ਬੰਦ ਹੋ ਗਈ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਪਰਗਟ ਹੋਣਗੇ।

—:o:—

ਗੁਰਦਿਤ ਸਿੰਘ 'ਕਮਲ'

ਇਲਾਹੀ ਦੀਦਾਰ

ਦਿਲ ਰਜਦਾ ਨਹੀਂ ਤੇਰੇ ਦੀਦਾਰ ਤੋਂ,
ਕਰ ਮਿਹਰ ਤੇ ਆਪਣਾਂ ਪਿਆਰ ਦੇ!
ਕਰ ਬਖਸ਼ਿ ਅੰਮ੍ਰਿਤ ਦਿਆ ਸੋਮਿਆਂ,
ਤਪਦੇ ਦਿਲਾਂ ਨੂੰ ਠਾਰ ਦੇ!
ਮੇਰਾ ਸਿਰ ਰਹੇ ਸਦਾ ਨਿਵਿਆਂ,
ਤੇਰੇ 'ਕਮਲ' ਪਦਮਾਂ ਵਿਚ!
ਮੇਰਾ ਧਿਆਨ ਰਹੇ ਦਾਤਾ,
ਤੇਰੇ ਪਿਆਰੇ ਕਦਮਾਂ ਵਿਚ!

ਪੰ: ਗੋਪਾਲ ਸਿੰਘ ਜੀ ਹਾਲ ਤਪਾ

ਗਊ–ਰਖਿਅਕ ਸਤਿਗੁਰੂ ਤੇ ਸਾਡਾ ਫਰਜ਼

ਮੇਰਾ ਪਿਆਰਾ ਭਾਰਤ ਵਰਸ਼ ਇਕ ਉਹ ਦੇਸ਼ ਹੈ ਜਿਸਨੇ ਹੋਰ ਸਾਰਿਆਂ ਦੇਸ਼ਾਂ ਨਾਲੋਂ ਬਹੁਤਿਆਂ ਗੁਰੂਆਂ, ਪੀਰਾਂ, ਪੈਗੰਬਰਾਂ, ਯੋਧਿਆਂ, ਸੂਰਬੀਰਾਂ, ਸ਼ਹੀਦਾਂ ਅਤੇ ਉਚ ਕੋਟੀ ਦੇ ਪੁਰਸ਼ਾਂ ਨੂੰ ਜਨਮ ਦਿਤਾ ਹੈ। ਹੋਰ ਦੇਸਾਂ ਵਿੱਚ ਵੀ ਮਹਾਂ ਪੁਰਸ਼ ਤਾਂ ਜ਼ਰੂਰ ਪੈਦਾ ਹੋਏ ਹਨ ਪਰ ਜਿੰਨੇ ਉਚੀ ਰੂਹਾਨੀਅਤ ਰਖਣ ਵਾਲੇ ਮਹਾਤਮਾਂ ਏਸ ਦੇਸ਼ ਵਿੱਚ ਹੋਏ ਹਨ ਹੋਰ ਕਿਸੇ ਦੇਸ ਵਿੱਚ ਨਹੀਂ। ਜੇਕਰ ਭਾਰਤ ਵਰਸ਼ ਨੂੰ ਰੂਹਾਨੀਯਤ ਦੀ ਮਾਂ ਆਖ ਲਿਆ ਜਾਵੇ ਤਾਂ ਵੀ ਕੋਈ ਗਲਤ ਗੱਲ ਨਹੀਂ। ਆਪਨੇ ਆਪਨੇ ਸਮੇ ਅਨੁਸਾਰ ਗੁਰੂ ਪੀਰ ਮਹਾਤਮਾਂ ਆਏ ਅਤੇ ਆਪਣੀ ਖੇਡ ਖੇਡਕੇ ਪੰਜ ਭੂਤਕ ਦੇਹ ਦਾ ਓਹਲਾ ਕਰ ਚਲੇ ਗਏ। ਪਿਛੋਂ ਉਹਨਾਂ ਦੀਆਂ ਯਾਦਾਂ ਦੁਨੀਆਂ ਵਿੱਚ ਸਦਾ ਵਾਸਤੇ ਰਹਿ ਗਈਆਂ। ਉਹਨਾਂ ਚੰਗੀਆਂ ਯਾਦਾਂ ਨੂੰ ਹੀ ਮੁਖ ਰੱਖਕੇ ਸਾਡੇ ਦੇਸ਼ ਦੀ ਏਹ ਪਧਤੀ ਤੁਰੀ ਆਉਂਦੀ ਹੈ ਕਿ ਕੋਈ ਨ ਕੋਈਦਿਨਉਹਨਾਂਦੀਜ਼ਿੰਦਗੀਵਿਚੋਂਨੀਯਤ ਕਰ ਲਿਆ ਜਾਂਦਾ ਹੈ ਤੇ ਉਸ ਦਿਨ ਬੜੀ ਸ਼ਾਨ ਨਾਲ ਉਹਨਾਂ ਦੀ ਯਾਦ ਮਨਾਈ ਜਾਂਦੀ ਹੈ। ਕਈਆਂ ਮਹਾਂ ਪੁਰਖਾਂ ਦੇ ਜਨਮ ਦਿਨ ਅਤੇ ਕਈਆਂ ਦੇ ਸ਼ਹੀਦੀ ਦਿਨ ਮਨਾਏ ਜਾਂਦੇ ਹਨ। ਮਹਾਂ ਪੁਰਖਾਂ ਦੀਆਂ ਜੀਵਨੀਆਂ ਵਿਚੋਂ ਉਹਨਾਂ ਦੇ ਕਾਰਨਾਮੇ ਨਸਰਾਂ ਅਤੇ ਨਜ਼ਮਾਂ ਰਾਹੀਂ ਸੁਨਾਏ ਜਾਂਦੇ ਹਨ। ਜਿੰਨਾਂ ਦਾ ਜਨਤਾ ਤੇ ਬੜਾ ਪ੍ਰਭਾਵ ਪੈਂਦਾ ਹੈ। ਵੇਖਣ ਵਿੱਚ ਆਇਆ ਹੈ ਕਿ ਵਡਿਆਂ ਦੀਆਂ ਸਾਖੀਆਂ ਸੁਣਕੇ ਕਈਆਂ ਦੇ ਜੀਵਨ ਵਿੱਚ ਕਈ ਤਬਦੀਲੀਆਂ ਆ ਗਈਆਂ। ਕਈ ਚੋਰਾਂ ਤੋਂ ਸਾਧ, ਬੇਈਮਾਨਾਂ ਤੋਂ ਈਮਾਨਦਾਰ, ਝੂਠਿਆਂ ਤੋਂ ਸਚੇ, ਦੇਸ਼ ਧ੍ਰੋਹੀ ਤੋਂ ਦੇਸ਼ ਭਗਤ, ਕੰਜੂਸ ਤੋਂ ਦਾਤਾ ਬੁਜ਼ਦਿਲ ਤੋਂ ਦੇਸ ਕੌਮ ਤੋਂ ਕੁਰਬਾਨ ਹੋਣ ਵਾਲੇ ਬਹਾਦਰ ਬਣ ਗਏ। ਪਰ ਏਹ ਗੱਲਾਂ ਕਦੀ ਕਦੀ ਹੀ ਵਾਪਰਦੀਆਂ ਹਨ।

ਅੱਜ ਕੱਲ ਤਾਂ ਵੇਖਣ ਵਿੱਚ ਆਇਆ ਹੈ ਕਿ ਜਿੰਨੇ ਕੀਰਤਨ, ਲੈਕਚਰ ਜਲਸੇ ਅਤੇ ਹੋਰ ਪੁਰਬ ਅਸੀਂ ਮਨਾਉਂਦੇ ਹਾਂ ਉਸ ਤੋਂ ਵੀ ਜ਼ਿਆਦਾ ਅਸੀਂ ਆਚਾਰਹੀਨ ਹੁੰਦੇ ਜਾਂਦੇਹਾਂ। ਇਹ ਕਿਓਂ?ਜਦੋਂ ਵੀ ਕਿਸੇ ਗੁਰੂ ਜਾਂ ਮਹਾਂ ਪੁਰਖ ਦਾ ਪੁਰਬ ਆਉਂਦਾ ਹੈ ਤਾਂ ਚਾਨਣੀਆਂ, ਰੰਗ ਬ੍ਰੰਗੀਆਂ ਝੰਡੀਆਂ, ਅਤੇ ਫਾਨੂਸ, ਵਗੈਰਾ ਨਾਲ ਦੀਵਾਨ ਸਥਾਨ ਨੂੰ ਨਵੀਂ ਵਿਆਹੀ ਵਹੁਟੀ ਵਰਗਾ ਸਜਾ ਦਿੰਦੇ ਹਾਂ। ਉਸ ਸਥਾਨ ਦੀ ਸੋਭਾ ਨੂੰ ਹੀ ਵੇਖਕੇ ਸਾਡਾ ਮਨ ਕਾਬੂ ਵਿੱਚ ਨਹੀਂ ਰਹਿੰਦਾ। ਫੇਰ ਉਸ ਵਿੱਚ ਜੇਹੜੇ ਹਾਜ਼ਰੀਨ ਪੁਰਖ ਅਤੇ ਬੀਬੀਆਂ ਹੁੰਦੀਆਂ ਹਨ ਉਹਨਾਂ ਦੇ ਕਪੜੇ ਅਤੇ ਫੈਸ਼ਨ ਦਾ ਕੀ ਹੀ ਵਰਨਨ ਕਰਾਂ, ਜੇ ਸਾਡੇ ਮਨ ਵਿੱਚ ਉਸ ਮੰਡਪ ਨੂੰ ਵੇਖਕੇ ਬਿਰਤੀ ਉਚਾਟ ਹੋ ਜਾਣ ਲਈ ਕੋਈ ਕਸਰ ਰਹਿ ਗਈ ਹੋਵੇ ਤਾਂ ਸਾਧ ਸੰਗਤ ਦੇ ਰੂਪ ਵਿੱਚ ਬੈਠੀ ਪਬਲਕ ਨੂੰ ਵੇਖ ਪੂਰੀ ਹੋ ਜਾਂਦੀ ਹੈ।

ਭਲਾ ਜੇਕਰ ਫੇਰ ਵੀ ਥੋੜੀ ਬਹੁਤੀ ਕਸਰ ਰਹਿ ਜਾਏ ਤਾਂ ਅੱਜ ਕੱਲ ਦੇ ਮੇਰੇ ਵਰਗੇ ਅਪ-ਟੂ ਡੇਟ ਪ੍ਰਚਾਰਕਾਂ ਅਤੇ ਰਾਗੀਆਂ ਦੀਆਂ ਇਸ਼ਕੀ ਥੀਏਟਰੀਕਲ ਤਰਜ਼ਾਂ ਸੁਣਕੇ ਤਾਂ ਚੰਨ ਹੀ ਚੜ੍ਹ ਜਾਂਦਾ ਹੈ। ਜਿਸ ਸਾਧ ਸੰਗਤ ਵਿਚੋਂ ਅਸੀਂ ਆਪਣੇ ਮਨ ਨੂੰ ਸ਼ਾਂਤਿ ਕਰਕੇ, ਗੁਰੂ ਚਰਨਾਂ ਦਾ ਭੌਰਾ ਬਣਾਕੇ ਆਉਂਣਾਂ ਸੀ, ਉਸਨੂੰ ਅਗੇ ਨਾਲੋਂ ਵੀ ਬਹੁਤਾ ਮਾਇਆ ਪ੍ਰਿਯ ਬਣਾਕੇ ਆ ਜਾਂਦੇ ਹਾਂ। ਸਾਡੇ ਦੀਵਾਨਾਂ ਦੀ ਸਾਦਗੀ ਉਡ ਜਾਣ ਦਾ ਸਾਡੇ ਤੇ ਏ ਅਸਰ ਪਿਆ ਹੈ ਕਿ ਬਜਾਏ ਸਾਦਾ ਰਹਿਣ ਦੇ ਅਸੀਂ ਇਤਨੇ ਫੈਸ਼ਨੇਬਲ ਬਣਕੇ ਫਜ਼ੂਲ ਖਰਚ ਬਣ ਗਏ ਹਾਂ ਕਿ ਆਪਣੇ ਖਰਚ ਵੀ ਪੂਰੇ ਨਹੀਂ ਕਰ ਸਕਦੇ। ਰਹੀ ਗੱਲ ਲੀਡਰਾਂ ਦੀ ਜੇਹੜੇ ਆਪਣੇ ਆਪ ਨੂੰ ਇਸ ਸਮੇਂ ਦੇ ਮਲਾਹ ਮੰਨਦੇ

ਹਨ। ਉਹਨਾਂ ਦੀ ਤਾਂ ਗੱਲ ਹੀ ਕੀ ਕਰਨੀ ਹੈ। ਮੇਰਾ ਯਕੀਨ ਹੈ ਕਿ ਜੇਕਰ ਲੀਡਰ ਚੰਗੇ ਹੋਣ ਤਾਂ ਪਬਲਿਕ ਚੰਗੀ, ਜੇਕਰ ਲੀਡਰ ਬੁਰੇ ਹੋਣ ਤਾਂ ਪਬਲਿਕ ਵੀ ਬੁਰੀ। ਆਮ ਕਹਾਵਤ ਹੈ ਕਿ– ''ਯਥਾ ਰਾਜਾ ਤਥਾ ਪਰਜਾ' ਭਾਈ ਗੁਰਦਾਸ ਜੀ ਕਹਿੰਦੇ ਹਨ ਕਿ–''ਅੰਨਾ ਆਗੂ ਜੇ ਥੀਏ ਸਭ ਸਾਥ ਮੁਹਾਵੈ।'' ਇਕ ਹੋਰ ਕਵੀ ਨੇ ਵੀ ਬੜਾ ਸੋਹਣਾਂ ਲਿਖਿਆ ਹੈ ਕਿ–''ਕਬੀ ਲੇ ਡੂਬਤੀ ਹੈ ਨਾਖੁਦਾ ਕੀ ਨਾ ਖੁਦਾਈ ਭੀ, ਹਮੇਸ਼ਾਂ ਮਰਦੇ ਇਲਜਾਮ ਤੂਫਾਨ ਹੀ ਨਹੀਂ ਹੋਤੇ।'' ਹਾਂ ਜੇਕਰ ਆਗੂ ਚੰਗਾ ਹੋਵੇ ਤਾਂ ਫੇਰ ਉਹ ਬੜੇ ਬੜੇ ਤੁਫਾਨਾਂ ਝੱਖੜਾਂ ਤੋਂ ਬਚਾ ਕਿਸ਼ਤੀ ਕਿਨਾਰੇ ਲਗਾ ਦੇਂਦਾ ਹੈ, ਜੈਸੇ ਕਿ ਗੁਰਬਾਣੀ ਵਿੱਚ ਇਰਸ਼ਾਦ ਫੁਰਮਾਯਾ ਹੈ ਕਿ– ''ਬੇੜੇ ਨੂੰ ਕਪਰ ਕਿਆ ਕਰੇ ਜੇ ਪਾਤਨ ਰਹੈ ਸੁਚੇਤ।''

ਸੱਭਤੋਂ ਬਹੁਤ ਦਾ ਰੋਮਦਾਰਲੀਡਰਾਂ ਦੇ ਸਿਰ ਤੇ ਹੋਇਆ ਕਰਦਾ ਹੈ, ਜੇਕਰ ਲੀਡਰ ਚੰਗੇ ਆਚਰਨ ਵਾਲੇ ਹੋਣ ਤਾਂ ਉਹ ਕੌਮਾਂ ਉਚੀਆਂ ਹੋ ਜਾਇਆ ਕਰਦੀਆਂ ਹਨ, ਨਾਲ ਹੀ ਜਿਨ੍ਹਾਂ ਕੌਮਾਂ ਦੇ ਲੀਡਰ ਆਚਰਨ ਹੀਨ ਹੁੰਦੇ ਹਨ, ਸੁਾਰਥੀ ਹੁੰਦੇ ਹਨ, ਕੌਮ ਧ੍ਰੋਹੀ ਹੁੰਦੇ ਹਨ, ਓਹ ਕੌਮਾਂ ਖਤਮ ਹੋ ਜਾਇਆ ਕਰ ਦੀਆਂ ਹਨ। ਅੱਜ ਕੱਲ ਜਦੋਂਅਸੀਂਆਪਣੇਲੀਡਰਾਂ ਨੂੰ ਜਲਸਿਆਂ ਵਿੱਚ ਪਬਲਿਕ ਦੇ ਸਾਹਮਣੇ ਲੈਕਚਰ ਝਾੜਦੇ ਵੇਖਦੇ ਹਾਂ ਤਾਂ ਸਾਡੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਲੈਕਚਰਾਰਾਂ ਲੀਡਰਾਂ ਵਲੋਂ ਵੀ ਜਦੋਂਤੱਕਦੇ ਹਾਂ ਤਾਂ ਉਹ ਵੀ ਆਪਨਿਆਂ ਨੇਤਰਾਂ ਵਿਚੋਂ ਮੋਤੀਆਂ ਜਿਡੇ ਜਿਡੇ ਅਥਰੂ ਕੇਰ ਕੇਰ ਪਬਲਿਕ ਦੇ ਸਾਹਮਨੇ ਟਾਹਰਾਂ ਮਾਰਦੇ ਹਨ। ਜਦੋਂ ਉਹਨਾਂ ਦੇ ਕਰਮਾਂ ਵੱਲ ਨਿਗਾਹ ਮਾਰੀਦੀ ਹੈ ਤਾਂ ਸ਼ਰਮ ਦਿਆਂ ਮਾਰਿਆਂ ਸਿਰ ਨੀਵਾਂ ਹੋ ਜਾਂਦਾ ਹੈ ਏਹੋ ਹੀ ਇਕ ਕਾਰਨਹੈ ਕਿ ਕਰੈਕਟਰ ਹੀਨ ਲੀਡਰ ਦਾ ਕਦੇ ਵੀ ਪਬਲਿਕ ਤੇ ਅਸਰ ਨਹੀਂ ਪੈਂਦਾ, ਹਾਂ ਜੇ ਪੈ ਵੀ ਜਾਏ ਤਾਂ 'ਕਚਾ ਰੰਗ ਕਸੁੰਭ ਦਾ ਪਾਣੀ ਧੋਤੇ ਥਿਰ ਨ ਰਹੋਈ' ਦੀ ਤਰਾਂ ਐਂਵੇ ਮਿਟ ਦਾ ਮਿਟ ਹੀ।

ਅਸਲ ਵਿੱਚ ਜਿਨਾਂ ਦੇ ਅਸੀਂ ਗੁਰ ਪੁਰਬ ਮਨਾਂਦੇ ਹਾਂ, ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਉਹਨਾਂ ਸਤਿ ਪੁਰਖਾਂ ਵਰਗਾ ਆਪਣਾਂ ਜੀਵਨ ਬਣਾ ਲਈਏ। ਅਸੀਂ ਤਾਂ ਉਹਨਾਂ ਦਾ ਨਾਮ ਲੈ ਲੈ ਅਪਨਾ ਹਲਵਾ ਮੰਡਾ ਹੀ ਚਲਾ ਕੇ ਰਹਿ ਜਾਂਦੇ ਹਾਂ। ਅਸੀਂ ਕਦੇ ਏਹ ਨਹੀਂ ਸੋਚਿਆ ਕਿ ਜਿਨ੍ਹਾਂ ਦਾ ਨਾਮ ਲੈਣ ਨਾਲ ਸਾਨੂੰ ਮਥੇ ਟਿਕਦੇ ਹਨ, ਆਦਰ ਹੁੰਦਾ ਹੈ, ਅਸਾਂ ਨੂੰ ਲੋਕੀਂ ਹੱਥਾਂ ਤੇ ਚੁਕੀ ਫਿਰਦੇ ਹਨ ਕੀ ਅਸੀਂ ਜੇਕਰ ਉਹਨਾਂ ਵਰਗੇ ਬਣ ਗਏ ਤਾਂ ਸਾਡਾ ਕੀ ਰੁਤਬਾ ਹੋ ਜਾਏਗਾ। ਜ਼ਰਾ ਪੰਜ ਵਰ੍ਹੇ ਦੇ ਮੁੰਡੇ ਧਰੂਹ ਵੱਲ ਤਕੋ, ਜਦੋਂ ਉਹ ਮਾਤਾ ਦੇ ਉਪਦੇਸ਼ ਨੂੰ ਗ੍ਰਹਿਣ ਕਰ ਘਰ ਘਾਟ ਛੱਡ ਜੰਗਲ ਨੂੰ ਸਿਮਰਨ ਕਰਨ ਲਈ ਤੁਰਿਆ, ਤਾਂ ਉਸਦਾ ਬਾਪ ਉਤਾਨਪਾਦ ਉਸਦੇ ਪਿਛੇ ਜਾਂ ਉਸਨੂੰ ਵਾਪਸ ਆਕੇ ਰਾਜ ਸੰਭਾਲ ਲੈਣ ਲਈ ਕਹਿੰਦਾ ਏ ਤਾਂ ਧਰੂ ਨੇ ਦਿਲ ਵਿੱਚ ਸੋਚਿਆ ਕਿ ਅਜੇ ਮੈਂ ਨਾਮ ਜਪਿਆ ਨਹੀਂ ਜਪਨ ਵੱਲ ਕਦਮ ਹੀ ਪੁਟਿਆ ਹੈ, ਤਾਂ ਰਾਜਮਿਲਣਲੱਗਪਿਆ ਹੈ, ਹਾਂ ਜੇਕਰ ਮੈਂ ਨਾਮ ਜਪਿਆ ਤਾਂ ਪਤਾ ਨਹੀਂ ਹੋਰ ਕੀ ਮਿਲ ਜਾਏ। ਏਹੋ ਸੋਚ ਕੇ ਦੁਨੀਆਵੀ ਰਾਜ ਨੂੰ ਲੱਤ ਮਾਰ ਨਾ ਕਬੂਲ ਦਾ ਹੋਇਆ ਸਿਮਰਨ ਵਿੱਚ ਜੁਟ ਗਿਆ ਜਿਸਦਾ ਨਤੀਜਾ ਏਹ ਹੋਇਆ ਕਿ ਜਗਤ ਦਾ ਰਾਜ ਵੀ ਅਤੇ ਅਟੱਲ ਪਦ ਰਾਜ ਵੀ ਦੋਵੇਂ ਹੀ ਮਿਲ ਗਏ।

ਜੇਕਰ ਅਸੀਂ ਅਜ ਕਲ ਦੇ ਪ੍ਰਚਾਰਕ, ਲੀਡਰ, ਗਿਆਨੀ, ਰਾਗੀ, ਕਥਕੜ ਏਹ ਸੋਚ ਲਈਏ ਕਿ ਜਿਨਾਂ ਦਾ ਨਾਮ ਲਿਆਂ ਸਾਡੀ ਇਤਨੀ ਸ਼ਾਨ ਹੋ ਜਾਂਦੀ ਹੈ ਜੇਕਰ ਅਸੀਂ ਉਹਨਾਂ ਵਰਗੇ ਹੀ ਬਣ ਜਾਈਏ ਤਾਂ ਫੇਰ ਕੀ ਪੁਛਣਾ ? ਜਦੋਂ ਅਸੀਂ ਗੁਰੂ ਨਾਨਕ ਦੀਆਂ ਮਝੀਆਂ ਤੇ ਲੈਕਚਰ ਕਰਦੇ ਹਾਂ ਤਾਂ ਜਮੀਨ ਅਸਮਾਨ ਇਕ ਕਰ ਦਿੰਦੇ ਹਾਂ, ਕਲਗੀ ਵਾਲੇ ਦੀ ਕਲਗੀ, ਬੰਸੀ ਵਾਲੇ ਦੀ ਬੰਸੀ, ਚੀਨੀ ਵਾਲੇ ਦੀ ਚੀਨੀ ਤੇ ਕਈ ਕਈ ਕਾਲਮ ਕਵਿ-ਤਵਾਂ ਤੇ ਲੈਕਚਰਾਂ ਦੇ ਕਾਲੇ ਕਰ ਦਿੰਦੇ ਹਾਂ, ਪਰ ਕੀ ਕਦੀ ਏਹ ਵੀ ਸੋਚਿਆ ਹੈ ਕਿ ਜਿਨ੍ਹਾਂ ਦੀਆਂ ਅਸੀਂ ਯਾਦਗਾਰਾਂ ਵਿਚ ਏਡੇ ਏਡੇ ਵਡੇ ਲੈਕਚਰ ਝਾੜ ਰਹੇ ਹਾਂ ਉਹਨਾਂ ਦੀ ਜੀਵਨੀ ਵਿਚੋਂ ਕੋਈ ਇਕ ਗੁਣ ਵੀ ਆਪਣੀ ਜ਼ਿੰਦਗੀ ਵਿਚ ਢਾਲਿਆ

ਹੈ ਕਿ ਨਹੀਂ ? ਜੇਕਰ ਨਹੀਂ ਢਾਲਿਆ ਤਾਂ ਅਸੀਂ ਪਬਲਿਕ ਨਾਲ ਹੀ ਨਹੀਂ ਬਲਕਿ ਆਪਣੇ ਆਪ ਨਾਲ ਵੀ ਧ੍ਰੋਹ ਕਰ ਰਹੇ ਹਾਂ। ਜਿਸ ਕਸੂਰ ਨੂੰ ਸਾਡੀਆਂ ਆਉਣ ਵਾਲੀਆਂ ਨਸਲਾਂ ਕਦੀ ਵੀ ਨ ਮੁਆਫ ਕਰਨਗੀਆਂ। ਸਮਾ ਬੜਾ ਨਾਜ਼ਕ ਜਾ ਰਿਹਾ ਹੈ। ਸਮੇਂ ਦੀ ਨਬਜ਼ ਨੂੰ ਪਹਿਚਾਨਣ ਦੀ ਹਰ ਇਕ ਇਨਸਾਨ ਨੂੰ ਕੋਸ਼ਸ਼ ਕਰਨੀ ਚਾਹੀਦੀ ਹੈ।

ਅੱਜ ਪੂਰੇ ਸਾਲ ਪਿਛੋਂ ਫੇਰ ਅਸੀਂ ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਦਾ ਬਸੰਤ-ਪੰਚਮੀ ਵਾਲਾ ਦਿਹਾੜਾ ਮਨਾ ਰਹੇ ਹਾਂ। ਉਸ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਦਾ ਪੁਰਬ ਮਨਾ ਰਹੇ ਹਾਂ, ਜਿਨ੍ਹਾਂ ਦੇ ਸਿਖਾਂ ਨੇ ਗਊ ਗਰੀਬ ਦਾ ਦੁਖ ਦੂਰ ਕਰਨ ਲਈ ਹਸ ਹਸਕੇ ਤੋਪਾਂ ਸਾਹਮਣੇ ਛਾਤੀਆਂ ਡਾਹ ਤੂੰਬਾ ਤੂੰਬਾ ਹੋ ਉਡ ਗਏ ਉਸ ਚੀਨੀ ਵਾਲੇ ਪ੍ਰੀਤਮ ਦਾ ਦਿਨ ਮਨਾ ਰਹੇ ਹਾਂ ਜੇਹੜੇ ਖੁਦ ਆਪ ਗਊ ਦਾ ਦੁਖ ਨ ਸਹਾ-ਰਦੇ ਹੋਏ ਜਿਲਾਵਤਨ ਹੋ ਕਾਲੇ ਪਾਣੀਆਂ ਦੇ ਦੁਖ ਝਲੇ।ਉਸਪ੍ਰੀਤਮ ਦੀ ਯਾਦ ਵਿੱਚ ਇਕੱਠੇ ਹੋਕੇ ਬੈਠੇ ਹਾਂ। ਜਿਨ੍ਹਾਂ ਨੇ ਗਊ ਭੱਖਕ ਅੰਗ੍ਰੇਜ਼ ਹਾਕਮ ਨੂੰ ਏਥੋਂ ਆਪਣੇ ਦੇਸ਼ ਰਿਸ਼ੀਆਂ ਮੁਨੀਆਂ ਦੇ ਦੇਸ਼, ਗਊ ਪੂਜਕ ਅਤੇ ਗਊ ਰੱਖਕ ਦੇਸ਼ ਵਿਚੋਂ ਕੱਢ ਦੇਣ ਦਾ ਬਿਗਲ ੧੮੫੭ ਦੇ ਗਦਰ ਪਿਛੋਂ ਪੰਜਾਬ ਵਿੱਚ ਸਭ ਤੋਂ ਪਹਿਲਾਂ ਵਜਾਇਆ। ਏਹ ਮੈ ਮੰਨਦਾ ਹਾਂ ਕਿ ਗ੍ਰੀਬ ਨਿਵਾਜ ਜੀ ਬਦੇਸ਼ੀ ਹਕੂਮਤ ਆਪਣੇ ਦੇਸ਼ ਵਿੱਚ ਨਹੀਂ ਸਨ ਚਾਹੁੰਦੇ। ਕਿਉਂ ਨਹੀਂ ਸਨ ਚਾਹੁੰਦੇ ? ਇਸ ਲਈ ਕਿ ਉਹਨਾਂ ਨੇ ਏਥੇ ਆ ਬੁਚੜ ਖਾਨੇ ਖੋਹਲ ਦਿਤੇ, ਉਹ ਗਊ ਭੱਖਕ ਸਨ, ਏਸੇ ਲਈ ਉਹ ਉਹਨਾਂ ਨੂੰ ਏਥੋਂ ਕਢਣਾਂ ਚਾਹੁੰਦੇ ਸਨ। ਆਪਨਿਆਂ ਹੁਕਮਨਾਮਿਆਂ ਵਿੱਚ ਵੀ ਗ੍ਰੀਬ ਨਿਵਾਜ ਜੀ ਫੁਰਮਾਂਦੇ ਹਨ, ਕਿ ਸਾਡੀ ਤਾਂ ਕਿਸੇ ਦਾ ਕੁਝ ਵੀ ਖੋਹਣ ਦੀ ਲਾਲਸਾ ਨਹੀਂ ਸਿਰਫ ਗਊਆਂ ਦਾ ਦੁਖ ਨਹੀਂ ਝਲਿਆ ਜਾਂਦਾ। ਮਲੇਰ ਕੋਟਲੇ ਦੇ ਕੱਲਰ ਵਿੱਚ ਕਿਸ ਦੋਸ਼ ਵਾਸਤੇ ਨਾਮ-ਧਾਰੀ ਤੋਪਾਂ ਅਗੇ ਉਡਾਏ ਸਨ ? ਸਿਰਫ ਗਊ ਦਾ ਦੁਖ ਨਾ ਸਹਾਰ ਕਰਕੇ। ਮੈਂ ਏਹ ਨਹੀਂ ਕਹਿੰਦਾ ਕਿ ਸਤਿਗੁਰੂ ਜੀ ਦਾ ਬ੍ਰਿਟਿਸ਼ ਗਵਰਨ ਮੈਂਟ ਨੂੰ ਏਥੋਂ ਕਢਣ ਦਾ ਇਰਾਦਾ ਨਹੀਂ ਸੀ, ਮੈ ਤਾਂ ਏਹ ਕਹਿੰਦਾ ਹਾਂ ਕਿ ਉਹਨਾਂ ਦੇ ਕਢਣ ਦਾ ਮੁਖ ਕਾਰਨ ਗਊ ਦੀ ਰਖਯਾ ਸੀ ਭਾਵੇਂ ਹੋਰ ਵੀ ਕਈ ਕਾਰਨ ਸਨ। ਸੋ ਮੈਂ ਆਪਨੇ ਨਾਮਧਾਰੀ ਵੀਰਾਂ ਅਗੇ ਹੱਥ ਜੋੜਕੇ ਪ੍ਰਾਰਥਨਾ ਕਰਾਂਗਾ ਕਿ ਅਸੀਂ ਸਾਰੇ ਅੱਜਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ ਤੇ ਏਹ ਪ੍ਰਣ ਕਰੀਏ ਕਿ ਭਾਵੇਂ ਸਾਨੂੰ ਕਿਸੇ ਪ੍ਰਕਾਰ ਦੀ ਵੀ ਕੁਰਬਾਨੀ ਕਿਉਂ ਨ ਦੇਣੀ ਪਏ, ਅਸੀਂ ਜਦ ਤੱਕ ਗਊ ਹੱਤਯਾ ਆਪਣੇ ਦੇਸ਼ ਵਿੱਚ ਬੰਦ ਨ ਕਰ ਲਵਾਂ ਗੇ ਤੱਦ ਤੱਕ ਅਸੀਂ ਸੁਖ ਨਾਲ ਨਾ ਹੀ ਆਪ ਅਤੇ ਨਾ ਹੀ ਗਊ ਕਾਤਲ ਨੂੰ ਬੈਠਣ ਦਿਆਂਗੇ।

ਸ੍ਰ. ਗੁਰਦਿਤ ਸਿੰਘ ਜੀ 'ਕਮਲ'

ਅਲੌਕਿਕ ਦਰਸ਼ਨ

ਸਚ ਖੰਡੀ ਦਰਬਾਰ, ਸਤਿਗੁਰੂ ਰਾਮ ਸਿੰਘ !
ਆਏ ਧਰ, ਅਵਤਾਰ, ਸਤਿਗੁਰੂ ਰਾਮ ਸਿੰਘ !
ਕਰ ਲੌ ਰੱਜ ਦੀਦਾਰ ਸਤਿਗੁਰੂ ਰਾਮ ਸਿੰਘ !
ਖਿੜੀ ਬਸੰਤ ਬਹਾਰ, ਸਤਿਗੁਰੂ ਰਾਮ ਸਿੰਘ !
ਭਗਤੀ ਦਾ ਭੰਡਾਰ, ਸਤਿਗੁਰੂ ਰਾਮ ਸਿੰਘ !
ਅਰਸ਼ੀ ਤਿਰਾ ਪਿਆਰ, ਸਤਿਗੁਰੂ ਰਾਮ ਸਿੰਘ !
ਸਦਕੇ ਜਾਂ ਸੌ ਵਾਰ, ਸਤਿਗੁਰੂ ਰਾਮ ਸਿੰਘ !
ਭਾਰਤ ਦਾ ਸ਼ਿੰਗਾਰ, ਸਤਿਗੁਰੂ ਰਾਮ ਸਿੰਘ !

ਸੰਤ ਤਰਨ ਸਿੰਘ ਜੀ 'ਵਹਿਮੀ'

ਸੰਤ ਗੁਲਾਬ ਸਿੰਘ ਜੀ ਮਸਤ

ਸ੍ਰੀ 'ਵਹਿਮੀ' ਜੀ ਨੇ ਵਰਨ ਜ਼ਿਲਾ ਸ਼ੇਖੂਪੁਰ ਦੇ ਅਨੇਕਾਂ ਸੰਤਾਂ ਦਾ ਅਤੇ ਸੰਤ ਗੁਲਾਬ ਸਿੰਘ ਜੀ ਦਾ ਬੜਾ ਲੰਮਾ ਚੌੜਾ ਲੇਖ ਲਿਖਿਆ ਹੈ, ਜੋ ਸਤਿਜੁਗ ਦੇ ਪਾਠਕਾਂ ਦੀ ਫੇਰ ਭੇਟ ਕਰਾਂਗੇ– ਏਹ ਜੀਵਨ ਅਤੀ ਸੰਖੇਪ ਕਰਨ ਵਿੱਚ ਵਹਿਮੀਜੀ ਨੇ ਸਾਡੀ ਬੇਨਤੀ ਮੰਨੀ ਹੈ।– ਸੰਪਾਦਕ

ਆਪ ਜ਼ਿਲਾ ਸ਼ੇਖੂਪੁਰਾ ਦੇ 'ਵਰਨ' ਪਿੰਡ 'ਚ ਈਸਰ ਸਿੰਘ 'ਵਿਰਕ' ਤੇ ਪ੍ਰੇਮ ਕੌਰ 'ਮਲਜੇਟੀ' ਦੇ ਘਰ ਜਨਮੇਂ। ਆਪਦੇ ਪਿਤਾ ਜੀ ਆਪ ਸੋਹਣੇ ਜਵਾਨ, ਉਚੇ ਮੁਛਹਿਰੇ ਤੇ ਸੁਚੇ ਪਹਿਰੇ ਵਾਲੇ ਸੀ। ਜ਼ੋਰੋਂ ਵਧ ਜੇਰਾ ਹੋਣ ਕਰਕੇ ਲੋਕ ਏਨਾਂ ਨੂੰ ਈਸਰਾ ਸਿੰਘ ਠੰਢਾ ਕਰਕੇ ਸਦਦੇ ਸੀ। ਏਨਾਂ ਨੇ ਪੁਤ੍ਰ ਗੁਲਾਬ ਸਿੰਘ ਨੂੰ ਭੀ ਸਾਦੀ ਘਿਉ ਦੁਧ ਦਹੀਂ ਦੀ ਖ਼ੁਰਾਕ ਖਵਾਕੇ ਪਾਲਿਆ ਤੇ ਹਰ ਹਾਣੀ ਨਾਲੋਂ ਗੁਲਾਬ ਸਿੰਘ ਭੀ ਤਗੜਾ ਸਾਬਤ ਹੋਇਆ। ਛਾਲ ਮਾਰਦਾ ਤਾਂ ਵਿਚ ਮੋੜ੍ਹੀਆਂ ਰਖ ੧੪ ਹਥ ਟੱਪ ਜਾਂਦਾ। ਸੌਂਚੀ ਤੇ ਦੌੜਨ ਵਿਚ ਭੀ ਮੁਕਾਬਲੇ ਵਾਲੇ ਨੂੰ ਜ਼ੇਰ ਕਰ ਲੈਂਦਾ, ਤੇ ਪਿਤਾ ਦੇ ਠੰਢੇ ਸੁਭਾ ਵਾਂਗੂੰ ਜਿਤਕੇ ਭੀ ਨ ਜਣਾਂਦਾ।

ਈਸ਼ਰ ਸਿੰਘ ਜੀ

ਪਾਲਨ ਵਿਦਿਆ ਸ਼ਾਦੀ, ਹਦਾਇਤ ਹਛੀ
ਚਾਰੇ ਮਾਪਿਆਂ ਦਾ ਫਰਜ਼ ਜਾਪਦਾ ਏ।
ਸ਼ਾਦੀ ਦਾਹੜੀਉਂ ਅੱਵਲ ਉਲਾਦ ਬਾਬਤ,
ਮਾਈ ਬਾਪ ਭਾਗੀ ਪੁੰਨ ਪਾਪ ਦਾ ਏ।

ਲੋਕ ਪ੍ਰਸਿਧ ਧਰਮ ਨੂੰ ਮੁਖ ਰਖ ਭਾਵੇਂ ਵਿਦਿਆ ਤੇ ਨ ਦੇ ਸਕੇ ਪਰ ਪਾਲਨ ਤੇ ਚੰਗੀ ਮਤ ਦੇਣ, ਜਵਾਨ ਬਣਾਨ ਬਾਦ ਆਪਦੀ ਸ਼ਾਦੀ ਬਾੜ੍ਹੀਆਂ ਵਾਲੇ ਦੇ ਸੰਤ ਹਰਨਾਮ ਸਿੰਘ ਜੀ ਗੋਤ 'ਸਰਾ' ਵਲ ਭਾਗਣ ਜਾਈ ਬੰਤ ਕੌਰ ਨਾਲ ਕਰ ਦਿਤੀ। ਇਹ ਬੰਤ ਕੌਰ ਸਾਧ ਸੰਗਤ ਦੀ ਰੰਗਤ ਦੀ ਰੰਗੀ ਐਸੀ ਗੁਲਾਬ ਸਿੰਘ ਦੀ ਸੇਵਾ ਸਤ ਦੀ ਪੁਤਲੀ ਬਣੀ ਕਿ– "ਧਨ ਪਿਰੁ ਏਹ ਨ ਆਖੀ-ਅਨਿ ਬਹਨਿ ਇਕਠੇ ਹੋਇ। ਏਕੁ ਜੋਤਿ ਦੋਇ ਮੂਰਤੀ ਧਨ ਪਿਰੁ ਕਹੀਐ ਸੋਇ।" ਦਾ ਵਾਕ ਸਹੀ ਵਰਤ ਵਖਾਇਆ। ਮਾਤਾ ਪਿਤਾ ਦੀ ਚੜ੍ਹਾਈ ਬਾਦ ਭਰਾਵਾਂ ਤੋਂ ਵਖ ਹੋ ਗੁਲਾਬ ਸਿੰਘ ਜੀ ਸੁਧ ਵਿਹਾਰ ਕਰਦੇ ਤੇ ਗੁਆਂਢੀ ਦੀ ਵਧੀਕੀ ਜਰਦੇ। ਸੰਤ ਆਲਾ ਸਿੰਘ ਜੀ ਵਰਨ ਤੋਂ ਭਜਨ ਪੁਛ ਬਹੁਤਾ ਚੁਪ ਤੇ ਇਕਾਂਤ ਰਹਿੰਦੇ। ਗੁਲਾਬ ਸਿੰਘ ਹੋਰਾਂ ਨੂੰ ਪੂਰਾ ਨਾਮ ਦੀ ਲਗਨ ਵਾਲਾ ਵੇਖਣ ਤੇ ਸਾਧਾਂ ਦੀ ਸੇਵਾ ਰੱਜ ਰੀਝ ਨਾਲ ਕਰਨ ਦੇ ਚਾ ਨੇ ਬੰਤ ਕੌਰ ਨੂੰ ਅਜਿਹਾ ਪ੍ਰੇਮ ਮੁਗਧ ਕੀਤਾ ਕਿ ਉਹ ਹਰ ਵੇਲੇ ਦਿਲੋਂ ਲੋੜਦੀ ਰਹਿੰਦੀ ਕਿ ਐਸਾ ਸੁਭਾਗਾ ਸਮਾਂ ਕਦੋਂ ਆਵੇਗਾ। ਕਿਉਂਕਿ ਓਸ ਦਾ ਜੇਠ ਬੁਧ ਸਿੰਘ ਟੋਕਾਂ ਟੋਕਾਂ ਕਰਦਾ ਰਹਿੰਦਾ ਸੀ ਜਿਸ ਕਰਕੇ ਬੰਤ ਕੌਰ ਦਾ ਉਪਰ ਲਿਖਿਆ ਚਾ ਪੂਰਾ ਨਹੀਂ ਸੀ ਹੁੰਦਾ। ਇਸ ਭਲੇ ਤੇ ਉਚੇ ਚਾ ਨੇ ਬੰਤ ਕੌਰ ਨੂੰ ਪ੍ਰੇਮ ਮੁਗਧ ਬਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਖਵਾਇਆ "ਵੇ ਮਹਾਰਾਜ! ਸਾਡੇ ਵਲ ਨਹੀਉਂ ਔਣਾ? ਸਾਡੇ ਕੋਲੋਂ ਹੋਕੇ ਟੁਰ ਔਨਾਂ ਏਂ! ਕਦੀ ਸਾਡੇ ਵੱਲ ਵੀ ਆਵਿਆ ਕਰ। ਕੋਲੋਂ ਦੀ ਲੰਘ ਸੰਤ ਆਲਾ ਸਿੰਘ ਜੀ ਦੇ ਡੇਰੇ ਜਾਨਾ ਏਂ।" (ਇਹ ਗੁਜਰਾਂਵਾਲੇ ਦੀ ਗਲ ਏ) ਸਤਿਗੁਰੂ ਜੀ ਪੁਛਿਆ "ਇਹ ਬੀਬੀ ਕਿਦ੍ਹੀ ਕੁਝ ਲਗਦੀ ਏ।" ਤਾਂ ਬੰਤ ਕੌਰ ਨੇ ਕਿਹਾ "ਸੰਤ ਹਰਨਾਮ ਸਿੰਘ ਦੀ ਭਤੀਜੀ।" ਸਤਿਗੁਰੂ ਜੀ ਸੰਤ ਆਲਾ ਸਿੰਘ ਜੀ ਤੋਂ ਬੰਤ ਕੌਰ ਦੇ ਸੁਭਾ, ਚਾ ਕੁਲ ਦੀ ਸੋਭਾ ਸੁਣਕੇ ਕਿਹਾ "ਬੀਬੀ ਦੇ ਹੁਣ ਜਾਵਾਂ ਕਰਾਂਗੇ।"

੧੯੯੦ ਵਿਚ ਤਿੰਨਾਂ ਬੀਬੀਆਂ ਤੋਂ ਬੰਤ ਕੌਰ

ਘਰ ਪੁਤ੍ਰ ਹੋਇਆ। ਸੰਗਤ ਸਦ ਆਦਿ ਬਾਣੀ ਦਾ ਅਖੰਡ ਪਾਠ ਕਰਾਇਆ। ਤੇ ਓਦੂੰ ਸਾਲ ਬਾਦ ਏਸੇ ਖੁਸ਼ੀ ਵਿੱਚ ਸਤਿਗੁਰੂ ਜੀ ਦਾ ਮੇਲਾ ਕਰਵਾਇਆ। ੧੪ ਕਤਕ ਦੀ ਨੂੰ ਸਲੋਕਾਂ ਦੇ ਪੜ੍ਹਨ ਸਮੇਂ ਗੁਲਾਬ ਸਿੰਘ ਹੋਰਾਂ ਘਿਉ ਦਾ ਪੀਪਾ ਮਥਾ ਟੇਕਿਆ ਤੇ ਇਕ ਪਲ ਸਾਹਵੇਂ ਬੈਠ ਸਤਿਗੁਰੂ ਜੀ ਵਲ ਤਕਦੇ ਰਹੇ ਕਿ ਸਤਿਗੁਰੂ ਜੀ ''ਤਨ ਮਨ ਹੋਇ ਨਿਹਾਲ ਬਿੰਦਕ ਨਦਰ ਝਾਕ'' ਵਾਲੀ ਨਦਰ ਕਰਦੇ ਹਨ। ਪਰ ਮੌਜਦੇ ਮਾਲਕ ਹੋਰ ਪ੍ਰੇਮੀ ਦੇ ਪ੍ਰੇਮ ਵਿਚ ਰੁਝੇ ਰਹੇ। ਗੁਲਾਬ ਸਿੰਘ ਜੀ ਪਿਛੇ ਵਲ ਜਾ ਬੈਠੇ ਚਿਤ ਵਿਚ ਚਿਤਵਦੇ ਰਹੇ ਕਿ ਜੋ ਗੁਰ ਵਾਕ ''ਕੋਟ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖ ਦ੍ਰਿਸਟਾਨਾ। ਜਉ ਕਹਹਿ ਮੁਖਹੁ ਸੇਵਕ ਇਹ ਬੈਠੀਐ ਸੁਖ ਨਾਨਕ ਅੰਤ ਨ ਜਾਨਾ।'' ਸੁਣਿਆਂ ਹੈ, ਨਸੀਬ ਨਹੀਂ ਹੋਇਆ। ਤਾਂ ਸਤਿਗੁਰੂ ਜੀ ਨੇ ਗੁਲਾਬ ਸਿੰਘ ਵਲ ਨਿਗਾਹ ਫੇਰੀ ਤੇ ਨਦਰੀ ਨਦਰ ਨਿਹਾਲ ਕਰ ਦਿਤਾ। ਗੁਲਾਬ ਸਿੰਘ ਜੀ ਦੇ ਅੰਦਰ ਮਸਤੀ ਭਰ ਦਿਤੀ– ''ਜਉ ਡੇਖੈ ਹਿਕ ਵਾਰ ਸੁਖ ਕੀਮਾਹੁ ਬਾਹਰੇ।' ਵਾਲੀ ਤੁਕ ਵਰਤ ਗਈ। ''ਲੋਹਿਓਂ ਹੋਇਅਉ ਲਾਲ ਨਦਰੁ ਸਤਿਗੁਰ ਜਦ ਧਾਰੇ।' ਦਾ ਵਾਕ ਪੂਰਾ ਉਤਰ ਗਿਆ। ਇਸ ਦਿਨੋਂ ਬਾਦ ਸੰਤ ਗੁਲਾਬ ਸਿੰਘ ਜੀ ਮਸਤ ਰੌਂ ਸ਼ਬਦ ਸੁਆਦ ਰੰਗੇ ਘਟ ਬੋਲਦੇ। ਤੇ ਇਹਨਾਂ ਦਾ ਭਜਨ ਹੁੰਦਾ ਤੇ ਮਸਤ ਮਤਾ ਵੇਖ ਬੰਤ ਕੌਰ ਇਹ ਤੁਕ ਪੜਦੀ ਰਹਿੰਦੀ 'ਕਤਕ ਹੋਵੈ ਸਾਧ ਸੰਗ ਬਿਨਸੈ ਸਭੇ ਸੋਚ।' ਥੋੜੇ ਦਿਨਾਂ ਬਾਦ ਸੰਤ ਗੁਲਾਬ ਸਿੰਘ ਜੀ ਕਹਿਣ ਲਗ ਪਏ, ਨਵੇਂ ਸਾਲ ਵਾਹੀ ਨਹੀਂ ਹੋਣੀ ਬੰਤ ਕੌਰੇ ਤੂੰ ਕੀ ਕਰੇਂਗੀ।'' ਅੰਤ ਅਧ ਜੇਠ ਦੇ ਅੰਦਰ ਪਏ ਉਠੇ ਹੀ ਨ, ਨ ਬੁਲਾਇਆਂ ਬੋਲਣ। ਕੋਈ ਕਵ੍ਹੇ ਬੰਤ ਕੌਰ ਦੇ ਖਰਚ ਤੋਂ ਗਮ ਕਰ ਅੰਦਰ ਪੈ ਗਿਆ ਏ, ਕੋਈ ਕਵ੍ਹੇ ਭੂਤ ਚੰਬੜ ਗਿਆ ਸੂ।

ਬੁਧ ਸਿੰਘ ਨੇ ਇਕ ਦੋ ਭੂਤਾਂ ਦੇ ਕਢਣ ਵਾਲੇ ਆਂਦੇ, ਉਹਨਾਂ ਬਹੁਤ ਕੁਝ ਚਾਰਾ ਕੀਤਾ ਪਰ ਸੰਤ ਜੀ ਚੁਪ ਕੀਤੇ ਮੂੰਹ ਵਲ੍ਹੇਟਕੇ ਬੈਠ ਰਹਿਣ, ਸਭ ਹਾਰ ਗਏ। ਇਕ ਦਿਨ ਸੰਤ ਜੀ ਰਾਤ ਘਰੋਂ ਨਿਕਲ ਗਏ। ੬-੭ ਦਿਨ ਦੂਰ ਇਕ ਖਾਲ ਲਾਗੇ ਮੋੜ੍ਹਿਆਂ ਤੇ ਪਏ ਰਹੇ। ਕਿਸੇ ਬੰਤ ਕੌਰ ਨੂੰ ਆ ਦਸਿਆ, ਘਰ ਲਿਆ ਸਰੀਰ ਚੋਂ ਕੰਡੇ ਕਢੇ ਤੇ ਰਤ ਦੇ ਭਰੇ ਕਪੜੇ ਧੋਤੇ।

ਸੰਤ ਜੀ, ''ਪ੍ਰੀਤ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ। ਚਰਨ ਕਮਲ ਮਨੁ ਬੇਧਿਓ ਬੂਝਨ ਸੁਰਤਿ ਸੰਜੋਗ।'' ਵਾਲੀ ਅਵਸਥਾ ਤੇ ਰਹਿੰਦੇ।

ਕਦੀ ਕਈ ਦਿਨ ਵੈਰਾਗ ਹੀ ਕਰਦੇ, ਕਦੀ ਖਾਂਦੇ ਹੀ ਕੁਝ ਨ। ਅੰਤ ਇਹ ਹੋਇਆ ਤਿੰਨ ਮਹੀਨੇ ਅੰਨ ਜਲ ਕੁਝ ਮੂੰਹ ਨ ਪਾਇਆ। ਸੰਤ ਆਲਾ ਸਿੰਘ ਜੀ ਨੇ ਬੱਗਾ ਪੂਣੀ ਵਰਗਾ ਰੰਗ ਤੇ ਪਿੰਜਰ ਹੋਏ ਵੇਖ ਕਿਹਾ ''ਗੁਲਾਬ ਸਿੰਘਾ, ਭਾਈ ਸਾਧਾ ਜਦ ਘੋੜੀ ਚਾਲੇ ਲਗ ਪਵੇ ਤੇ ਬੈਲ ਖੋਪੀਂ ਤੁਰ ਪਵੇ ਫੇਰ ਨਹੀਂ ਤੰਗ ਕਰੀਦਾ। ਜਦ ਮਨ ਦੁਬਿਧਾ ਵਲੋਂ ਮੁੜ ਭਜਨ ਵਲ ਲਗ ਗਿਆ ਹੈ ਤਾਂ ਤੂੰ ਇਸ ਤਨ ਨੂੰ ਦੁਖ ਨ ਦੇਹ। ਵੇਖ– ''ਘਟ ਵਸਹਿਚਰਨਾਰਬਿੰਦੁਰਸਨਾਰਜਪੈ ਗੁਪਾਲ। ਨਾਨਕ ਸੋ ਪ੍ਰਭੁ ਸਿਮਰੀਐ ਤਿਸ ਦੇਹੀ ਕੋ ਪਾਲ।'' ਤੇ 'ਦੇਹ ਘੋੜੀ ਚੜ ਹਰਿ ਪਾਇਆ' ਆਦਿ ਗੁਰਵਾਕ ਦਸਦੇ ਹਨ। ਇਸ ਦੇਹੀ ਨੂੰ ਤੂੰ ਹੁਣ ਪਾਲਕੇ ਇਸਤੋਂ ਕੰਮ ਲੈ। ਤਾਂ ਗੁਲਾਬ ਸਿੰਘ ਜੀ ਕਿਹਾ– 'ਨਾੜਾਂ ਸੁਕ ਗਈਆਂ ਹਨ।' ਤਾਂ ਸੰਤ ਆਲਾ ਸਿੰਘ ਜੀ ਨੇ ਚੌਲਾਂ ਦੀ ਪਿਛ ਵਿਚ ਘਿਉ ਮਿਲਾਕੇ ਛਕਾਣਾਂ ਸ਼ੁਰੂ ਕੀਤਾ। ਫੇਰ ਸੰਤ ਜੀ ਅਠੀਂ ਪਹਿਰੀਂ ਭੋਰਾ ਛਕਣ। ਬੰਤ ਕੌਰ ਨੂੰ ਜੇ ਬਾਹਰ ਦੇ ਵਿਹਾਰੋਂ ਤਕਲੀਫ ਹੋਵੇ ਤੇ ਝੂਰੇ, ਕਾਹਲੀ ਪਵੇ ਤਾਂ ਕਹਿਣ 'ਜਰੇਂਗੀ ਤਾਂ ਤਰੇਂਗੀ' ਜੇ ਹਿਸਾ ਪੈਲੀ ਦਾ ਥੋੜਾ ਮਿਲੇ ਤੇ ਲੋਕ ਉਜਾੜ ਦੇਣ ਤਾਂ ਬੰਤ ਕੌਰ ਨੂੰ ਕਹਿਣ ਜੋ ਭਾਗ ਹੁੰਦਾ ਹੈ ਉਹ ਮਿਲਦਾ ਹੈ ਤੇ ਜੋ ਭਾਗ ਹੁੰਦਾ ਹੈ ਕੋਈ ਗਵਾ ਨਹੀਂ ਸਕਦਾ। ਤਿੰਨ ਸਾਲ ਅੰਦਰ ਬੈਠੇ ਫਗਣ ਵਿਚ ਉਠੇ। ਵਿਹਾਰ ਕਰਨ ਲਗੇ ਤੇ ਬੰਤ ਕੌਰ ਦੀ ਅਰਜ ਕਰਨ ਤੇ ਕਛਹਿਰਾ ਪਾ ਲਿਆ। ਸੰਤ ਆਲਾ ਸਿੰਘ ਜੀ ਪੁਛਿਆ, ਤੂੰ ਜਿਥੇ ਰਿਹਾ ਹੈਂ ਉਹਦੀ ਗਲ ਦਸ। ਤਾਂ ਆਪਨੇ ਕਿਹਾ; ਓਥੋਂ ਨ ਮੈਂ ਆਕੇ ਰਾਜੀ ਸਾਂ

ਨਾ ਉਹ ਘਲਕੇ ਰਾਜੀ ਸੀ। ਪਰ ਬੰਤ ਕੌਰ ਦੀ ਤੇ ਬੀਬੀਆਂ ਦੀ ਤਕਲੀਫ ਪਾਰੋਂ ਕਾਰ ਕਰਨ ਦਾ ਹੁਕਮ ਹੋਇਆ ਹੈ, ਜੇ ਸੰਤ ਆਲਾ ਸਿੰਘ ਜੀ ਪੁਛਿਆ, ਤਿੰਨ ਸਾਲ ਜੰਗਲ ਨਹੀਂ ਤੂੰ ਗਿਆ। ਤਾਂ ਸੰਤ ਗੁਲਾਬ ਸਿੰਘ ਜੀ ਕਿਹਾ, ਢਲੀ ਰਾਤੇ ਉਡਨ ਖਟੋਲਾ ਔਂਦਾ ਬਿਠਾ ਸਤਿਗੁਰੂ ਜੀ ਦੂਰ ਲੈ ਜਾਂਦੇ। ਖੂਹੀ ਤੇ ਗੜਵਾ ਹੁੰਦਾ ਮੈਂ ਜੰਗਲ ਹੋ ਇਸ਼ਨਾਨ ਕਰਦਾ ਤੇ ਫੇਰ ਏਥੇ ਉਤਾਰ ਜਾਂਦੇ ਰਹੇ।

ਅਠ ਵਰੇ ਵਿਹਾਰ ਕੀਤਾ । ਫੇਰ ਵੈਸਾਖੀ ਦੀ ੬ ਨੂੰ ਅੰਦਰ ਬੈਠ ਗਏ । ਸੰਤ ਆਲਾ ਸਿੰਘ ਜੀ ਟਿਬੀਓਂ ਜਾ, ਕਿਹਾ ਹੁਣ ਫੇਰ ਕੀ ਧਾਰਨ ਕੀਤਾ ਜੇ। ਤੇ ਸੰਤ ਜੀਦਾ ਹਥ ਫੜ ਆਪਣੇ ਸਿਰਤੇ ਧਰ ਕਿਹੋ ਨੇ, ਜੋ ਰਾਮ ਦੀ ਰਜ਼ਾ ਤੇ ਆਪਦੀ ਰਜ਼ਾ।

ਬੰਤ ਕੋਰ ਦੇ ਖਿਝਣ ਤੇ ਕਿ ਲੋਕ ਸਾਨੂੰ ਤੰਗ ਕਰਦੇ ਨੇ। ਆਪ 'ਸੁੰਨ ਗੁਫਾ ਮਹਿਆਸਣ ਬੈਸਣ ਕਲਿਪ ਬਿਬਰਜਤ ਪੰਥਾ। ਤੇ 'ਹਉਮੈ ਹਿੰਸਾ ਗਤਿ ਗਏ ਨ ਹੀ ਸੰਸਾ ਸੋਗ' ਵਾਲੀ ਅਵਸਥਾ ਤੇ ਰਹਿੰਦੇਜੇ ਬੰਤ ਕੌਰ ਜੇਠ ਦੇ ਰੋਕਣ ਕਰ ਸੰਗਤ ਵੱਲ ਨ ਜਾਂਦੀ ਤਾਂ ਕਹਿੰਦੇ ਜਦ ਮੈਂ ਨਹੀਂ ਰੋਕਦਾ ਤੂੰ ਕਿਓਂ ਨਹੀਂ ਸਾਧਾਂ ਕੋਲ ਜਾਂਦੀ, 'ਪਤੀ ਸੋਇ ਜੋ ਸਤੀ ਕੋ ਸਦਾ ਭਲੀ ਸਿਖ ਦੇਇ। ਆਪ ਚਲੇ ਸੁਭ ਪੰਥਸਦ ਨਾਰੀ ਕੋਭੀ ਚਲੇਇ। ਦੀ ਵਰਤੋਂ ਕਰਦੇ।

ਇਸ ਵਾਰ ਅੰਦਰ ਬੈਠਿਆਂ ਸੰਤ ਗੁਲਾਬ ਸਿੰਘ ਜੀ ਨੂੰ ਤਿੰਨ ਸਾਲ ਹੋਏ ਸੀ ਕਿ ਪਾਕਸਤਾਨ ਤੇ ਹਿੰਦੁਸਤਾਨ ਦੇ ਬਨਣ ਦੀ ਬਲਾ ਪਈ । ਲੋਕ ਪਿੰਡ ਛਡ ਕੈਂਪਾਂ ਚਿ ਜਾਵੜੇ। ਬੰਤ ਕੌਰ ਭੀ ਪ੍ਰਵਾਰ ਸਣੇ ਚੂਹੜ ਕਾਣੇ ਕੈਂਪ ਚਿ ਗਈ ਪਰ ਸੰਤ ਜੀ ਆਪਣੇ ਖੂਹ ਚਬਚੇਆਣੇ ਹੀ ਰਹੇ। ਮਾਤਾ ਬੰਤ ਕੌਰ ਸਭ ਦੇ ਰੋਕਦਿਆਂ ਧੀਆਂ ਪੁਤਾਂ ਕੁਟੰਬ ਪ੍ਰਵਾਰ ਦਾ ਸੰਗ ਛਡ ਸੰਤ ਜੀ ਕੋਲ ਆਈ । ਸੰਤ ਜੀ ਕਹਿ ਰਹੇ ਮੈਨੂੰ ਕੋਈ ਨਹੀਂ ਮਾਰਦਾ ਪਰਨਾਂ ਗਈ ਕੋਲੋਂ ਪੰਜਾਂ ਦਿਨਾਂ ਪਿਛੋਂ ਸਨਬੰਧੀਆਂ ਆ ਪਹਿਲੋਂ ਬੰਤ ਕੌਰ ਅਗੇ ਹਥ ਜੋੜੇ ਤੂੰ ਚਲ ਇਹ ਤੈਨੂੰ ਥੋੜਾ ਅਗੇ ਖਟ ,ਖਵਾਂਦਾਏ। ਤਾਂ ਉਸ ਕਿਹਾ।'ਤਨ ਮਨ ਦੇਇ ਨ ਅੰਤਰ ਰਾਖੈ।' ਸੁਹਾਗਣ ਨੂੰ ਪਤੀ ਦੇ ਵਾਸਤੇ ਹੁਕਮਦੇ। ਤੇ ਨਾਲੇ ਪਤੀ ਦੇ ਨਾਲ ਦੁਖ ਚਿ ਭੀ ਨਿਭਨਾਂ। 'ਜੇ ਜਾਣਹਿ ਪਿਰ ਆਪਣਾਂ ਤਾਂ ਤਨਿ ਦੁਖ ਸਹਾਹਿ, । ਗੁਰਵਾਕ ਹੈ ਤਾਂ ਮੈਂ ਨਹੀਂ ਜਾਣਾਂ। ਤਾਂ ਸਭ ਨੇ ਸੰਤਾਂ ਅਗੇ ਹਥ ਜੋੜੇ ਤੂੰ ਬੰਤ ਕੌਰ ਦੇ ਹਠ ਸਤ ਤੇ ਪਤ ਵਲੋਂ ਵੇਖ ਤੇ ਸਾਡੇ ਨਾਲ ਕੈਂਪ ਚਿ ਚਲ ।

ਤਾਂ ਸੰਤ ਜੀ ਉਠਟੁਰੇ ਤੇ ਘੋੜੀ ਤੇ ਕੈਂਪਚਆਏ। ਅਠ ਦਿਨ ਕੈਂਪ ਚਿ ਰਹਿ, ਭੈਣੀ ਸਾਹਿਬ ਗਡੀ ਤੇ ਚੜ੍ਹ ਆਏ। ਛੇ ਦਿਨ ਭੈਣੀ ਸਾਹਿਬ ਰਹੇ । ਸਤਿਗੁਰੂ ਜੀ ਕਾਰ ਤੇ ਜੀਵਨ ਨਗਰ ਪੁਚਾਏ । ਸੱਤ ਦਿਨਾਂ ਬਾਦ ਸੰਤ ਨਗਰ ਆਏ ਸਣੇ ਪ੍ਰਵਾਰ।

ਅੰਦਰ ਰੈਂਦੇ ਅਠੀਂ ਪਹਿਰੀਂ ਥੋੜਾ ਅੰਨ ਜਲ ਛਕਦੇ। ਅਸੂੰ ਤੋਂ ਜਲ ਛਕਦੇ ਚੇਤਰ ਤਕ ਉਕਾ ਇਸਨਾਨ ਪੰਜੀਂ ਛੀਂ ਮਹੀਨੀ ਮਾਤਾ ਦੇ ਕਹਿਨ ਤੇ ਤੱਤੇ ਜਲ ਦਹੀਂ ਨਾਲ ਕਰਵਾ ਲੈਂਦੇ।

ਸਤਿਗੁਰੂ ਜੀ ਤੇ ਸੰਤ ਆਲਾ ਸਿੰਘ ਜੀ ਦੇ ਆਇਆਂ ਮੰਜੇ ਤੋਂ ਉਤਰ ਚਰਨੀ ਲਗਦੇ । ਹੋਰ ਕਿਸੇ ਦੇ ਆਣ ਜਾਣਦਾ ਹਰਖ ਸੋਗ ਨ ਕਰਦੇ।

ਸੰਮਣ ਬੁਕਮਣ ਰਹੇ ਚੁੰਮਣ ਚਰਨ ਲੋਕੀਂ,
ਵਾਕਫ ਕਿਸੇ ਨ ਅਖ ਉਘਾਰ ਹੋਵੇ।
ਆਵੇ ਜਾਏ ਕੋਈ ਧਰੇ ਓਠਾਵੇ ਭਾਂਵੇ,
ਕਿਸੇ ਸੰਗ ਨ ਗਿਲਾ ਪਿਆਰ ਹੋਵੇ।

ਸੰਤ ਆਲਾ ਸਿੰਘ ਜੀ ਦੀ ਬਾਂਹ ਨੂੰ ਦਰਦ ਨਹੀਂ ਹਟਦੀ ਸੀ ਬੰਤ ਕੌਰ ਜੋਹੀਂ ਬਾਂਹ ਸੰਤਾਂ ਦੀ ਤੇ ਹਥ ਗੁਲਾਬ ਸਿੰਘ ਜੀ ਦਾ ਫੜ ਫੇਰਿਆ। ਸੰਤਾਂ ਦੀ ਦਰਦ ਹਟ ਗਈ ਤੇ ਸੰਤ ਗੁਲਾਬ ਸਿੰਘ ਜੀ ਦੀ ਨੂੰ ਹੋਣ ਲਗ ਪਈ।

ਮਾਤਾ ਬੰਤ ਕੌਰ ਬੂਹਾ ਲਥਾ ਤੇ ਸੁੰਞਾ ਘਰ ਛਡ ਜਾਂਦੀ ਪਰ ਕੋਈ ਕਾਂ ਕੁਤਾ ਵੜ ਚੀਜ਼ ਨਾ ਵਗਾੜਦੇ ਜਿਵੇਂ ਗੁਰ ਇਤਿਹਾਸ ਸੁਨਣ ਨ ਆਏ ਸਿਖਾਂ ਤੋਂ ਵਜ੍ਹਾ ਪੁਛ ਸਾਹਿਬ ਰਾਮ ਕੌਰ ਜੀ ਕਿਹਾ ਸੀ ਤੁਸੀਂ ਆਇਆ ਕਰੋ ਕਾਂ ਨਹੀਂ ਤੁਹਾਡੇ ਖੇਤਾਂ ਚਿ ਔਣਗੇ। ਤੇ ਨ ਔਂਦੇ ਸੀ।

ਸੇਠ ਤ੍ਰਲੋਕ ਸਿੰਘ ਜੀ ਸਿਆਮੋਂ ਆਏ, ਤੇ ਸੰਤ ਗੁਲਾਬ ਸਿੰਘ ਜੀ ਦੀ ਭੇਟਾ ਮਾਇਆ ਧਰੀ। ਸੰਤ ਗੁਲਾਬ ਸਿੰਘ ਜੀ ਬੰਤ ਕੌਰ ਨੂੰ ਕਿਹਾ ਇਹ ਗੁਰੂ ਕੇ ਲੰਗਰ ਚਿ ਦੇ ਆ। ਬੰਤ ਕੌਰ ਗੁਰੂ

ਜੀ ਅਗੇ ਜੀਵਨ ਨਗਰ ਆ ਧਰੀ । ਉਹ ਦਿਨ ਬੜੀ ਤੰਗੀ ਦੇ ਸਨ। ਸਤਿਗੁਰੂ ਜੀ ਨਾ ਲੈਣ ਤੇ ਕਹਿਣ ਤੁਸੀਂ ਘਰ ਵਰਤੋ। ਮਾਤਾ ਬੰਤ ਕੌਰ ਮਾਤਾ ਦਾਨੀ ਚੰਬੇ ਵਾਲੀ ਵਾਂਗੂੰ ਸਤਿਗੁਰੂ ਜੀ ਨੂੰ ਸੰਤ ਆਲਾਸਿੰਘ ਜੀ ਕੋਲ ਲੈ ਆਈ ਜੋ ਉਸ ਵੇਲੇ ਜੀਵਨ ਨਗਰ ਹੀ ਸਨ। ਤੇ ਵੈਰਾਗੀ ਹੋ ਗਈ ਕਹਿੰਦੀ ਉਨਾਂ ਭੇਜਿਆ ਹੈ ਇਹ ਲੈਂਦੇ ਨਹੀਂ ਮੈਂ ਕਿਧਰ ਜਾਵਾਂ। ਤਾਂ ਸੰਤਾਂ ਦੇ ਕਹੇ ਸਤਿਗੁਰੂ ਜੀ ਨੇ ਉਹ ਮਾਇਆ ਲੈ ਲਈ । ਅੰਤ ੧੧ ਫਗਣ ੨੦੧੦ ਨੂੰ ਢਲੀ ਰਾਤੇ ਭਜਨ ਕਰਦੇ ਕੋਲ ਬਾਣੀ ਦੀ ਤੁਕ 'ਕੇਤੀ ਛੁਟੀ ਨਾਲ' ਨਿਸਲ ਹੋ ਸਮਾ ਗਏ। ਸਤਿਗੁਰੂ ਜੀ ਭੋਗ ਤੇ ਗਏ ਤੇ ਬਚਨ ਕੀਤਾ ਇਹ ਸੰਤ ਗੁਲਾਬ ਸਿੰਘ ਜੀ 'ਸੁਨ ਮਨ ਮਗਨੁ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ' ਤੇ ਗੁਰਮੁਖ ਅੰਤਰ ਸਹਿਜ ਹੈ ਮਨ ਚੜਿਆ ਦਸਵੈਂ ਆਕਾਸ। ਤਿਥੈ ਊਘ ਨ ਭੁਖ ਹੈਰਤਿ ਅੰਮ੍ਰਿਤ ਨਾਮ ਸੁਖਵਾਸ। ਨਾਨਕ ਦੁਖ ਸੁਖ ਵਿਆਪਤ ਨਹੀਂ ਜਿਥੇ ਆਤਮ ਰਾਮ ਪ੍ਰਗਾਸ। ਤੇ ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦ ਅਨੰਦੀ ; ਦੀ ਅਵਸਥਾਵਾਲੇਬੇਮਸਾਲ ਸੰਤ ਹੋਏ ਹਨ।

ਸੰਤ ਸ਼ਿੰਗਾਰਾ ਸਿੰਘ ਜੀ 'ਸ਼ਿੰਗਾਰ' ਸੰਤ ਨਗਰ

ਬਚਨ ਆਪ ਦੇ ਪੂਰੇ ਸਭ ਹੋ ਰਹੇ ਹਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਲਾਹਾਬਾਦ ਦੇ ਕਿਲੇ ਵਿਚ ਲਾਟ ਨੇ ਆਕੇਉਹਨਾਂ ਦਾ ਹਾਲ ਪੁਛਿਆ :–

'ਬਾਬਾ ਸਾਹਿਬ ਕੀ ਹਾਲ ਨੇ ?' ਕਿਹਾ ਗੋਰੇ, ''ਬਹੁਤ ਚੰਗੇ, ਸਭ ਯਾਦ ਕਰਾ ਦਿਆਂ ਗਾ।
ਓਇ ਬਿਲਿਆ ! ਰੋਵੇਂ ਗਾ ਯਾਦ ਕਰ ਕਰ, ਏਸ ਹਾਸੇ ਨੂੰ ਰੋਣਾ ਬਣਾ ਦਿਆਂ ਗਾ।
ਆਕੜ ਫਾਕੜ ਤੇਰੀ ਸਾਰੀ ਨਸ਼ਟ ਕਰਕੇ, ਪਿਆਰੇ ਹਿੰਦ ਚੋਂ ਤੈਨੂੰ ਨਸਾ ਦਿਆਂ ਗਾ।
ਰੌਲੀ ਪਵੇਗੀ ਰੁਲਣਗੇ ਦੇਸ਼ ਸਾਰੇ ਚੰਨ ਪੂਰਬੋਂ ਨਵਾਂ ਚੜ੍ਹਾ ਦਿਆਂ ਗਾ।
ਤੁਸਾਂ ਨਿਕਲ ਜਾਣਾ ਭੈੜੇ ਦਿਨਾਂ ਵਾਂਗੂੰ, ਉਕਾ ਦਾਲ ਨ੍ਹ ਸਾਡੜੀ ਗਲੇ ਗੀ ਨਾ।
ਵਕਤ ਆ ਪੁੰਨਾਂ, ਮੁੰਡੇ ਜਾਗ ਪਏ ਨੇ, ਕੁਟਲ ਨੀਤੀਤੁਹਾਡੀ ਕਿਤੇ ਫਲੇ ਗੀ ਨਾ।''।
ਗੋਰੇ ਟੁਰ ਗਏ, ਹਿੰਦ ਅਜ਼ਾਦ ਹੋਇਆ, ਰਾਜੇ ਰਾਜ ਗੁਆਕੇ ਰੋਂਦੇ ਨੇ ਪਏ।
ਇਕਦਮ ਸਾਰੇ ਮੁੰਡੇ ਜਾਗ ਉਠੇ, ਇਕ ਦੂਜੇ ਨੂੰ ਅੰਦਰੋਂ ਟੂੰਹਦੇ ਨੇ ਪਏ।
ਐਟਮ ਹਾਈਡ ਬੰਬਾਂ ਦੇ ਅੰਬਾਰ ਲਾ ਲਾ, ਉਤੋਂ ਅਮਨ ਮਸਾਲੇ ਨੂੰ ਗੌਂਦੇ ਨੇ ਪਏ।
ਉਂਜ ਤੇ ਆਖਦੇ ਨੇ 'ਅਮਨ ਚੈਨ ਰਖੋ !' ਐਪਰ ਅੰਦਰੋਂ ਲੰਬੂ ਲਗੋਂਦੇ ਨੇ ਪਏ।
ਪੈਦਾ ਰਾਤ ਕਰ ਰਹੇ ਐਟਮ ਜੰਗ ਵਾਲੀ-ਪਰ-ਤੱਕ ਦਿਨ 'ਸ਼ਿੰਗਾਰ' ਦੀ ਲੋ ਰਹੇ ਨੇ।
ਹੁਣ ਤੇ ਪਏ ਵਿਰੋਧੀ ਵੀ ਆਖਦੇ ਨੇ, ਬਚਨ ਆਪਦੇ ਪੂਰੇ ਸਭ ਹੋ ਰਹੇ ਨੇ।।
ਕਈ ਜੁਗ ਵਿਛੋੜੇ ਨੂੰ ਹੋ ਗੁਜ਼ਰੇ, ਦਾਤਾ ! ਦੇਸ ਨੂੰ ਭਾਗ ਹੁਣ ਲਾਓ ਆਕੇ।
ਨੰਨ੍ਹਾਂ ਜੇਹਾ ਬੂਟਾ ਜਿਹੜਾ ਲਾ ਗਏ ਸੀ, ਫੁਲ ਲਾ, ਬਸੰਤ ਮਹਿਕਾਓ ਆਕੇ।
ਪੈ ਜਿਊਨੇ ਆਂ ਜੀਊਣ ਦੀ ਵਾਹ ਕੋਈ ਨਹੀਂ, ਬਿਰਹੋਂ ਮਾਰਿਆਂ ਨੂੰ ਠੰਢ ਪਾਓ ਆਕੇ।
ਏਸ ਜਗਤ ਜਲੰਦੇ ਨੂੰ ਰਖ ਲਉ ਜੀ, ਨਿਗਹ ਮਿਹਰ ਕਰ ਮੋਏ ਜੀਵਾਓ ਆਕੇ।
'ਮੈਂ ਆਵਾਂਗਾ ਏਸੇ ਹੀ ਦੇਹ ਅੰਦਰ'–ਆਸ ਰਖ ਇਹ ਸਵਾਸ ਖਲੋ ਰਹੇ ਨੇ।
ਹੁਣ ਤੇ ਬੁਝ 'ਸ਼ਿੰਗਾਰ' ਹੈ ਦਰਸ਼ਨਾਂ ਦੀ, ਬਾਕੀ ਬਚਨ ਸਭੇ ਪੂਰੇ ਹੋ ਰਹੇ ਨੇ।

Missing 79-80

ਵਲੋਂ ਮਾਸਟਰ ਅਜੀਤ ਸਿੰਘ ਜੀ 'ਚੀਮਾਂ'

ਸੁਧਾਰਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਨੀਲੇ ਅਕਾਸ਼ ਮੰਡਲ ਵਿਚ ਲੱਖਾਂ ਸਿਤਾਰੇ ਪੈਦਾ ਹੋਕੇ ਨੇਸਤੋ ਨਾਬੂਦ ਹੋ ਗਏ, ਪਰ ਸੂਰਜ ਤੇ ਚੰਦਰਮਾ ਆਪਣੇ ਟਿਕਾਣੇ ਅਸਥਿਰ ਹਨ। ਏਸੇ ਤਰਾਂ ਦੁਨੀਆਂ ਦੇ ਅਕਾਸ਼ ਮੰਡਲ ਵਿਚ ਕਰੋੜਾਂ, ਬੰਦੇ ਆਕੇ ਪਾਣੀ ਦੇ ਬੁਲਬਲੇ ਵਾਂਗ ਚਲਦੇ ਬਣੇ ਪਰ ਕੁਝ ਖਾਸ ਵਿਅਕਤੀਆਂ ਜਿਨ੍ਹਾਂ ਦੇਸ, ਕੌਮ, ਮਜ਼ਬ ਅਤੇ ਮਨੁਖਤਾ ਲਈ ਕੁਝ ਕਰਕੇ ਵਿਖਾਇਆ, ਉਹ ਸੂਰਜ ਵਾਂਗ ਅਜ ਵੀ ਚਮਕ ਰਹੀਆਂ ਹਨ ਅਤੇ ਜਿਨ੍ਹਾਂ ਦੀ ਰੌਸ਼ਨੀ ਅਜੇ ਤਕ ਕੁਰਾਹੀਆਂ ਅਤੇ ਭੁਲੇ ਭਟਕਿਆਂ ਨੂੰ ਇਸ ਜਿੰਦਗੀ ਦੀ ਕਾਲੀ ਬੋਲੀ ਤੇ ਡਰੌਣੀ ਰਾਤ ਵਿਚ ਰਾਹੇ-ਰਾਸਤ ਤੇ ਲਿਆ ਰਹੀ ਹੈ। ਉਨ੍ਹਾਂ ਨੇਤਾਵਾਂ ਦੀ ਬਾਬਤ ਇਕਬਾਲ ਲਿਖਦਾ ਹੈ–

ਦੁਨੀਆਂ ਮੇ ਅਹਿਲੇ ਈਮਾਂ,
ਮਿਸਲੇ ਖੁਰਸ਼ੀਦ ਜੀਤੇ ਹੈਂ;
ਉਧਰ ਡੂਬੇ ਇਧਰ ਨਿਕਲੇ,
ਇਧਰ ਡੂਬੇ ਉਧਰ ਨਿਕਲੇ।

ਸਮੇਂ ਸਮੇਂ ਸਿਰ ਈਸਾ, ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ, ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਨੁਖਤਾ ਦੇ ਸੁਧਾਰ ਲਈ ਅਵਤਾਰ ਧਾਰਨਾ ਪਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੭੨ ਬਿਕਰਮੀ ਵਿਚ ਭੈਣੀ ਨਾਮੇਂ ਹੇਚ ਜੇਹੇ ਪਿੰਡ ਵਿਚ ਅਵਤਾਰ ਧਾਰਕੇ ਉਸਨੂੰ ਯਾਤਰਾ ਦਾ ਮਰਕਜ਼ ਬਣਾ ਦਿਤਾ। ਉਸ ਵੇਲੇ ਅੰਗਰੇਜ਼ ਰਾਜ ਦਾ ਸਿਤਾਰਾ ਬਲੰਦੀ ਤੇ ਜਾ ਰਿਹਾ ਸੀ। ਪੰਜਾਬ ਦੇ ਰਜਵਾੜੇ, ਜਾਗੀਰਦਾਰ ਤੇ ਲੈਂਡ-ਲਾਰਡ ਅੰਗਰੇਜ਼ ਦੇ ਬੂਟ ਚੱਟ ਬਣ ਚੁਕੇ ਸਨ, ਗਰੀਬ ਕਿਰਤੀ ਕਾਮੇਂ ਤੇ ਮਜ਼ਦੂਰਾਂ ਦਾ ਖੂਨ ਸਰਮਾਏਦਾਰ ਜੋਕਾਂ ਵਾਂਗ ਪੀ ਰਹੇ ਸਨ। ਲੋਕਾਂ ਨੂੰ ਕੋਈ ਵੀ ਰਹਿਨੁਮਾਈ ਕਰਨ ਵਾਲਾ ਆਗੂ ਨਜ਼ਰ ਨਹੀਂ ਸੀ ਆ ਰਿਹਾ। ਆਮ ਜੰਤਾ ਭੈੜੇ ਰਸਮਾਂ ਰਵਾਜਾਂ ਤੇ ਕੁਰੀਤੀ ਦੀਆਂ ਗੰਦੀਆਂ ਨਾਲੀਆਂ ਵਿਚ ਡਿਗਕੇ ਲਿਬੜ ਚੁਕੀ ਸੀ। ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਕੌਮ ਤੇ ਸਮਾਜ ਲਈ ਜੋ ਕੁਝ ਕੀਤਾ ਉਸਤੋਂ ਕੋਈ ਵੀ ਪੜਿਆ ਲਿਖਿਆ ਸੂਝਵਾਨ ਇਨਸਾਨ ਅਣ-ਜਾਣੂ ਨਹੀਂ। ਮੈਂ ਕੇਵਲ ਜੋ ਕੁਝ ਉਨ੍ਹਾਂ ਸਮਾਜ ਦੇ ਸੁਧਾਰ ਬਾਰੇ ਕੀਤਾ ਕੁਝ ਇਤਿਹਾਸਕਾਰਾਂ ਦੇ ਹਵਾਲੇ ਦੇਕੇ ਵਰਨਣ ਕਰਾਂਗਾ।

ਉਸ ਸਮੇਂ ਆਮ ਲੋਕ ਮੜ੍ਹੀਆਂ ਮਸਾਣਾਂ ਦੀ ਪੂਜਾ, ਗੁਗਾ ਪੀਰ, ਸਖੀ ਸਰਵਰ ਅਤੇ ਯਾਰਵੀਂ ਵਾਲੇ ਪੀਰ ਦੀ ਮਨੌਤ ਕਰਦੇ ਸਨ। ਅਕਾਲਪੁਰਖ ਦੇ ਨਾਮ ਨੂੰ ਭੁਲੇ ਬੈਠੇ ਸਨ। ਮਾਸ, ਸ਼ਰਾਬ, ਹੁਕਾ ਤਮਾਕੂ ਦੀ ਵਰਤੋਂ, ਚੋਰੀ ਯਾਰੀ ਵਲ ਬਹੁ ਗਿਣਤੀ ਦਾ ਰੁਹਜਾਨ ਸੀ। ਇਸਤਰੀ ਨੂੰ ਪੈਰ ਦੀ ਜੁਤੀ ਸਮਝਿਆ ਜਾਂਦਾ ਸੀ। ਅੰਮ੍ਰਿਤ ਦੀ ਦਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਵੀ ਇਨ੍ਹਾਂ ਨੂੰ ਪ੍ਰਾਪਤ ਨਹੀਂ ਸੀ ਹੋਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਵਡਾ ਉਪਕਾਰ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹਾ ਕਰਨ ਦਾ ਕੀਤਾ। ਆਪਨੇ ਇਸਤ੍ਰੀ ਦੀ ਜਿੰਦਗੀ ਦੀ ਖ਼ਿਜਾਂ ਤੇ ਬਹਾਰ ਲਿਆਂਦੀ ਜਿਸਦੀ ਪ੍ਰੋੜ੍ਹਤਾ ਸ. ਕਪੂਰ ਸਿੰਘ ਜੀ ਸਪਤ ਸਰਿੰਗ ਪੁਸਤਕ ਦੇ ਪੰਨਾ ੧੦ ਤੇ ਕਰਦੇ ਹਨ।

> ''ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ। ਜਿਨ੍ਹਾਂ ਨੇਸਮਾਜਵਿਚ ਮਰਦ ਇਸਤਰੀ ਦੀਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ। ਇਸਤ੍ਰੀ ਨੂੰ ਅੰਮ੍ਰਿਤ ਦੀਦਾਤ ਆਪ ਤੋਂ ਹੀ ਪ੍ਰਾਪਤ ਹੋਈ।
>
> ਵਟੇ ਦੇ ਸਾਕ ਕਰਨ ਦੀਆਂ ਲ੍ਹਾਨਤਾਂ ਲੋਕਾਂ ਦੇ ਗਲੋਂ ਲਾਹਣ ਦਾ ਅਤਿਅੰਤ ਜਤਨ ਕੀਤਾ। ਵਿਆਹ ਸ਼ਾਦੀਆਂ ਦੇ

ਭੈੜੇ ਤੇ ਕੋਝੇ ਰਸਮ-ਰਵਾਜ ਤੇ ਵਖਾਵਿਆਂ ਦੀਜ਼ੋਰਦਾਰਸ਼ਬਦਾਂ ਵਿਚ ਨਿਖੇਧੀ ਕੀਤੀ।

ਸ. ਨਾਹਰ ਸਿੰਘ ਜੀ ਐਮ. ਏ. "ਨਾਮਧਾਰੀ ਇਤਹਾਸ ਦੇ ਪੰਨਾ ੧੨੭ ਦੀ ਆਖਰੀ ਸਤਰ ਵਿਚ ਲਿਖਦੇ ਹਨ—

"ਜੰਮਦੀਆਂ ਕੁੜੀਆਂ ਮਾਰਨਾਂਉਨ੍ਹਾਂਦਾਮੁਲ ਲੈਕੇਬੁਢੇ ਰੋਗੀ, ਦਰਿਦਰੀ,ਬਦਮਾਸ਼, ਕੁਰੈ-ਹਤੀ, ਕੁਕਰਮੀ, ਅਸਿਖ ਨਾਲ ਵਿਆਹ ਕਰਨ, ਵਟੇ ਜਾਂ ਵਟਾਂਦਰੇ ਦੇ ਸਾਕ ਲੈਣ ਦੇਣ ਦੀ ਉਕਾ ਹੀ ਮਨਾਹੀ ਕੀਤੀ।"

ਹਜ਼ੂਰ "ਹੁਕਮ-ਨਾਮੇਂ ਵਿੱਚ ਵੱਟਾ ਕਰਨ ਤੇ ਪੈਸਾ ਲੈਣ ਦੇ ਖਿਲਾਫ ਆਪਣੀ ਮੁਬਾਰਕ ਕਲਮ ਨਾਲ ਇਉਂ ਅੰਕਤ ਕਰਦੇ ਹਨ।

"ਹੋਰ ਜੀ ਕਿਸੇ ਨੇ ਧੀ ਦਾ ਪੈਸਾ ਨਹੀਂ ਲੈਣਾਂ, ਬੱਟਾ ਨਹੀਂ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ।"

ਵਿਆਹਾਂ ਸ਼ਾਦੀਆਂ ਤੇ ਤਾਇਫੇ, ਨਕਲੀਏ, ਕੰਜਰੀਆਂ ਅਤੇ ਅਸਤਬਾਜ਼ੀਆਂ ਨੂੰ ਲਿਜਾਣਾਂ ਮਮਨੂਹ ਕਰਾਰ ਦਿਤਾ ਗਿਆ। ਸਤਿਗੁਰੂ ਜੀ ਨੇ ਥਾਂ ਥਾਂ ਤੇ ਫਿਰਕੇ ਇਨ੍ਹਾਂ ਰਿਵਾਜਾਂ ਦੇ ਖਿਲਾਫ ਪ੍ਰਚਾਰ ਕੀਤਾ ਅਤੇ ਅੰਨ੍ਹੇ ਲੋਕਾਂ ਦੀਆਂ ਅੱਖਾਂ ਤੋਂ ਮੂਰਖਤਾ ਅਤੇ ਅਗਿਆਨਤਾ ਦਾ ਮੋਤੀਆ ਬਿੰਦ ਉਤਾਰਿਆ।

ਨਸ਼ਿਆਂ ਨੂੰ ਖਾਸ ਤੌਰ ਤੇ ਖੰਡਨ ਕੀਤਾ। ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿਤਾ। ਮੰਗ ਖਾਣ ਦਾ ਰਿਵਾਜ ਸਾਡੇ ਦੇਸ਼ ਵਿੱਚ ਪੁਰਾਤਨ ਸਮੇਂ ਤੋਂ ਤੁਰਿਆ ਆਉਂਦਾ ਹੈ, ਦੇ ਖਿਲਾਫ ਅਵਾਜ਼ਉਠਾਈ ਤੇ ਏਸ ਮਿਸ਼ਨ ਵਿੱਚ ਉਹ ਕਾਫੀ ਹੱਦ ਤੱਕ ਕਾਮ-ਯਾਬ ਰਹੇ। ਇਸ ਬਾਰੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭੇ-ਵਾਲੇ ਹੇਠ ਲਿਖੇ ਸ਼ਬਦਾਂ ਵਿੱਚ ਸ਼ਹਾਦਤ ਦਿੰਦੇ ਹਨ।

"ਭੰਗ, ਸ਼ਰਾਬ, ਅਫ਼ੀਮ ਛੁਡਾਕੇ,
ਨਸ਼ਾ ਪ੍ਰੇਮ ਦਾ ਦਿਤਾ।
ਮੰਗ—ਖਾਣ ਨੂੰ ਖੰਡਨ ਕੀਤਾ,
ਦਸ ਧਰਮ ਦਾ ਕਿੱਤਾ।

ਚੀਨੀ ਵਾਲੇ ਸਤਿਗੁਰੂ ਜੀ ਨੇ ਆਪਣੀ ਕਲਮ ਨਾਲ ਵੀ "ਹੁਕਮ-ਨਾਮੇ" ਵਿੱਚ ਲਿਖਿਆ ਹੈ।

"ਪਰਾਇਆ ਹੱਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ-"ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।" ਅੱਜ ਦੀ ਦੁਨੀਆਂ ਵਿੱਚ ਵੀ ਲੁੱਟ-ਕਸੁੱਟ ਹੋ ਰਹੀ ਹੈ ਅਤੇ ਗ੍ਰੀਬ ਜੰਤਾ ਬੇ-ਇਨਸਾਫੀ ਨਾਲ ਨਪੀੜੀ ਜਾ ਰਹੀ ਹੈ। ਕੋਈ ਉਹੋ ਜਿਹੀ ਹੀ ਵਿਅਕਤੀ ਹੀ ਲੋਕਾਂ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ। ਉਸ ਸਮੇਂ ਵੀ ਲੋਕ ਛੋਟੇ ਮੋਟੇ ਝਗ-ੜਿਆਂ ਵਿੱਚ ਫਸਕੇ ਧਨ ਨੂੰ ਬੇ-ਅੱਰਥ ਪਾਣੀ ਵਾਂਗ ਅਦਾਲਤਾਂ ਵਿੱਚ ਜਾਕੇ ਰੋੜ੍ਹ ਰਹੇ ਸਨ। ਆਰਥਕ ਪਹਿਲੂ ਤੇ ਇਸਦਾ ਬੜਾ ਬੁਰਾ ਅਸਰ ਪੈ ਰਿਹਾ ਸੀ ਸਤਿਗੁਰੂ ਜੀ ਨੇ ਅਦਾਲਤਾਂ ਵਿੱਚ ਜਾਣ ਤੋਂ ਲੋਕਾਂ ਨੂੰਵਿਵਰਜਤ ਕੀਤਾ ਤੇ ਝਗੜਿਆਂ ਨੂੰ ਆਪੋ ਵਿੱਚ ਨਬੇੜਨ ਦੀ ਪ੍ਰੇਰਨਾਂ ਕੀਤੀ। ਖੱਦਰ ਪਾਣਾਂ ਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਨਾਂ ਇਸ ਨੁਕਤਾ ਨਿਗਾਹ ਨਾਲ ਪ੍ਰਚੱਲਤ ਕੀਤੀਆਂ ਕਿ ਇਕ ਤਾਂ ਅੰਗਰੇਜ਼ਾਂ ਨਾਲ ਨਾ-ਮਿਲ-ਵਰਤਣ ਸਿਆਸੀ ਤੌਰ ਤੇ ਚੰਗਾ ਸਾਬਤ ਹੋਏਗਾ ਤੇ ਦੂਜਾ ਘਰੇਲੂ ਦਸਤ-ਕਾਰੀਉਨਤਹੋਵੇਗੀ।ਸ੍ਰ:ਹੀਰਾਸਿੰਘਜੀ ਦਰਦ ਐਡੀ-ਟਰ "ਫੁਲਵਾੜੀ" ਸਤਿਜੁਗ ਦੇ ਬਸੰਤ ਅੰਕ ਨੰਬਰ ਇਕ (੧) ੧੨ ਮਾਂਘ ੧੯੯੫ ਸੰਮਤ ਦੇ ਪੰਨਾਂ ੨੯ ਉਤੇ ਲਿਖਦੇ ਹਨ। "ਸਾਦਾ ਖੁਰਾਕ ਖਾਣੀ, ਸੁੱਛ ਰਹਿਣੀ, ਬਹਿਣੀ, ਰੱਖਣੀ ਭਰਾਵਾਂ ਨਾਲ ਪਿਆਰ ਰਖਣਾਂ, ਦੁਖੀ ਮਜ਼ਲੂਮ ਦੀ ਸਹਇਤਾ ਕਰਨੀ, ਮੁਕਦਮੇਂ ਨਹੀਂ ਕਰਨੇ, ਅੰਗ੍ਰੇਜ਼ੀ ਅਦਾ-ਲਤਾਂ ਵਿੱਚ ਨਹੀਂ ਜਾਣਾਂ, ਖੱਦਰ ਪਹਿਨਣਾਂ।"

ਸ੍ਰ: ਨਾਹਰ ਸਿੰਘ ਜੀ ਇਸ ਬਾਰੇ "ਨਾਮਧਾਰੀ ਇਤਿਹਾਸ" ਦੇ ਪੰਨਾਂ ੧੩੬ ਨੰਬਰ ੨ ਤੇ ਲਿਖਦੇ ਹਨ। "ਆਪਸ ਦੇ ਫੌਜ-ਦਾਰੀ ਜ਼ਮੀਨਾਂ ਜਾਇ-ਦਾਦਾਂ ਸਬੰਧੀ ਝਗੜਿਆਂ ਨੂੰ ਅੰਗ੍ਰੇਜ਼ ਹਾਕਮਾਂਦੀਆਂ ਕਾਇਮ ਕੀਤੀਆਂ ਹੋਈਆਂ ਅਦਾਲਤਾਂ ਵਿੱਚ ਨਾਂ ਲਿਜਾਓ ਐਸੇ ਝਗੜੇ ਪਿੰਡਾਂ ਦੀ ਪੰਚਾਇਤ ਵਿੱਚ ਨਬੇੜੋ।"

ਇਤਿਹਾਸ ਦੀ ਖੋਜ ਕੀਤਿਆਂ ਪਤਾ ਲਗਦਾ ਹੈ ਕਿਅੱਜਜਿਸਪੰਚਾਇਤੀਰਾਜਦੀਦੁਨੀਆਂਵਿੱਚ ਚਰਚਾ ਹੋ ਰਹੀ ਹੈ ਇਹ ਨਕਸ਼ੇ ਉਦੋਂ ਹੀ ਸ੍ਰੀ ਸਤਿਗੁਰੂ

ਰਾਮ ਸਿੰਘ ਜੀ ਦੇ ਪਵਿਤ੍ਰ ਦਿਮਾਗ ਵਿੱਚ ਬਣੇ ਹੋਏ ਸਨ। ਆਪਦੇ ਵਿਸ਼ਾਲ ਹਿਰਦੇ ਵਿੱਚ ਹਰ ਇਕ ਲਈ ਪਿਆਰ ਤੇ ਸਨੇਹ ਭਰਿਆ ਹੋਇਆ ਸੀ। ਇਹ ਹੀ ਕਾਰਣ ਸੀ ਕਿ ਆਪ ਨੇ ਹਰ ਚੂਹੜੇ, ਚਮਾਰ, ਮੋਚੀ ਤੇ ਹੋਰ ਨੀਚ ਜਾਤਾਂ ਲਈ ਨਾਮ-ਧਾਰੀ ਪੰਥ ਦੇ ਦਰਵਾਜੇ ਖੋਹਲ ਦਿਤੇ। ਊਚ ਨੀਚ, ਅਮੀਰ ਗ੍ਰੀਬ ਦੇ ਫਰਕ ਦੀਆਂ ਦੀਵਾਰਾਂ ਢਾਹਕੇ ਮਨੁਖਤਾ ਨੂੰ ਇਕ ਪੱਧਰ ਤੇ ਲਿਆਂਦਾ। ਸੋ ਜਿਨਾਂ ਸਮਾਜ ਦਾ ਸੁਧਾਰ ਆਪ ਨੇ ਥੋੜੇ ਸਮੇਂ ਵਿੱਚਕੀਤਾ ਉਸਦੀ ਮਿਸਾਲ ਇਤਿਹਾਸ ਵਿੱਚ ਬਹੁਤ ਘੱਟ ਹੀ ਮਿਲਦੀ ਹੈ।

—o—

ਆਤਮਾਂ ਸਿੰਘ ਜੀ ਸਨਖਤ੍ਰਵੀ

ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪੁਕਾਰਦੀ

(ਏਹ ਕਵਿਤਾ ਮਲੇਰ ਕੋਟਲੇ ਦੇ ਸ਼ਹੀਦੀ ਮੇਲੇ ਉੱਤੇ ਸਭ ਸ੍ਰੋਤਿਆਂ ਵਲੋਂ ਬਹੁਤ ਸਤਿਕਾਰੀ ਗਈ)

ਕੋਟਲੇ ਦੀ ਜੂਹ ਵਿੱਚ ਵੱਗ ਰਹੀ ਹਵਾ ਜੇਹੜੀ, ਲੂੰ ਕੰਡੇ ਕਰੀ ਜਾਂਦੀ ਹੱਥ ਪੈਰ ਠਾਰਦੀ।
ਮਾਰਦੀ ਹਜੋਕੇ ਤੇ ਘੁਮਦੀ ਚੁਤਰਫੀ ਜੋ, ਸਰਦੀ ਦੀ ਰੁਤੇ ਰੂਪ ਬੁਢਿਆਂ ਦਾ ਧਾਰਦੀ।
ਧੂੜ ਏਥੋਂ ਉਠਦੀ ਤੇ ਉਡਦੀ ਹੋਈ ਜਾਪਦੀ ਜੋ, ਅੱਖਾਂ ਵਿੱਚ ਪੈਂਦੀ ਤੇ ਕੰਨਾਂ ਨੂੰ ਟੁਣਕਾਰਦੀ।
ਅੱਖਾਂ ਮੀਟ ਧਿਆਨਿਆਂ ਤੇ ਚੁਪ ਹੋਕੇ ਸੁਣਿਆਂ ਜਾਂ, ਕੂਕਿਆਂ ਦੇ ਕੱਲਰ ਦੀ ਮਿਟੀ ਹੈ ਪੁਕਾਰਦੀ।
ਮੈਂ ਉਹ ਮਿੱਟੀ ਨਹੀਂ ਜੋ ਮਰ ਮਿਟੀ ਦੁਨੀਆਂ ਚੋਂ, ਜਾਂ ਆਮ ਕੱਲਰਾਂ ਦੇ ਗਰਦ ਗੁਬਾਰਦੀ।
ਮੜ੍ਹੀਆਂ ਦੀ ਸੁਆਹ ਤੇ ਕਬਰਾਂ ਦੀ ਖਾਨਾਂਮੇਂ, ਉਭਰੀ ਹੋਈ ਸਮੇਂ ਦੀ ਜਾਂ ਮਿੱਧੀ ਹੋਈ ਮਾਰਦੀ।
ਮੇਰੇ ਵਿੱਚ ਜਾਨ ਹੈ ਜਵਾਨਾਂ ਨਾਲੋਂ ਜਾਨ ਬਹੁਤੀ, ਕੌਮੀ ਆਨ ਹਰ ਵੇਲੇ ਮੌਤ ਹੈ ਉਭਾਰ ਦੀ।
ਮੇਰੇ ਜਿਹਾ ਸੁਭਾਗਾ ਕੇਹੜਾ ਟੁਕੜਾ ਪੰਜਾਬ ਵਿੱਚ, ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪੁਕਾਰ ਦੀ।
ਮੇਰੇ ਜ਼ਰਰੇ ਜ਼ਰਰੇ ਵਿੱਚ ਰਲਿਆ ਖੂਨ ਧਰਮੀਆਂ ਦਾ ਛਾਤੀ ਉਤੇ ਗੋਲੇ ਰਹੀ ਤੋਪਾਂ ਦੇ ਸਹਾਰਦੀ।
ਮਿਝ ਦੀ ਅਮਾਨਤ ਖਰਾਬ ਨਾ ਮੈਂ ਹੋਣ ਦਿਤੀ, ਹੱਡੀਆਂ ਦੇ ਟੁਕੜੇ ਰਹੀ ਹੁਣ ਤੱਕ ਸੰਭਾਰਦੀ।
ਗੋਰਿਆਂ ਦੀ ਕਾਲੀ ਕਰਤੂਤ ਇਸ ਥਾਂ ਹੋਈ, ਜੋਧਿਆਂ ਦੀ ਅਣਖ ਰਹੀ ਏਥੇ ਲਲਕਾਰ ਦੀ।
ਝੋਰੇ ਨਾਲ ਨੀਵੀਂ ਪਰ ਫੱਖਰ ਨਾਲ ਉਚੀ ਭੀ ਹਾਂ, ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪੁਕਾਰ ਦੀ।
ਸਦੀ ਪੂਰੀ ਹੋਣ ਲੱਗੀ ਜਦੋਂ ਏਥੇ ਜੰਞ ਆਈ, ਮੌਤ ਦਿਆਂ ਲਾੜਿਆਂ ਦੀ ਸ਼ਬਦ ਉਚਾਰਦੀ।
ਏਸੇ ਵੇਹੜੇ ਲਾਂਵਾਂ ਹੋਈਆਂ ਦਾਜ ਏਥੇ ਖਿਲਰਿਆ ਸੀ, ਸਿਰਾਂ ਵਾਲੀ ਸ਼ੋਟ ਏਥੇ ਹੋਈ ਮੋਹਲੇ ਧਾਰ ਦੀ।
ਏਥੇ ਜਜ਼ਬਾਤ ਸਾਕੀ ਪੇਗ ਵੰਡੇ ਭਰ ਭਰ, ਡੁਲ੍ਹੀ ਮੈ ਓਦੋਂ ਦੀ ਹਾਂ ਅੱਜ ਭੀ ਮਹਿਕਾਰ ਦੀ।
ਤੋਪਾਂ ਦੀ ਸਲਾਮੀ ਲੈ ਡੋਲੇ ਏਥੋਂ ਗਗਨ ਗਏ, ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪਕਾਰ ਦੀ।
ਜਿੰਨਾਂ ਚਿਰ ਰਹਿਆ ਅੰਗ੍ਰੇਜ਼ ਦੇਸ ਦੇਸ ਵਿੱਚ, ਓਦੋਂ ਦਾ ਨਾ ਮੇਹਣਾਂ ਮੈਂ ਕਿਸੇ ਤਾਂਈਂ ਮਾਰ ਦੀ।
ਪਰ ਅੱਜ ਜਦੋਂ ਦੇਸ਼ ਹਿੰਦ ਹੈ ਅਜ਼ਾਦ ਹੋਇਆ, ਫਿਰ ਭੀ ਨ ਤਵਜੋਂ ਹੋਈ ਦੇਸੀ ਸਰਕਾਰ ਦੀ।
ਕੀ ? ਏਹ ਉਹ ਧਰਤੀ ਨਹੀਂ ਜਿਥੇ ਮੂੰਹ ਤੋਪਾਂ ਦੇ ਚੋਂ, ਨਿਕਲੀ ਅਜ਼ਾਦੀ ਵਾਲੀ ਗੈਸ ਸੀ ਫੁੰਨਕਾਰ ਦੀ।
ਹਾਏ ਅਫਸੋਸ ਅੱਜ ਮੁਢ ਭੁਲਾ ਟੀਸੀ ਵੇਖ, ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪੁਕਾਰ ਦੀ।
ਕੂਕਿਆ ਵੇ ਮੇਰੀ ਕੂਕ ਤੂੰਹੇ ਸੁਣ ਕੂਕ ਉਠ, ਤੇਰੇ ਵਿੱਚ ਸਿੱਲ ਹੈ ਕੋਈ ਮੇਰੇ ਜੇ ਪਿਆਰ ਦੀ।
ਪਾ ਲੈ ਭਾਂਵੇਂ ਝੋਂਪੜੀ ਮੁਨਾਰੇ ਨਾ ਬਣਾ ਏਥੇ, ਸੁੰਞਾ ਨਾ ਪਰ ਛੱਡ ਮੈਨੂੰ, ਤੈਨੂੰ ਹਾਂ ਵੰਗਾਰ ਦੀ।
ਮੇਰੇ ਸੀਨੇ ਉਤੇ ਇਤਿਹਾਸ ਤੇਰਾ ਲਿਖਿਆ ਏ, ਸ਼ਕਤੀ ਏਥੋਂ ਜ਼ਾਹਰ ਹੁੰਦੀ ਚੀਨੀ ਅਸਵਾਰ ਦੀ।
ਯਾਦਗਾਰ 'ਆਤਮਾਂ' ਤੂੰ ਏਥੇ ਕੁਝ ਕਾਇਮ ਕਰ, ਕੂਕਿਆਂ ਦੇ ਕੱਲਰ ਦੀ ਮਿੱਟੀ ਹੈ ਪੁਕਾਰਦੀ।

'ਟਿਕਾ' ਸੁਰਿੰਦਰ ਸਿੰਘ ਜੀ ਦਿੱਲੀ

ਸਤਵਾਰਾ

ਐਤਵਾਰ–ਅੱਖਾਂ ਤੱਤੀ ਲਾ ਬੈਠੀ, ਹੁਣ ਗੀਤ ਗ਼ਮਾ ਦੇ ਗਾਂਵਦੀ ਹਾਂ।
ਰਵ੍ਹਾਂ ਤੜਫਦੀ ਤੇਰੇ ਮੈਂ ਹਿਜਰ ਅੰਦਰ, ਤਾਰੇ ਗਿਣ ਗਿਣ ਰਾਤਾਂ ਲੰਘਾਂਵਦੀ ਹਾਂ।
ਤੇਰੇ ਵਿਚ ਫਿਰਾਕ ਦੇ ਹੋਈ ਝੱਲੀ, ਦਿਨੇ ਰਾਤ ਮੈਂ ਔਂਸੀਆਂ ਪਾਂਵਦੀ ਹਾਂ।
ਕਿਹੜੇ ਵਾਰ ਕੁਚੱਜੜੇ ਲਾ ਬੈਠੀ, ਓਸ ਵੇਲੜੇ ਨੂੰ ਪਛੋਤਾਂਵਦੀ ਹਾਂ।

ਸੋਮਵਾਰ–ਸਈਆਂ ਸੌ ਸੌ ਦੇਣ ਤਾਹਨੇ, ਕਿਹੜੀ ਥਾਂ ਮੈਂ ਗਰਕ ਹੋ ਜਾਂ ਅੜਿਆ।
ਦੁਖਾਂ ਦਰਦਾਂ ਮੁਸੀਬਤਾਂ ਘੇਰਿਆ ਏ, ਤੇਰੀ ਯਾਦ ਵਿਚ ਮੁਕੱਦੀ ਜਾਂ ਅੜਿਆ।
ਕੜੀ ਸੌਣ ਦੀ ਝੜੀ ਨੇ ਅੜੀ ਬਧੀ, ਸੜੀ ਸਾੜਦੀ ਸੜਦੀ ਜਾਂ ਅੜਿਆ।
ਚੀਨੀ ਵਾਲਿਆ ਦੇਹ ਦੀਦਾਰ ਛੇਤੀ, ਵਾਂਗ ਕੂੰਜ ਦੇ ਪਈ ਕੁਰਲਾਂ ਅੜਿਆ।

ਮੰਗਲਵਾਰ–ਮੈਨੂੰ ਨੈਣਾਂ ਨਸ਼ਰ ਕੀਤਾ, ਹਰ ਬਸ਼ਰ ਮੇਰਾ ਸੀਨਾ ਸੱਲਦਾ ਏ।
ਮੈਂ ਮੁਕੱਕੇ ਸੁਕਕੇ ਹੋਈ ਤੀਲਾ, ਹੀਏ ਪ੍ਰੇਮ ਮੁਆਤੜਾ ਬੱਲਦਾ ਏ।
ਤੇਰੇ ਰਾਹ ਤੇ ਮੋਤੀ ਬਖੇਰਨੀਆਂ, ਮੇਰੀ ਅਖੀਓਂ ਨੀਰ ਨਾ ਠੱਲ੍ਹਦਾ ਏ।
ਕੰਬਲੀ ਪਹਿਨ ਵਿਛੋੜਾ ਜੋ ਦੇਗਿਆਂ ਏ,ਵਾਂਗ ਮਛੀ ਦੇ ਪਿਆ ਉਹ ਤੱਲਦਾ ਏ।

ਬੁਧਵਾਰ–ਬੰਦੀ ਤਾਂਈ ਤਾਰ ਆਕੇ, ਮੇਰੇ ਮੂੰਹ ਤੇ ਜ਼ਰਦੀਆਂ ਛਾਈਆਂ ਵੇ।
ਸਈਆਂ ਸੀਸ ਗੁੰਦਾਏ ਸ਼ਿੰਗਾਰ ਲਾਏ, ਅਸਾਂ ਜ਼ੁਲਫਾਂ ਗਲੇ ਲਟਕਾਈਆਂ ਵੇ।
ਲੂੰ ਲੂੰ ਪੁਕਾਰਦਾ ਪਿਆ ਮੇਰਾ, ਛੇਤੀ ਬਹੁੜ ਤੂੰ ਸਿਰ ਦਿਆਂ ਸਾਂਈਆਂ ਵੇ।
ਤੇਰੀ ਵਿਚ ਜੁਦਾਈ ਦੇ ਗਈ ਫੂਕੀ ਦਿਨੇ ਰਾਤ ਮੈਂ ਦਿਆਂ ਦੁਹਾਈਆਂ ਵੇ।

ਵੀਰਵਾਰ–ਵਰ੍ਹਿਆਂ ਜਿੱਡਾ ਲੰਘਦਾ ਏ, ਸਾਨੂੰ ਮਿਲਣ 'ਚ ਦਸ ਖਾਂ ਕੀਹ ਹਾਨੀ?
ਹਥ ਜੋੜਾਂ ਤੇ ਜੋੜੇ ਮੈਂ ਝਾੜਦੀ ਹਾਂ, ਮੈਨੂੰ ਬਖਸ਼ ਤਕਸੀਰ ਖਤਾ ਜਾਨੀ।
ਰਵਾਂ ਕਾਗ ਉਡਾਂਵਦੀ ਕੋਠਿਆਂ ਤੋਂ, ਚੰਨ ਤਾਰੇ ਜ਼ਿਮੀ ਗਵਾਹ ਪਾਣੀ।
ਚੀਨੀ ਵਾਲਿਆ ਤੇਰੇ ਬਿਨ ਜੀਣ ਕਾਹਦਾ,ਮੈਂ ਮਰਾਂ, ਕਲਬੂਤ ਇਹ ਜੱਗ ਫਾਨੀ।

ਸ਼ੁਕਰਵਾਰ–ਸ਼ਿਕਵਿਆਂ ਦੀ ਬਰਾਤ ਲੱਥੀ, ਤੇਰੇ ਇਸ਼ਕ ਚੋਂ ਖਟੀਆਂ ਖੱਟੀਆਂ ਵੇ।
ਉਮਰਾਂ ਬੀਤੀਆਂ ਐਪਰ ਨਾ ਤੂੰ ਆਇਓਂ, ਤੇਰੇ ਗ਼ਮ ਦੀਆਂ ਅੱਟੀਆਂ ਅੱਟੀਆਂ ਵੇ।
ਮੈਨੂੰ ਮਾਰਿਆ ਤੇਰਿਆਂ ਲਾਰਿਆਂ ਨੇ, ਪਈਆਂ ਹੌਕਿਆਂ ਦੀਆਂ ਹੁਣ ਹੱਟੀਆਂ ਵੇ।
ਮੇਰੇ ਮਾਹੀ ਵੇ ਮੋੜ ਮੁਹਾਰ ਛੇਤੀ, ਗਈ ਵਿਚ ਜ਼ਮਾਨੇ ਦੇ ਛੱਟੀਆਂ ਵੇ।

ਸ਼ਨੀਵਾਰ–ਸਿਰ ਸਿਖਰ ਫਿਰਾਕ ਹੋਇਆ, ਏਡਾ ਦੁਖ ਬੀਬਾ ਕਿਦਾਂ ਜਰਾਂਗੀ ਮੈਂ।
ਗਿਲੇ ਗੋਹੇ ਦੇ ਵਾਂਗਰਾਂ ਧੁਖਣੀ ਆਂ, ਬਾਜ਼ੀ ਇਸ਼ਕ ਦੀ ਐਪਰ ਨਾ ਹਰਾਂਗੀ ਮੈਂ।
ਗੁਡੀ ਚਾੜ੍ਹਕੇ ਤੋੜ ਨਾ ਡੋਰ ਵਿਚੇ, ਨਦੀ ਇਸ਼ਕ ਦੀ ਕਿਸਤਰ੍ਹਾਂ ਤਰਾਂਗੀ ਮੈਂ।
ਜਾਂ ਤੂੰ ਕੋਲ ਬੁਲਾ ਜਾਂ ਆਪ ਆਜਾ, ਮੈਨੂੰ ਮਿਲੇਂ ਜੀਵਾਂ, ਨਹੀਂ ਤੇ ਮਰਾਂਗੀ ਮੈਂ।

ਸ੍ਰੀ ਡੀ. ਐਸ. "ਭੱਚੂ" ਕੰਦੋਹਲਾ ਕਲਾਂ

ਭਾਗਾਂ ਭਰੀ ਬਸੰਤ

੧੮੧੬ ਈ: ਦਾ ਸਾਲ ਇਕ ਮਹਾਨ ਵਿਸ਼ੇਸ਼ਤਾ ਭਰਿਆ ਸੀ। ਪਿੰਡ ਭੈਣੀ ਵਿੱਚ ਸ੍ਰ. ਜਸਾ ਸਿੰਘ ਦੇ ਘਰ ਕੁਲਾਹਲ ਹੋ ਰਿਹਾ ਸੀ। ਅਰਸ਼ ਫਰਸ਼ ਦਾ ਵਾਤਾਵਰਣ ਆਪੇ ਵਿਚ ਨਾ ਸੀ ਮਿਉਂਦਾ। ਪ੍ਰਕਿਰਤੀ ਗਾ ਰਹੀ ਸੀ–

ਗੁਰ ਸੇਵਉ ਕਰਿ ਨਮਸਕਾਰ।
ਆਜ ਹਮਾਰੇ ਮੰਗਲ ਚਾਰ।

ਧੰਨ ਉਹ ਧਰਤੀ, ਧੰਨ ਉਹ ਘਰ ਤੇ ਧੰਨ ਉਹ ਪਿੰਡ ਜਿਥੇ ਗੁਰੂ, ਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ। ਬੂਹਿਆਂ ਉਤੇ ਬਧੇ ਸਿਹਰਿਆਂ ਦੀ ਇਕ ਇਕ ਤੰਦ ਫੁਲ ਪਤਾ ਇਹ ਕਹਿ ਰਿਹਾ ਸੀ–

ਬਸੰਤ ਹਮਾਰੈ ਰਾਮ ਰੰਗੁ।

ਭਾਰਤ ਦੀ ਉਦਾਸ ਜਨਤਾ ਅੱਜ ਕਿਸੇ ਦੈਵੀ-ਸ਼ਕਤੀ ਦੀ ਆਮਦ ਵਿਚ ਥਾਉਂ ਥਾਈਂ ਖੁਸ਼ੀਆਂ ਮਨਾ ਰਹੀ ਸੀ। ਗਲੀ ਗਲੀ ਤੇ ਘਰ ਘਰ ਵਿਚ–

ਸਾਂਤਿ ਸਹਜ ਗ੍ਰਿਹਿ ਸਦ ਬਸੰਤ।

ਦੇਵ ਲੋਕ ਵਿਚੋਂ ਧੁਨ ਉਠ ਰਹੀ ਸੀ–

ਗੁਰ ਸੇਵਉ ਕਰਿ ਨਮਸਕਾਰ।

ਗੁਲਾਮੀ ਦੀਆਂ ਜੰਜੀਰਾਂ ਕੁਝ ਲਥੀਆਂ ਤੇ ਕੁਝ ਹੋਰ ਪਾਈਆਂ ਜਾ ਰਹੀਆਂ ਸਨ। ਭਾਰਤ ਦੀ ਰਹਿਤ ਮਰਯਾਦਾ ਵਿਚ ਦਿਨੋ ਦਿਨ ਅਪਵਿਤਰਤਾ ਤੇ ਪਤਿਤ ਪੁਣਾਂ ਛਾਲਾਂ ਮਾਰਕੇ ਆ ਰਿਹਾ ਸੀ। ਗਊ ਗਰੀਬ ਦੇ ਗਲੇ ਉਤੇ ਛੁਰੀਆਂ ਹੋਰ ਤੇਜੀ ਨਾਲ ਚਲ ਰਹੀਆਂ ਸਨ। ਦੂਜੇ ਪਾਸੇ ਕੁਦਰਤ ਸੁਨੇਹਾ ਦੇ ਰਹੀ ਸੀ–

ਮਤ ਭੂਲਹਿ ਰੇ ਮਨ ਚੇਤਿ ਹਰੀ।
ਬਿਨ ਗੁਰ ਮੁਕਤਿ ਨਾਹੀ ਤ੍ਰੈ ਲੋਈ।

ਸ੍ਰੀ ਸਤਿਗੁਰੂ ਰਾਮ ਸਿੰਘ ਮੁਰਝਾਈਆਂ ਰੂਹਾਂ ਨੂੰ ਸੁਰਜੀਤ ਕਰਨ ਵਾਲੇ ਪੁਰਖ ਦੇ ਜਾਮੇ ਵਿਚ ਆਕੇ ਉਸ ਪਿੰਡ ਨੂੰ ਭਾਗ ਲਾਇਆ ਜਿਸ ਪਿੰਡ ਨੂੰ ਕੋਈ ਅੱਖੀਆਂ ਹੇਠ ਨਹੀਂ ਸੀ ਰਖਦਾ। ਕੀ ਪਤਾ ਸੀ ਇਸ ਭੈਣੀ ਪਿੰਡ ਨੇ ਲਖਾਂ ਪਿੰਡਾਂ ਦੀ ਕਿਸਮਤ ਪਲਟ ਦੇਣੀ ਹੈ। ਕੀ ਪਤਾ ਸੀ, ਕਿ ਇਸ ਪਿੰਡ ਦੀ ਧਰਤੀ ਦੇ ਇਕ ਇਕ ਜ਼ੱਰਰੇ ਨੂੰ ਸਿਜਦੇ ਹੋਣੇ ਹਨ। ਲੱਖਾਂ ਬਸੰਤਾਂ ਆਈਆਂ ਤੇ ਆਕੇ ਇਸ ਨਿਕੇ ਜੇਹੇ ਪਿੰਡ ਉਤੋਂ ਦੀ ਹੋਕੇ ਤੁਰ ਗਈਆਂ ਪਰ ਅੱਜ ਦੀ ਬਸੰਤ ਦੈਵੀ ਗੁਣ ਲੈਕੇ ਆਈ–

ਮਉਲੀ ਧਰਤੀ ਮਉਲਿਆ ਆਕਾਸ।

ਅੱਜ ਜ਼ਿਮੀ ਅਸਮਾਨ ਖੇੜੇ ਵਿਚ ਹਨ। ਕਾਦਰਦੀ ਕੁਦਰਤ ਉਸ ਪ੍ਰੀਤਮ ਦੇ ਸਤਿਕਾਰ ਲਈ ਵਧਾਈਆਂ ਦਾ ਸਿਹਰਾ ਗੁੰਦਕੇ ਲਿਆਈ–

ਮਾਂਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ।

ਅਕਾਸ਼ ਦਾ ਤਾਰਾ ਮੰਡਲ ਇਸ ਧਰਤੀ ਦੀ ਬਨਸਪਤੀ, ਨਦੀਆਂ ਦੀਆਂ ਲਹਿਰਾਂ ਆਪਣੀ ਸਰੋਦ ਵਿਚ ਅਲਾਪ ਰਹੀਆਂ ਸਨ–

ਗੁਰ ਸੇਵਉ ਕਰਿ ਨਮਸਕਾਰਿ।

ਮੇਰੇ ਪਰਾਣਾਂ ਦੀ ਪ੍ਰਾਣ ਬਸੰਤ! ਤੂੰ ਆ, ਆ, ਤੈਨੂੰ ਜੀ ਆਇਆਂ ਆਖਾਂ, ਤੇ ਵਸ ਹਿਰਦੇ 'ਚ ਵਸ, ਕਲੇਜੇ ਠੰਡ ਪਾ ਬਸੰਤ! ਬਸੰਤ, ਤੂੰ ਉਸ ਸ਼ਹਿਨ ਸ਼ਾਹ ਪਾਤਸ਼ਾਹ ਦੇ ਦਰਸ਼ਨ ਕਰਾਏ ਬਸੰਤ! ਬਸੰਤ ਤੂੰ ਧੰਨ ਹੈਂ! ਤੂੰ ਧੰਨ ਹੈਂ!! ਬਸੰਤ ਜੁਗ ਜੁਗ ਜੀ!!! ਔਹ ਆਏ ਨੇ ਮੇਰੇ ਜਗਤ ਗੁਰੂ, ਔਹ ਆਏ ਨੇ ਬਸੰਤ ਰੂਪ ਪਾਤਸ਼ਾਹ! ਵਾਹ–

ਆਪਿ ਬਸੰਤੁ ਜਗਤੁ ਸਭ ਵਾੜੀ।

ਭਾਰਤ ਦੇ ਭਾਗਾਂ ਨੂੰ ਪਲਟ ਦੇਣ ਵਾਲਾ ਮੇਰਾ ਸਾਈਂ–

ਬਸੰਤੁ ਚੜਿਆ ਫੂਲੀ ਬਨਰਾਇ।
ਏਹ ਜੀਅ ਜੰਤ ਫੂਲਹਿ ਹਰਿ ਚਿਤ ਲਾਇ।

ਕਹੁ ਮੇਰੀ ਜਿੰਦੜੀ–

ਗੁਰ ਸੇਵਉ ਕਰਿ ਨਮਸਕਾਰ।

ਮਨੁ ਤਨੁ ਮਉਲਿਓ ਅਤਿ ਅਨੂਪ।
ਸੂਕੈ ਨਾਹੀ ਛਾਵ ਧੂਪ।
ਸਗਲੀ ਰੁਤੀ ਹਰਿਆ ਹੋਇ।
ਸਦ ਬਸੰਤ ਗੁਰ ਮਿਲੇ ਦੇਵ। ੩।

ਸਚ ਦੇ ਵਿਚੋਲੇ, ਭਾਰਤ ਬੇੜੇ ਦੇ ਮਲਾਹ, ਜ਼ੁਲਮ ਨੂੰ ਜੜ੍ਹਾਂ ਤੋਂ ਪੁਟਣ ਵਾਲੇ, ਦੀਨ ਰਖਕ ਭਗਤ ਵਛਲ ਦੇਸ਼ ਰੱਟਨ ਕਰਦਿਆਂ ਨੇ ਉਪਦੇਸ਼ ਇਲਾਹੀ ਬਾਣੀ ਦਾ ਦਿਤਾ–

ਬਿਨੁ ਗੁਰ ਭਗਤਿ ਨ ਭਾਉ ਹੋਇ।
ਬਿਨੁ ਗੁਰ ਸੰਤ ਨ ਸੰਗੁ ਦੇਇ।
ਬਿਨੁ ਗੁਰ ਅੰਧਲੇ ਧੰਧੁ ਰੋਇ।
ਮਨੁ ਗੁਰਮੁਖਿ ਨਿਰਮਲ ਮਲੁ ਸਬਦਿ ਖੋਇ।
ਗੁਰਿ ਮਨੁ ਮਾਰਿਓ ਕਰਿ ਸੰਜੋਗੁ।
ਅਹਿਨਿਸ ਗਾਵੈ ਭਗਤਿ ਜੋਗੁ।
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ।

ਸ਼ਹਿਨਸ਼ਾਹ ਪ੍ਰੀਤਮ ਦੇ ਪਿਆਰਿਆਂ ਨੇ ਬੱਜਰ ਪਾਪਾਂ ਦੇ ਭਾਰ ਪਰ੍ਹਾਂ ਵਗਾਹ ਸੁਟੇ। ਨਵਾਂ ਜੀਵਨ ਮਿਲਿਆ ਪਿਆਰੇ ਦਾ ਪ੍ਰੇਮ ਪਿਆਲਾ ਮੂੰਹ ਨਾਲ ਲਾਇਆ। ਅੰਮ੍ਰਿਤ ਛਕਿਆ। ਮਨ ਤਨ ਦਿਲ, ਦਿਮਾਗ ਬਦਲ ਗਏ। ਸੰਤ ਗੁਣ ਤੇ ਸ਼ੇਰ ਗੁਣ ਦੋਨੋਂ ਹਿਰਦੇ ਵਿਚ ਆ ਵਸੇ। ਆਵਾ ਗਵਨ ਦੀ ਕਾਣ ਮੁਕ ਗਈ। ਹੁਣ ਮਸਤਾਨੀ ਰੂਹ ਕਹਿੰਦੀ ਫਿਰਦੀ ਹੈ–

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ।
ਸਾਚੁ ਨਾਮੁ ਮੇਰੇ ਹਿਰਦੈ ਵਸੈ।

ਪਰ ਬੇ-ਮੁਖ ਗੁਰੂ ਦੇ ਫਿਟਕੇ ਹੋਏ–

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ।

ਆਪਣਾ ਮੂੰਹ ਨਾਲ ਲੈਕੇ ਨਰਕ ਰਸਾਤਲ ਵਿਚ ਜਾ ਡਿਗੇ। ਪਰ ਇਧਰ ਸੁਆਸ ਸੁਆਸ ਸੁਰ ਉਠਦੀ ਹੈ–

ਗੁਰ ਸੇਵਉ ਕਰਿ ਨਮਸਕਾਰ।

ਪਿਆਰੇ ਦੀ ਮਿਹਰਨਾਲਪਿਆਰਦੀਦਾਤਪ੍ਰਾਪਤ ਹੁੰਦੀ ਹੈ। ਇਕ ਨਾਮਧਾਰੀ ਸਿਖ ਨੇ ਬਚਨ ਕੀਤਾ ਧੰਨ ਉਹ ਸਿਖ ਜਿਸਦਾ ਸਦਕਾ ਮੈਂ ਪਾਪੀ ਦੇ ਪਾਪ ਖੰਡਨ ਹੋਏ। ਧੰਨ ਗੁਰੂ ਧੰਨ ਸਿਖ ਜਿਨਾਂ–

ਰਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ।

ਪਰ ਕਿਰਪਾ ਉਸ ਪ੍ਰੀਤਮ ਦੀ ਹੋਵੇ ਤਾਂ–

ਤਿਨ ਬਸੰਤ ਜੋ ਹਰਿ ਗੁਣ ਗਾਇ।

ਦਾਤਾਰ ਸ਼ਹਿਨ ਸ਼ਾਹ ਦੇ ਅਵਤਾਰ ਧਾਰਨ ਦੀ ਨਾਮਧਾਰੀ ਪੰਥ ਨੂੰ ਲੱਖ ਲੱਖ ਵਧਾਈ! ਮਨ ਝੂਮ ਉਠਿਆ, ਰੋਮ ਰੋਮ ਵਿਚੋਂ ਧੁਨਾਂ ਉਠੀਆਂ।

ਗੁਰ ਸੇਵਉ ਕਰਿ ਨਮਸ ਕਾਰ।
ਆਜ ਹਮਾਰੈ ਮੰਗਲ ਚਾਰ।
ਆਜ ਹਮਾਰੈ ਮਹਾ ਅਨੰਦ।
ਚਿੰਤ ਲਥੀ ਭੇਟੇ ਗੋਬਿੰਦ।

–o–

–:o:–

ਸੰਤ ਸਰਧਾ ਸਿੰਘ ਜੀ ਨਿਮਾਣਾ ਕਰੀ ਵਾਲਾ

ਅਵਤਾਰ ਦਿਹਾੜਾ ਆਇਆ ਏ

ਸ੍ਰੀ ਸਤਿਗੁਰੂ ਚੀਨੀ ਵਾਲੇ ਦਾ, ਅਵਤਾਰ ਦਿਹਾੜਾ ਆਇਆ ਏ।
ਗਊ ਗਲ ਤੋਂ ਛੁਰੀ ਹਟਾਵਨ ਹਿਤ, ਅਰਸ਼ਾਂ ਚੋਂ ਹੁਕਮ ਲਿਆਇਆ ਏ।
ਚੰਦ ਚੜ੍ਹਿਆ ਭੈਣੀ ਸਾਹਿਬ ਵਿਖੇ, ਤਮ ਦੂਰ ਹੋਆ ਅਤ ਜ਼ੁਲਮਾਂ ਦਾ।
ਸਭ ਬਾਗ ਬਗੀਚੇ ਮੈਹਕੇ ਨੇ, ਕੁਦਰਤ ਨੇ ਰੰਗ ਵਟਾਇਆ ਏ।
ਤਪੇ ਸੜੇ ਹੋਏ ਹਿਰਦੇ ਸਾਂਤ ਹੋਏ, ਸ਼ੁਭ ਰੁਤ ਬਸੰਤੀ ਆਈ ਏ।
ਫੁਲ ਖਿੜ ਖਿੜ ਮੁਖੋਂ ਬੋਲਣ ਪਏ, ਕੁਲ ਸ੍ਰਿਸ਼ਟੀ ਤਾਂਈ ਵਧਾਈ ਏ।

ਬੀਬੀ ਲੀਲਾਵੰਤੀ ਜੀ ਦਿੱਲੀ

ਗੁਰੂ ਰਾਮ ਸਿੰਘ ਦੀ ਦੇਣ

ਬਾਣੀ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਂਦੇ ਹਨ ।

ਬਲਿਹਾਰੀ ਗੁਰ ਆਪਣੇ ਦਿਉ ਹਾੜੀ ਸਦ ਵਾਰ ।
ਜਿਨ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀਵਾਰ ।

ਬਾਹਰਵੇ ਰੂਪ ਵਿਚ ਆਕੇ ਆਪ ਨੇ ਇਸ ਵਾਕ ਦੀ ਪੂਰਤੀ ਕੀਤੀ । ਕਵੀ ਚੇਤਨ ਜੀ ਲਿਖਦੇ ਹਨ ।

ਗੁਰੂ ਦਸਮੇਸ ਜੀ ਦੇ ਪਿਛੋਂ ਜਦ ਖਾਲਸੇ ਨੇ,
ਛਡ ਦਿਤਾ ਰਾਹ ਤੇ ਕੁਰਾਹ ਆਨ ਮਲਿਆ ।
ਬੁਰਛਿਆਂ ਨੇ ਲੁਟ ਮਾਰ ਦੇਸ਼ ਵਿਚ ਖੂਬ ਕੀਤੀ,
ਨਿਰਬਲਾਂ ਨਿਰਦੋਸ਼ਿਆਂ ਗ੍ਰੀਬਾਂ ਨੂੰ ਦਬ ਲਿਆ ।
ਅਤ ਦਾ ਤੇ ਰਬ ਦਾ ਹੈ ਵੈਰ ਮਸ਼ਹੂਰ ਧੁਰੋਂ,
ਰਬ ਨੇ ਹੀ ਏਹਨਾਂ ਦਾ ਵੀ ਤਖਤਾ ਉਥਲਿਆ ।
ਫੇਰ ਕਲਿਯੁਗ ਵਿਚ ਸਤਿਜੁਗ ਲਾਨ ਲਈ,
ਉਸੇ ਜੋਤ ਨਿਜ ਰੂਪ ਰਾਮ ਸਿੰਘ ਘਲਿਆ ।

ਸਿਖੀ ਰੂਪ ਗਊ ਨੇ ਪੁਕਾਰ ਕੀਤੀ ਤੇ ਬਿਨੈ ਕੀਤੀ ਕਿ ਆਪ ਨੇ ਵਾਕ ਕੀਤਾ ਸੀ ।

"ਪੰਥ ਖਾਲਿਸਾ ਖੇਤੀ ਮੇਰੀ ।
ਕਰੋ ਸੰਭਾਲਨ ਮੈਂ ਤਿਸ ਬੇਰੀ ।

ਧਰਤੀ ਦੀ ਗ੍ਰੀਬ ਦੀ ਸਿਖੀ ਦੀ ਤੇ ਗਊ ਦੀ ਪੁਕਾਰ ਸੁਣ–ਜਬ ਜਬ ਹੋਤ ਅਰਿਸ਼ਟ ਅਪਾਰਾ, ਤਬ ਤਬ ਦੇਹ ਧਰਤ ਅਵਤਾਰਾ । ਸ੍ਰੀ ਮੁਖਵਾਕ ਪਾਤਸ਼ਾਹੀ ੧੦ ਦੇ ਅਨੁਸਾਰ ਸੰਮਤ ੧੮੭੨ ਬਿਕ੍ਰਮੀ ਤਿਥਿ ਮਾਘ ਸੁਦੀ ਪੰਚਮੀ ਵਾਲੀ ਰਾਤ ਦਿਨ ਸੁਭਾਗਾ ਵੀਰ ਵਾਰ ਅੰਮ੍ਰਿਤ ਵੇਲੇ ਬਾਬੇ ਜਸਾ ਸਿੰਘ ਮਾਤਾ ਸਦਾ ਕੌਰ ਜੀ ਦੇ ਘਰ ਅਵਤਾਰ ਲੈਕੇ ਮੁੜ ਗੁਰ ਸਿਖ ਵਾੜੀ ਨੂੰ ਨਾਮ ਅੰਮ੍ਰਿਤ ਦੇਕੇ ਸਰ ਸਬਜ਼ ਕੀਤਾ ਆਪਦੇ ਭਜਨ ਵਿੱਚ ਇਤਨੀ ਸ਼ਕਤੀ ਦੇਖੀ ਜੋ ਇਕ ਮਹਾਂ ਪਾਮਰ ਮਾਸੀ ਸ਼ਰਾਬੀ ਚੋਰ ਯਾਰ ਠੱਗ ਵੀ ਆਪ ਜੀ ਦੀ ਪਵਿਤ੍ਰ ਰਸਨਾਂ ਤੋਂ ਉ ਪਦੇਸ ਸੁਣਦਾ ਉਸਦੀ ਕਾਇਆਂ ਇਕ ਦਮ ਪਲੱਟ ਜਾਂਦੀ । ਬਾਰ੍ਹਵੇਂ ਗੁਰੂ ਨਾਨਕ ਜੀ ਨੇ ਜੋ ਜੋ ਦੇਣ ਇਸ ਕਲਿਜੁਗੀ ਜੀਵਾਂ ਨੂੰ ਦਿਤੀਹੈਉਹ ਇਕ ਜਬਾਨ ਤਾਂ ਕੀ ਅਗਰ ਅਨੇਕ ਹੀ ਰਸਨਾਂ ਬਣ ਜਾਵਣ ਤਾਂ ਵੀ ਨਹੀਂ ਕਹੀ ਜਾ ਸਕਦੀ । ਆਪਦੇ ਦਸੇ ਹੋਏ ਮੁਖ ਮੁਖ ਅਸੂਲ ਹੀ ਬੇਅੰਤ ਹਨ । ਜਰਾ ਵੰਨਗੀ ਹੀ ਦ੍ਰਿਸਟੀ ਗੋਚਰ ਕਰਨੀ–

(੧) ਅੰਮ੍ਰਿਤ ਵੇਲੇ ਦਾ ਜਾਗਣਾਂ–(ਪਿਛਲੇ ਪਹਿਰ ਸਬਾਹ ਕੇ ਸੁਰਤਿਆ ਉਪਜਿਆ ਚਾਉ)

(੨) ਇਸ਼ਨਾਨ ਸਣ ਕੇਸੀਂ–(ਮੋਇਆਂ ਜੀਵ ਦਿਆਂ ਗਤ ਹੋਵੈ ਜਾਂ ਸਿਰ ਪਾਈਐ ਪਾਣੀ)

(੩) ਆਪ ਜੀ ਦੇ ਦਸੇ ਹੋਏ ਚਉ ਅੱਖਰੇ ਭਜਨ ਦਾ ਜਾਪ ਕਰਨਾ । ਸਹਿਜ ਸਮਾਧਿ ਅਗਾਧਿ ਹੋਇ ਇਕ ਮਨ ਹੋ ਗੁਰੁ ਜਾਪ ਜਪੰਦੇ ।

(੪) ਗੁਰੂ ਬਾਣੀ ਦਾ ਪਾਠ । ਚੜੇ ਦਿਵਸ ਗੁਰਬਾਣੀ ਗਾਵੈ ।

(੫) ਸਵਾਸ ਸਵਾਸ ਨਾਮ ਜਪਣਾਂ । ਬਹਿ-ਦਿਆਂ ਉਠਦਿਆਂ ਹਰਿ ਨਾਮ ਧਿਆਵੈ ।

(੬) ਧਰਮ ਦੀ ਕਿਰਤ ਕਰਨੀ । ਕਰਤ ਵਿਰਤ ਕਰ ਧਰਮ ਦੀ ।

(੭) ਵੰਡ ਖਾਣਾਂ । ਘਾਲ ਖਾਇ ਕਿਛੁ ਹਥਹੁ ਦੇਇ ।

(੮) ਮਿਠਾ ਬੋਲਣਾਂ । ਮਿਠਾ ਬੋਲਹਿ ਨਿਉਂ ਚਲਹਿ । ਹਉ ਸੰਮਲ ਥੱਕੀ ਜੀ ਉਹ ਕਦੇ ਨਾ ਬੋਲੈ ਕਉੜਾ ।

(੯)ਨਿਉਂ ਚਲਦਾ ਨਿਵਣ ਸੁ ਅਖਰ ਖਵਣ ਗੁਣ ਜਿਹਬਾਮਣੀਆਂ ਮੰਤ ।

(੧੦) ਸਾਦਾ ਜੀਵਨ ਵਤੀਤ ਕਰਨਾ–ਚੰਗਾ ਜਾਣਦਾ ਸਿਧਿਆਂ ਸਾਦਿਆਂ ਨੂੰ ।

(੧੧) ਮਿਲ ਕੇ ਬੈਠਣਾਂ–ਮਿਲਬੇ ਕੀ ਮਹਿਮਾ ਬਰਨ ਨ ਸਾਕਉ ਨਾਨਕ ਪਰੇ ਪਰੀਲਾ ।

(੧੨) ਕਿਸੇ ਦਾ ਬੁਰਾ ਨਾ ਚਿਤਵਣਾਂ ਨਾਬੁਰਾ

ਕਰਨਾ—ਪਰ ਕਾ ਬੁਰਾ ਨਾ ਰਾਖਹੁ ਚੀਤ। ਤੁਮ ਕਉ ਦੁਖ ਨਹੀ ਭਾਈ ਮੀਤ।

(੧੩) ਬ੍ਰਿਤੀ ਬ੍ਰਹਮਾ ਕਾਰ ਰਖਣੀ। ਭਾਵ-ਸਭਿ ਵਿੱਚ ਪ੍ਰਮੇਸ਼ਰ ਤਕਣਾ। "ਏਤੇ ਅਉਰਤ ਮਰਦਾ ਸਾਜੇ ਏ ਸਭਿ ਰੂਪ ਤੁਮਾਰੇ। ਕਬੀਰ ਪੂੰਗਰਾ ਰਾਮ ਅਲਹ ਕਾ ਸਭਿ ਗੁਰ ਪੀਰ ਹਮਾਰੇ"

(੧੪) ਕਿਸੀ ਗੁਣ ਦਾ ਹੰਕਾਰ ਨਹੀਂ ਕਰਨਾ-ਹਰਿ ਜੀਉ ਹੰਕਾਰ ਨਾ ਭਾਵਈ ਵੇਦ ਕੂਕ ਸੁਣਾਵੈ।

(੧੫) ਸਭਿ ਪ੍ਰਾਨੀ ਮਾਤ੍ਰ ਦੀ ਸੇਵਾ ਕਰਨੀ—ਸੇਵਕ ਦਰਗਹਿ ਸੁਰਖੁਰੂ।

(੧੬) ਕਿਸੇ ਦੀ ਨਿੰਦਾ ਨਹੀਂ ਕਰਨੀ—ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨ। ਮੂਹ ਕਾਲੇ ਤਿਨ ਨਿੰਦਕਾ ਨਰਕੇ ਘੋਰ ਪਵੰਨ।

(੧੭) ਮਨ ਨੀਵਾਂ ਰਖਣਾ—ਮਨ ਕੀ ਮਤਿ ਤਿਆਗਉ ਹਰਿ ਜਨ ਹੁਕਮ ਬੂਝਿ ਸੁਖ ਪਾਈਐ ਰੇ।

(੧੮ ਮਤਿ ਉਚੀ ਰਖਣੀ। ਆਪਣੇ ਮਤਿ (ਧਰਮ) ਨੂੰ ਸਭਿ ਤੋਂ ਸ੍ਰੇਸਟ ਸਮਝਣਾਂ—(ਮੁਖਵਾਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ)

(੧੯) ਫਿੱਕਾ (ਕਉੜਾ) ਨਹੀਂ ਬੋਲਣਾਂ—ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ। ਫਿਕਉ ਫਿਕਾ ਸਦੀਐ ਫਿਕੇ ਫਿਕੀ ਸੋਇ।

(੨੦) ਬਹੁਤਾ ਨਹੀਂ ਬੋਲਣਾ—ਬਹੁਤਾ ਬੋਲਣ ਝਖਣ ਹੋਇ। ਵਿਣ ਬੋਲੇ ਜਾਣਿਹ ਸਭਿ ਸੋਇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਸੰਸਾਰ ਤੇ ਆਵਣ ਦੀ ਸਭ ਸੰਸਾਰ ਤੇ ਖਾਸ ਕਰਕੇ ਨਾਮਧਾਰੀਆਂ ਨੂੰ ਬਹੁਤ ਬਹੁਤ ਵਧਾਈ ਹੋਵੇ। ਪਾਤਸ਼ਾਹਾਂ ਨੇ ਸਾਨੂੰ—"ਪਸੂ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ।" ਪਸ਼ੂਆਂ ਤੋਂ ਦੇਵਤੇ ਕੀਤਾ ਹੈ ਤੇ ਅਨੇਕ ਹੀ ਗੁਣ ਜਿਨਾਂ ਦੀ ਕਿ ਥੋੜੀ ਜਹੀ ਵੰਨਗੀ ਉਪਰ ਦਿਤੀ ਹੈ ਬਖਸੇ ਹਨ। ਤੇ ਸਾਨੂੰ ਕਲਿਜੁਗੀ ਜੀਵਾਂ ਨੂੰ ਸਤਿਜੁਗੀ ਬਣਾਇਆ ਹੈ ਸਾਨੂੰ ਨਾਮਧਾਰੀਆਂ ਨੂੰ ਚਾਹੀਦਾ ਹੈ ਕਿ ਪਾਤਸ਼ਾਹਾਂ ਦੇ ਪਾਏ ਪੂਰਨਿਆਂ ਤੇ ਟੁਰੀਏ ਤੇ ਇਹ ਲੋਕ ਸੁਖੀ ਪ੍ਰਲੋਕ ਸੁਹੇਲੇ ਬਣੀਏ।

—o—

ਸੰਤ ਰਾਮ ਜੀ ਉਦਾਸੀ ਰਾਇਸਰ

ਅਪਨਾ ਬਿਰਦ ਪੁਗਾਵੇ

ਕੂ ਕੂ ਕਰਦੀਏ ਕੋਇਲੇ ਨੀ ਤੂੰ ਐਵੇਂ ਨਾ ਤੜਫਾ।
ਪ੍ਰਦੇਸ ਗਏ ਮਾਹੀ ਦਾ ਅੜੀਏ ਜਾਕੇ ਪਤਾ ਲਿਆ।
ਹੱਥ ਬੰਨ੍ਹ ਅਰਜ ਗੁਜ਼ਾਰੀਂ ਸਤਿਗੁਰ, ਦੇਹ ਦਰਸ਼ਨ ਸਿਕ ਲਾਹ।
ਸੇਕ ਹਿਜਰ ਦਾ ਦਿਨ ਦਿਨ ਵਧਦਾ ਚਰਨੀ ਲਾ ਠੰਢ ਪਾ।
ਨੀ ਮੈ ਤੇਨੂੰ ਚੂਰੀਆਂ ਪਾਵਾਂ, ਪੂਜਾਂ ਤੇਰੀਆਂ ਛਾਵਾਂ।
ਬੇਮੁਹਤਾਜ ਦਾ ਦੇ ਸੁਨੇਹਾ ਨੀਂ ਉਹ ਕੇਹੜੇ ਵਸਦਾ ਗਾਵਾਂ।
ਉਡ ਕਾਵਾਂ, ਵੇ ਤੇਰੀਆਂ ਲੰਮੀਆਂ ਛਾਵਾਂ ਇੱਕ ਉਡਾਰੀ ਲਾਈਂ।
ਜਿਥੇ ਬੈਠਾ ਹੋਇ ਪ੍ਰੀਤਮ ਮੇਰਾ ਸਾਡੀ ਜਾ ਅਦੇਸ ਸੁਣਾਈਂ।
ਆਖੀਂ ਨਾ ਅਜਮਾਵੇ ਸਾਨੂੰ, ਚਰਨੀਂ ਆਪਣੇ ਲਾਵੇ।
ਕੀਤੇ ਕਰਮ ਨ ਚਿਤ ਵਿਚ ਰਖੇ, ਅਪਨਾ ਬਿਰਦ ਪੁਗਾਵੇ।

(ਸਫਾ ੮ ਦੀ ਬਾਕੀ)

ਦੇ ਚਾਹਵਾਨਾਂ ਦੀ ਗਿਣਤੀ ਨੂੰ ਵਧਦਿਆਂ ਵੇਖ ਅੰਗ੍ਰੇਜ਼ ਸਰਕਾਰ ਦੇ ਪਾਪ ਕੰਬ ਉਠੇ। ਉਸ ਨੇ ਹੋਰ ਵੀ ਪਸਿਤਿਆਂ, ਹੋਰ ਵੀ ਦੁਰਾਡਿਆਂ, ਹੋਰ ਵੀ ਨਾ-ਵਾਕਫ ਥਾਂ ਆਪਨੂੰ ਭੇਜ ਦਿਤਾ- ਮਰਗੋਈ ! ਤੇ ਉਹ ਨਿਸਚਿੰਤ ਹੋ ਗਈ !

ਏਧਰ ਮੈਨੂੰ ਤੇਰੇ ਦਰਸ਼ਨਾਂ ਦੀ ਤੜਪਣ ਵਿਆ-ਕੁਲ ਕਰਨ ਲੱਗੀ। ਰਹਿ ਰਹਿ ਕੇ ਤੇਰੀ ਯਾਦ ਅੰਦਰ ਉਭਰਦੀ ਸੀ। ਗੁਰੂ ਹਰੀ ਸਿੰਘ ਜੀ ਦਾ ਕੋਲ ਹੋਣਾਂ, ਬੜੀ ਧਰਵਾਸ ਦਿੰਦਾ ਸੀ,ਪਰ ਧਿਆਨ ਅਠੇ ਪਹਿਰ ਤੇਰੇ ਦਰਸ਼ਨਾਂ ਵੱਲ ਖਿਚਿਆ ਰਹਿੰਦਾ। ਕੰਮ ਕਾਰ ਕਰਦਾ ਤਾਂ ਸਾਂ ਪਰ ਮਨ ਦੀ ਉਪ੍ਰਾਮਤਾ ਬੇਚੈਨ ਰਖਦੀ—ਫੇਰ ਜੀ ਨੂੰ ਕੁਝ ਕੁਝ ਹੋਇਆ ਆ ਸਤਿਗੁਰੂ ਹਰੀ ਸਿੰਘ ਜੀ ਤੋਂ ਆਗਿਆ ਲਈ, ਸੁਨੇਹੇ ਲਏ, ਲਿਖਤਾਂ ਲਈਆਂ ਤੇ ੧੯੩੯ ਬਿਕ-ਰਮੀ ਦੇ ਕਿਸੇ ਦਿਨ ਫੇਰ ਤੇਰੀ ਢੂੰਡ ਨੂੰ ਨਿਕਲ ਤੁਰਿਆ' ਓਹ ਮੇਰੇ ਸੁਆਮੀ, ਮੇਰਾ ਏਹ ਵੀ ਇਕ ਅਭਿਮਾਨ ਹੈ-ਕਿ ਮੈਂ ਤੇਰੀ ਢੂੰਡ ਨੂੰ ਨਿਕਲਿਆ ! ਨਹੀਂ, ਤੂੰ ਹੀ ਮੈਨੂੰ ਪ੍ਰੇਰਿਆ ਤੇ ਮੈਂ ਉਸ ਬੰਗਲੇ ਨੂੰ ਲੱਭਣ ਵਿੱਚ ਕਾਮਯਾਬ ਹੋ ਗਿਆ। ਕਿਉਂ ਨਾ ਹੁੰਦਾ, ਤੇਰਾ ਮਿਹਰਾਂ ਭਰਿਆ ਹੱਥ ਮੇਰੇ ਅੰਦਰ ਸੀ—ਤੂੰ ਜਿਸਨੂੰ ਰੋਸ਼ਨੀ ਦੇਵੇਂ ਉਹਨੂੰ ਕੋਈ ਅੰਨੇਰਿਆਂ ਵਿੱਚ ਨਹੀ ਰਖ ਸਕਦਾ ਤੇ ਜਿਸਦਾ ਤੂੰ ਚਾਨਣ ਖੋਹ ਲਵੇਂ ਉਹ ਮੁੜ ਜ਼ਿੰਦਗੀ ਵਿੱਚ ਅਨ੍ਹੇਰੇ ਹੀ ਝਾਖਦਾ ਰਹਿੰਦਾ ਹੈ। ਤੇਰੀ ਹੀ ਸਾਰੀ ਲੀਲ੍ਹਾ ਹੈ:—"ਇਕ ਜਾਗੰਦੇ ਨਾ ਲਹਨਿ ਇਕਨਾ ਸੁਤਿਆਂ ਦੇਇ ਉਠਾਲ।"

ਤੇ ਗਹਿਰੇ ਅਮਿਤਵੇਂ ਸਮੁੰਦਰਾਂ ਵਿਚੋਂ ਤੂੰ ਮੈਨੂੰ ਸਾਬਤ ਸੂਰਤ ਬਾਹਰ ਕਢਿਆ—ਸੰਘਣੇ ਜੰਗਲਾਂ ਦੇ ਬੇ-ਰਾਹ ਗਹਿਬਰਾਂ ਚੋਂ ਮੈਨੂੰ ਤੇਰੀ ਮੇਹਰ ਦੀ ਰੋਸ਼ਨੀ ਮਿਲੀ ਤੇ ਮੈਂ ਇਕੱਲਾ ਹੀ ਤੇਰੇ ਉਸ ਬੰਗਲੇ ਪਾਸ ਆ ਨਿਕਲਿਆ, ਜੇਹੜਾ ਸਰਕਾਰ ਨੇ ਆਪਣੇ ਵਲੋਂ ਬੜਾ ਅਪਹੁੰਚ ਸਮਝਿਆ ਹੋਇਆ ਸੀ।

ਹਾਂ, ਓਸੇ ਤਰ੍ਹਾਂ, ਪਹਿਰਾ, ਨਿਰਦੈਤਾ ਦੀ ਮੂਰਤ ਸੰਗੀਨਾਂ ਮੋਢਿਆਂ ਤੇ ਰੱਖੀ ਸਜੇ ਖਬੇ ਜਾਂਦੇ ਅੰਗ੍ਰੇਜ਼ ਜੰਗਲ ਦੀ ਚੁਪ ਵਿੱਚ ਹੋਲਨਾਕ ਮਹੋਲ ਪੈਦਾ ਕਰ ਰਹੇ ਸਨ। ਭੌਰੇ ਵਾਸ਼ਨਾਂ ਢੂੰਡਦੇ ਆਪਣੇ ਪੁਸ਼ਪ—ਕੰਵਲ ਦੇ ਨੇੜੇ ਆ ਢੁਕੇ ਸਨ ਤੇ ਕਮਲ ਪੰਖੜੀਆਂ ਬੰਦ ਕਰ ਲੈਂਦਾ ? ਏਹ ਕਦੇ ਹੋ ਸਕਦਾ ਸੀ ? ਨਜ਼ਰਾਂ ਮਿਲ ਗਈਆਂ ! ਇਕ ਰੱਬੀ-ਨਿਗਾਹਾਂ, ਜਿਹੜੀਆਂ ਬੜੀਆਂ ਉਚੀਆਂ ਸਨ ਤੇ ਕਿਸੇ ਦਾ ਭਲਾ ਕਰਨ ਲਈ ਹੀ ਨੀਵੀਆਂ ਹੁੰਦੀਆਂ ਸਨ—ਤੇ ਇਕ ਨੀਵੀਆਂ ਜਿਹੜੀਆਂ ਜ਼ਿੰਦਗੀ ਚੋਂ ਉਪਰ ਉਠਾਈਆਂ ਜਾਣ ਲਈ ਹੀ ਉਚੀਆਂ ਹੁੰਦੀਆਂ ਹਨ।

ਪਰ ਅੱਜ ਬੰਗਲੇ ਤੋਂ ਦੂਰ ਖਲੋ ਕੇ ਹੀ ਪੱਥਰਾਂ ਵਾਲਿਆਂ ਨੂੰ ਵਿਚੋਲਾ ਬਣਾਨ ਤੇ ਮਨ ਮੰਨਦਾ ਨਹੀਂ ਸੀ। ਰਹਿ ਰਹਿ ਕੇ ਅੰਦਰ ਉਬਾਲ ਉਠਦੇ ਸਨ ਕਿ ਪਿਆਰੇ ਦੇ ਚਰਨੀਂ ਜਾ ਲਿਪਟਾਂ। ਮੈਂ ਇਕੱਲਾ ਸਾਂ, ਅੱਜ ਮੈਨੂੰ ਕੋਈ ਹਟਕਣ ਵਰਜਣ ਵਾਲਾ ਨਹੀਂ ਸੀ, ਸਿਆਣਪ ਜੇ ਪ੍ਰੇਮੀਆਂ ਨੂੰ ਆ ਜਾਵੇ ਤਾਂ ਇਹਨਾਂ ਦੀਆਂ ਕਹਾਣੀਆਂ ਨ ਬਣਨ। ਅਕਲਾਂ ਵਾਲਿਆ ਦਾ ਜਹਾਨ ਵਖਰਾ, ਪ੍ਰੇਮੀਆਂ ਦੀ ਦੁਨੀਆਂ ਨਿਰਾਲੀ। ਕੀ ਅੱਜ ਮੈਨੂੰ ਪਹਿਰੇ-ਦਾਰਾਂ ਤੋਂ ਡਰਲਗਰਿਹਾ ਸੀ ? ਬਿਲਕੁਲ ਨਹੀਂ। ਚਰਨੀਂ ਲਿਪਟਣ ਤੇ ਮੁੜ ਮੁੜ ਜੀ ਕਰਦਾ ਸੀ। ਚਲੋ ਫਿਰ ਜੋ ਹੋਵੇ ਸੋ ਹੋਵੇ। ਅੱਜ ਦੀ ਮਿਲਣੀ—"ਜੇ ਡੇਖੈ ਹਿਕ ਵਾਰ ਸੁਖ ਕੀਮਾ ਹੂ ਬਾਹਰੇ' ਵਾਲੀ ਹੀ ਨਹੀਂ-ਸਗੋਂ—'ਇਤੀ ਮੰਝ ਨ ਸਮਾਵਾਈ ਜੇ ਗਲ ਪਹਿਰਾਂ ਹਾਰ।' ਵਾਲੀ ਹੋਣੀ ਚਾਹੀਦੀ ਸੀ। ਪਲ ਪਲ ਧੜਕਣ ਵਧਦੀ ਜਾ ਰਹੀ ਸੀ, ਤਜ-ਵੀਜ਼ਾਂ ਸੁਝਦੀਆਂ ਤੇ ਬੁਝਦੀਆਂ ਸਨ। ਜਿਸ ਰੁੱਖ ਥਲੇ ਬੈਠਾ ਮੈਂ ਘੜੀ ਵਿੱਚ ਉਸਰਦਾ ਪਲ ਵਿੱਚ ਢਹਿੰਦਾ ਸਾਂ, ਉਹ ਅੱਜ ਵੀ ਉਗਾਹੀ ਦੇਵੇਗਾ ਕਿ ਪ੍ਰੇਮੀਆਂ ਨੂੰ ਸਦਾ ਹੀ ਕੁਦਰਤ ਦੀ ਓਟ ਰੁੱਖਾਂ ਰਾਹੀਂ ਹੀ ਮਿਲਦੀ ਹੈ। ਹਾਂ ਗਿਣਤੀਆਂ ਗਿਣਦਿਆਂ ਅੰਮ੍ਰਿਤਸਰੀ ਦਲੀਲ ਭਾਰੂ ਹੋ ਗਈ। ਮਨ ਵਿੱਚ ਆਈ—'ਮਰਨੈ ਤੇ ਕਿਆ ਡਰਪਨਾ ਜਬ ਹਾਥ ਸਿਧੌਰਾ ਲੀਨ।' ਮਰੇਲ ਹਾਂ, ਸੋਚਾਂ ਕਾਹਦੀਆਂ ? ਕਰਕੇ ਸੋਚਾਂ ਗੇ ! ਧਬਲੀ ਲਾਹ ਇਕ ਬੰਨੇ ਮਾਰੀ। ਪਹਿਰੇਦਾਰਾਂ ਤੋਂ ਅੱਖ ਬਚਾ ਉਹਨਾਂ ਦੀਆਂ ਪਿਠਾਂ ਨੂੰ ਵੇਖ ਮੈਂ ਝਟ ਪਟ ਬੰਗਲੇ ਦਾ ਲਕੜੀ ਦਾ

ਜੰਗਲਾ ਟੱਪ ਅੱਖ ਪਲਕਦਿਆਂ ਤੇਰੇ ਚਰਨਾਂ ਨਾਲ ਜਾ ਲਿਪਟਿਆ।

ਰੱਬ ਜੀ, ਓਦੋਂ ਤੁਹਾਨੂੰ ਕੀ ਹੋ ਗਿਆ।ਮੈਂ ਤਾਂ ਰੋਣਾਂ ਹੀ ਸੀ, ਨੇਤਰ ਤੁਹਾਡੇ ਵੀ ਫਰਨ ਫਰਨ ਵਗਣ ਲੱਗ ਪਏ।

ਹਾਇ! ਦੁਨੀਆਂ ਪਿਆਰ ਕਰਨ ਵਾਲਿਆਂ ਨੂੰ ਮਿਲਣ ਨਹੀਂ ਦਿੰਦੀ, ਭਾਵੇਂ ਉਹ ਹਕੀਕੀ ਪਿਆਰ ਦੇ ਰੰਗੇ ਹੋਣ ਜਾਂ ਮਿਜਾਜ਼ੀ ਦੀ ਤੜਪ ਰਖਦੇ ਹੋਣ। ਸਾਰੀ ਦੁਨੀਆਂ ਦੇ ਪਿਆਰਿਆਂ ਦਾ ਇਤਿਹਾਸ ਇਕੋ ਜੇਹੀਆਂ ਹੋਣੀਆਂ ਭਰਿਆ ਹੁੰਦਾ ਹੈ। ਪਿਆਰ ਹੀ ਜੀਵਨ ਦਾ ਆਧਾਰ ਹੈ। ਪਿਆਰ ਹੀ ਜ਼ਿੰਦਗੀ ਦਾ ਸੋਮਾਂ ਹੈ। ਪਿਆਰ ਹੀ ਪ੍ਰਭੂ ਹੈ ਤੇ ਜਦੋਂ ਇਹ ਆਪਣੀਆਂ ਸਤ ਰੰਗੀਆਂ ਕਮਾਨਾਂ ਚੋਂ ਫੁੱਲਾਂ ਦੇ ਤੀਰਾਂ ਦਾ ਵਾਰ ਕਰਦਾ ਹੈ ਤਾਂ ਸਾਬਤ ਕੋਈ ਕਿਵੇਂ ਰਹਿ ਸਕੇ! ਅੱਜ ਅਸੀਂ ਤੁਸੀ ਕਿਵੇਂ ਮਿਲ ਰਹੇ ਹਾਂ, ਚੋਰੀ, ਚੋਰੀ, ਸੌ ਸੌ ਬਹਾਨੇ ਕਰਕੇ, ਸੌ ਸੌ ਢੰਗ ਬਣਾਕੇ, ਤੇ ਤੁਸਾਂ ਮੈਨੂੰ ਖਿਚ ਲਿਆ, ਗੱਲ ਨਾਲ ਲਾ ਲਿਆ।

ਅੱਜ ਮੇਰੇ ਮਹਾਰਾਜ, ਤੁਹਾਨੂੰ ਵੀ ਮੇਰਾ ਚਰਨਾਂ ਤੇ ਪਿਆ ਰਹਿਣਾਂ ਚੰਗਾ ਨਾ ਲੱਗਾ—"ਇਕ ਘੜੀ ਨਾ ਮਿਲਤੇ ਤਾ ਕਲਿਜੁਗ ਹੋਤਾ। ਹੁਣਿ ਕਦਿ ਮਿਲੀਐ ਪ੍ਰਿਅ ਤੁਧ ਭਗਵੰਤਾ?" ਪਰ ਆਪਾਂ ਤੇ ਮਿਲ ਪਏ ਸਾਂ। ਤੁਸਾਂ ਚਰਨਾਂ ਤੇ ਕਿਉਂ ਨਾ ਰਹਿਣ ਦਿਤਾ? ਨਹੀਂ ਏਨੀਂ ਚਿਰਾਕੀ ਮਿਲਣੀ, ਏਨੇ ਖ਼ਤਰਿਆਂ ਚੋਂ ਮਿਲਣੀ ਸਚ ਮੁਚ ਅਧੂਰੀ ਰਹਿੰਦੀ ਜੇ ਤੁਸੀ ਗਲ ਨਾ ਲਾਉਂਦੇ। ਤੇ ਤੁਹਾਡੇ ਅੰਦਰ ਕੀ ਕੁਝ ਮਚਲ ਰਿਹਾ ਸੀ? ਮੈਂ ਅਨਜਾਣ ਕਿਵੇਂ ਜਾਣਾਂ?—ਪਰ ਪਿਆਰ ਦਾਤਿਆ, ਉਹ ਪਿਆਰ ਦਾ ਅਥਾਹ ਸਾਗਰ ਰਿੜਕੀਂਦਾ ਜਾਪਦਾ ਸੀ। ਸਚ ਮੁਚ ਮਾਨਵੀ ਦ੍ਰਿਸ਼ਟੀ ਤੋਂ ਵੀ ਕਿੰਨੇ ਪਿਆਰੇ ਪਏ ਲਗਦੇ ਸਓ—ਜੀ ਕਰਦਾ ਸੀ:— "ਸਾਜਨ ਮੁਖ ਅਨੂਪ ਅਠੇ ਪਹਿਰ ਨਿਹਾਲਸਾ।"

ਤੁਸਾਂ ਮੈਨੂੰ ਆਪਣੇ ਪਲੰਘ ਤੇ ਬਹਾਲਿਆ। ਬਚਨ ਬਿਲਾਸ ਕੀਤੇ, ਸੁਖ ਦੁਖ ਜ਼ਬਾਨੀ ਪੁਛੇ। ਤੁਸੀਂ ਤਾਂ ਜਾਣਦੇ ਸਾਓ ਕਿ ਜੋ ਕੁਝ ਹੋ ਚੁਕਾ ਤੇ ਹੋ ਰਿਹਾ ਹੈ, ਇਸਦੇ ਨਤੀਜੇ ਕੀ ਨਿਕਲਣਗੇ ਪਰ ਮੈਨੂੰ ਤੁਸੀਂ ਸਾਰਿਆਂ ਨਤੀਜਿਆਂ, ਮੌਤ ਤੱਕ ਦੇ ਨਤੀਜਿਆਂ ਤੋਂ ਵੀ ਸਸਤੇ ਜਾਪਦੇ ਸਾਓ—ਹੁਣ ਤਾਂ 'ਪ੍ਰੀਤ ਪ੍ਰੇਮ ਤਨ ਖਚ ਰਿਹਾ ਬੀਚ ਨ ਰਾਈ ਹੋਤ। ਬੂਝ ਨ ਸੁਰਤ—ਸੰਜੋਗ।' ਬਾਹਰ ਕੀ ਕੁਝ ਹੋ ਰਿਹਾ ਸੀ—ਮੈਂ ਭੁੱਲ ਗਿਆ ਸਾਂ ਪਰ ਆਪ ਜਾਣਦੇ ਸਓ।

ਤਦੇ ਖਬਰ ਜੋ ਆਣ ਬਿਜਲੀ ਕੜਕੀ। ਸਿਪਾਹੀ ਮੈਨੂੰ ਧੂਹਕੇ ਲੈ ਗਏ। ਆਪਦੀਆਂ ਤਲਾਸ਼ੀਆਂ ਹੋਈਆਂ। ਮੇਰੇ ਦਿਤੇ ਚਿਠੀ ਪੱਤਰਾਂ ਨੂੰ ਆਪ ਨੇ ਕਿਵੇਂ ਬਿਲੇ ਲਾਇਆ—ਏਹ ਤੁਹਾਨੂੰ ਹੀ ਪਤਾ ਹੈ। ਤੇ ਮੇਰੀ ਥਾਂ ਇਕ ਜੇਹਲ ਵਿੱਚ ਸੀ। ਪੱਥਰ ਕੁਟਣੇ ਪਏ! ਮੁਸ਼ਕਤਾਂ ਕਰਨੀਆਂ ਪਈਆਂ! ਤਸੀਹੇ ਜਰਨੇ ਪਏ! ਪਰ ਏਹ ਜਰਦਿਆਂ ਮੇਰੇ ਮਨ ਅੰਦਰ ਰੱਤੀ ਭਰ ਦੁਖ ਨਹੀਂ ਸੀ, ਥੋੜਾ ਕੁ ਵੀ ਪਛਤਾਵਾ ਨਹੀਂ ਸੀ—ਮੈਂ ਉਹ ਮਿਲਣੀ ਮਿਲ ਚੁਕਾ ਸਾਂ, ਜਿਸਦੀ ਕੀਮਤ ਕੋਈ ਸੰਸਾਰੀ ਸਿੱਕਾ ਨਹੀਂ ਸੀ ਤਾਰ ਸਕਦਾ। ਮੈਂ ਉਸ ਪਿਆਰ ਨੂੰ ਮਾਣ ਚੁੱਕਾ ਸਾਂ ਜਿਸ ਦੀ ਇਕ ਝੱਲਕ ਪ੍ਰਾਪਤ ਕਰਨ ਲਈ ਜੁਗਾਂ ਤੋਂ ਰਿਖੀ ਮੁਨੀ ਤਪ ਸਾਧਦੇ ਮਰ ਗਏ! ਮੈਂ ਗਲ-ਵਕੜੀ ਦਾ ਅਮਲੀ ਸੁਆਦ ਲੈ ਚੁਕਾ ਸਾਂ—ਊਂ ਜਿੰਨ੍ਹਾਂ ਦੀ ਗਲ ਵਕੜੀ ਵਿੱਚ ਸਾਰਾ ਜਹਾਨ ਹੈ—

ਮੁੜ ਤੇਰੀ ਮੇਹਰ ਹੋਈ। ਸਖਤੀਆਂ ਦੇ ਝੱਖੜ ਲੰਘ ਗਏ। ਫਿਜ਼ਾ ਸਾਫ਼ ਹੋ ਗਈ। ਅਕਾਸ਼ ਦੀ ਨਿਰਮਲਤਾ ਨੇ ਮੈਨੂੰ ਪੁਲਿਸ ਦੀ ਮਾਰਫਤ ਘਰ ਭੇਜਣ ਤੇ ਮਜਬੂਰ ਕਰ ਦਿਤਾ।.........

ਮੇਰੇ ਘਰ ਬਿਨਾਂ ਇਕ ਲੜਕੀ ਤੋਂ ਹੋਰ ਸ਼ੰਤਾਨ ਨਹੀਂ ਹੋਈ। ਪਰ ਮੈਨੂੰ ਤੇਰੇ ਚਰਨਾਂ ਦੇ ਆਸਰੇ ਕੋਈ ਝੁਰੇਵਾਂ ਨਹੀਂ ਹੋਇਆ। ਸਮਾ ਪੁਗਣ ਤੇ ਤੇਰੇ ਧਿਆਨ ਵਿਚ ਲੀਨ ਹੋ ਮੈਂ ਮਹਾਂ ਕਾਲ ਵਿਚ ਸਮਾ ਗਿਆ।

ਪਰ ਤੇਰੇ ਸਾਡੇ ਦੇਹ ਕਰਕੇ ਦਰਸ਼ਨਾਂ ਦੇ ਇਕਰਾਰ ਸਨ।

ਅਜ ਮੇਰੀ ਹੋਂਦ ਨਹੀਂ, ਪਰ ਉਹ ਇਕਰਾਰ ਕਾਇਮ ਹਨ, ਮੈਂ ਨਹੀਂ, ਤੁਸੀਂ ਹਓ। ਮੇਰੀ ਰੂਹ ਲਖਾਂ ਨਾਮਧਾਰੀਆਂ ਵਿਚ ਓਸੇ ਤਰਾਂ ਆਪ ਲਈ ਸ਼ਰਧਾ ਤੇ ਪਿਆਰ ਦੀ ਸਰਗਰਮੀ ਰਖ ਰਹੀ ਹੈ।

ਤੇ ਉਹਨਾਂ ਇਕਰਾਰਾਂ ਦਾ ਚੇਤਾ ਨਿਤ ਦਿਹਾੜੇ ਸਜਰਾ ਕੀਤਾ ਜਾਂਦਾ ਹੈ, ਜੋ ਭੈਣੀ ਸਾਹਿਬ ਤੋਂ ਕਾਲੀ ਕੰਬਲੀ ਪਹਿਨ, ਗਡੇ ਦੀ ਸਵਾਰੀ ਕਰ, ਰੋਂਦੀ ਕੁਰਲਾਂਦੀ ਸੰਗਤ ਨਾਲ ਤੁਸਾਂ ਕੀਤੇ, ਜੋ ਇਕਰਾਰ ਤੁਸਾਂ ਸਮੇਂ ਸਮੇਂ ਸਿਰ ਆਪਣੀ ਸੰਗਤ ਦੇ ਅੰਦਰ ਬੀਜੇ- ਅੱਜ ਉਹਨਾਂ ਦੇ ਫਲਣ ਦਾ ਵਕਤ ਆ ਗਿਆ ਹੈ।

* * * *

ਤਾਰਿਆਂ ਭਰਿਆ ਨਿਰਮਲ ਆਕਾਸ਼ ਚਾਨਣੀ ਛਿਟਕਣਾਂ ਸੀਤਲ-ਸੁਖਾਵਾਂ ਚੰਨ, ਬਿਜਲੀਆਂ ਕੜਕਾਂਦਾ, ਕਾਲੇ ਬਦਲਾਂ ਨਾਲ ਉਛਲਦਾ ਬਰ-ਸਾਤੀ-ਗਗਨ, ਹਨੇਰੀਆਂ ਤੂਫਾਨ, ਚਿਟੇ ਤਪਦੇ ਦਿਨ, ਠੰਢੇ ਸਿਆਲੀ ਮੌਸਮ, ਪਤ ਝੜ ਦੀਆਂ ਉਦਾਸੀਆਂ ਅਤੇ ਬਸੰਤ ਦੀ ਬਹਾਰ ਦੀਆਂ ਰੰਗੀ-ਨੀਆਂ ਤੇ ਨਵੀਨੀਆਂ ਏਹ ਸਭ ਕੁਝ ਹਰ ਸਾਲ ਕਈ ਰੰਗਾਂ ਵਿਚ ਸਾਡੇ ਸਾਂਹਵੇਂ ਆਉਂਦਾ ਹੈ, ਅਸੀਂ ਏਸ ਨਾਲ ਆਪਣੇ ਮਨ ਦੇ ਸੁਪਨੇ ਜੋੜਦੇ ਹਾਂ। ਤੇਰੀ ਕਲਪਨਾਂ ਕਰਦੇ ਹਾਂ ਕਿਹੜੇ ਸੁਭਾਗ ਵਰ੍ਹੇ ਕਿਹੜੀ ਸੁਹਾਣੀ ਰੁਤੇ, ਕਿਹੜੇ ਫਬਵੇਂ ਮਹੀਨੇ ਤੇ ਕਿਹੜੇ ਚੰਗੇ ਥਿਤਵਾਰ ਤੇਰੇ ਦਰਸ਼ਨ ਹੋਣਗੇ! ਉਹ ਮਹਾਨ ਭਾਗਾਂ ਵਾਲਾ ਦਿਨ ਹੋਵੇਗਾ, ਜਦੋਂ ਤੂੰ ਅਪਣੀਆਂ ਮੋਹਣੀਆਂ ਨਜ਼ਰਾਂ ਨਾਲ ਸੋਹਣੀਆਂ ਸ਼ਾਨਾਂ ਨਾਲ, ਮਸਤ-ਮਿਠੇ ਬੋਲਾਂ ਨਾਲ ਸਾਡੇ ਵਿਚ ਬੈਠਾ ਹੋਵੇਂਗਾ। ਅਜ ਤੇਰੀ ਉਡੀਕ ਬਸੰਤ ਕਰ ਰਹੀ ਹੈ, ਮੁੜਕੇ ਸੁਭਾਗਵਤੀ ਹੋਣ ਲਈ, ਅਜ ਤੇਰੀ ਇੰਤਜ਼ਾਰ ਨਾਮਧਾਰੀ ਕਰ ਰਹੇ ਹਨ ਤਾਕਿ ਉਹ ਤੇਰੇ ਇਕਰਾਰਾਂ ਵਲੋਂ ਸੁਰਖ਼ਰੂਹੋ ਜਾਣ! ਅਜ ਤੈਨੂੰ ਸਾਰਾ ਜਹਾਨ ਚਾਹ ਰਿਹਾ ਹੈ ਕਿਉਂਕਿ ਤੂੰ ਹੀ ਸੈਂ ਜਿਨ ਆਜ਼ਾਦੀ, ਅਮਨ ਤੇ ਖ਼ੁਸ਼ਹਾਲੀ ਦਾ ਭਾਰਤ ਰਚਨ ਲਈ ਅੰਗਰੇਜ਼ ਦੀ ਜਕੜ ਤੋਂ ਖਲਾਸੀ ਪਾਣ ਲਈ ਪਹਿਲੀ ਨਿਸ਼ਾਨੇ-ਭਰੀ ਲਲਕਾਰ ਮਾਰੀ।

ਅੱਜ ਆ, ਕੱਲ ਆ, ਤੇਰੀ ਰਜ਼ਾ! ਭਾਰਤ ਆਜ਼ਾਦ ਹੈ, ਪਰ ਇਸਦੀ ਆਜ਼ਾਦੀ ਨੂੰ ਉਹ ਫਲ ਨਹੀਂ ਲਗੇ, ਜਿਸਦੀ ਕਾਮਨਾਂ ਤੂੰ ਕਰਦਾ ਸੈਂ। ਜਿਸ ਬਿਰਛ ਦੀ ਪਾਲਨਾ ਲਈ ਹਜ਼ਾਰਾਂ ਸ਼ਹੀਦਾਂ ਦਾ ਖ਼ੂਨ ਡੁਲਿਆ, ਜਿਸਨੂੰ ਗੋਡਣ ਸਿੰਜਣ ਲਈ ਸੈਂਕੜੇ ਲੋਕੀ ਜਿਲਾਵਤਨਹੋਏਅਤੇ ਜਿਸਦੀ ਰਾਖੀ ਲਈ ਤੂੰ ਖੁਦ ਪਰਦੇਸ ਪਰਵਾਨ ਕੀਤੇ ਉਸ ਬਿਰਛ ਦੇ ਫਲ ਨਾ-ਚਖਣ ਯੋਗ ਹਨ, ਕੌੜੇ ਹਨ, ਕਸੈਲੇ ਹਨ, ਡਰਾਉਣੇ ਹਨ, ਭਿਅੰਕਰ ਹਨ। ਰਿਸ਼ਵਤ, ਭ੍ਰਿਸ਼ਟਾਚਾਰ, ਕੁਨਬਾ, ਪਰਵਰੀ, ਬੇਈ-ਮਾਨੀ, ਬੇਪਰਵਾਹੀ, ਜ਼ੁਲਮ, ਅਨਿਆਇ, ਧੱਕਾ ਭੁਖ, ਨੰਗ, ਕੰਗਾਲੀ ਬੇ-ਰੁਜ਼ਗਾਰੀ ਤੇ ਅਸਮਤ ਫਰੋਸ਼ੀ ਦੇ ਫਲ ਆਜ਼ਾਦੀ ਦੇ ਬਿਰਛ ਨੂੰ ਲਗੇ ਤੱਕ ਕੇ ਆਤਮਾ ਕੰਬ ਉਠੀ ਹੈ, ਤੂੰ ਹੀ ਹੈਂ ਜਿਸਦਾ ਬਿਰਦ ਹੈ ਅਜੇਹੇ ਸਮੇ ਆਉਣਾ ਤੇ ਆਕੇ ਸਤਿਜੁਗ ਵਰਤਾਣਾਂ। ਆ ਕਿ ਸਮੇ ਦੀ ਅਵਾਜ਼ ਫਿਰ ਤੇਰੇ ਲਈ ਤੜਪ ਰਹੀ ਹੈ, ਆ ਕਿ ਦੁਖੀ ਲੋਕਾਈ ਦੀਆਂ ਨਜ਼ਰਾਂ ਫੇਰ ਅਜ ਕਿਸੇ ਸ਼ਾਂਤੀ ਤੇ ਸੁਖ ਦਾਤਾ ਦੀਆਂ ਲੋੜ ਵੰਦ ਹਨ-ਆ ਕਿ ਸਾਡੇ ਸਾਰੇ ਦੁਖਾਂ ਦਾ ਦਾਰੂ ਤੇਰੇ ਵਿਚ ਹੀ ਹੈ।

-:o:-

[ਸ੍ਰ. ਮੋਹਨ ਸਿੰਘ ਜੀ ਮਤਵਾਲਾ

ਜਾਗ ਪਏ ਨੇ ਸੁਤੇ ਜਜ਼ਬੇ ਜਾਗੀ ਸੁੰਦਰਤਾਈ।
ਜਾਗ ਪਏ ਪ੍ਰਕਾਸ਼ ਸੁਨਹਿਰੀ, ਜਾਗ ਪਈ ਹਰਿਆਈ।
ਕਿਣਕੇ ੨ ਚੇਤਨ ਚਮਕੇ, ਖ਼ੁਸ਼ੀਆਂ ਫੇਰਾ ਪਾਇਆ।
ਕੂਲੇ ਕੂਲੇ ਹੋਠਾਂ ਉਤੇ ਗੀਤਾਂ ਦੀ ਹੈ ਛਾਇਆ।
ਫੁਲ ਪਤੇ ਤੇ ਰੁਖ ਖਿੜੇ ਨੇ, ਮਹਿਕੀ ਕਿਆਰੀ ਕਿਆਰੀ।
ਚਹਿਕ ਰਹੇ ਨੇ ਪੰਛੀ ਸਾਰੇ ਕੁਦਰਤ ਛਬ ਨਿਖਾਰੀ।
ਨਵ ਜੀਵਨ ਦੀ ਕਿਸਨੇ ਦੇਖੋ, ਥਾਂ ਥਾਂ ਜੋਤ ਜਗਾਈ।
ਜਾਗ ਪਏ ਨੇ ਸੁਤੇ ਜਜ਼ਬੇ, ਜਾਗੀ ਸੁੰਦਰਤਾਈ।

[ਬੀਬੀ ਸ਼ਕੁੰਤਲਾ ਭੁਟਾਨੀ ਬੀ. ਏ. ਬੀ. ਟੀ. ਨਵੀਂ ਦਿਲੀ]

"ਗੁਰੂ ਦੀ ਲੋੜ"

ਜਿਵੇਂ ਭੁਖੇ ਨੂੰ ਰੋਟੀ ਦੀ ਨੰਗੇ ਨੂੰ ਬਸਤ੍ਰ ਦੀ, ਗਰੀਬ ਨੂੰ ਧਨ ਦੀ ਲੋੜ ਹੈ, ਇਵੇਂ ਗਿਆਨ ਪ੍ਰਾਪਤੀ ਲਈ ਜੀਵ ਨੂੰ ਗੁਰੂ ਦੀ ਲੋੜ ਹੈ ! ਵਿਦਿਆ ਦੇ ਪੜ੍ਹਨ ਲਈ ਮਾਸਟਰ ਦੀ ਲੋੜ ਹੁੰਦੀ ਹੈ। ਗਡੀ ਡਰਾਈਵਰ ਤੋਂ ਬਿਨਾਂ ਨਹੀਂ ਚਲ ਸਕਦੀ ਮਲਾਹ ਤੋਂ ਬਿਨਾਂ ਬੇੜੀ ਨਹੀਂ ਚਲ ਸਕਦੀ, ਇਸੀਤਰਾਂ ਸਿਖ ਗੁਰੂ ਤੋਂ ਬਿਨਾਂ ਸੰਸਾਰ ਰੂਪੀ ਸਮੁੰਦ੍ਰ ਤੋਂ ਪਾਰ ਨਹੀਂ ਹੋ ਸਕਦਾ। ਸਤਿਗੁਰੂ ਸਿਖ ਨੂੰ ਲੋਕ ਪਰਲੋਕ ਦੁਖ, ਸੁਖ, ਵਿਚ ਸਹਾਇਤਾ ਕਰਦਾ ਹੈ, ਸਰਬ ਵਿਕਾਰਾਂ ਤੋਂ ਰਹਿਤ ਕਰਕੇ ਪ੍ਰਭੂ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ। ਪਰਮ ਪਦ ਦੀ ਪ੍ਰਾਪਤੀ ਅਤੇ ਪਰਮਾਤਮ ਦੇਵ ਦਾ ਪੂਰਨ ਗਿਆਨ ਵੀ ਪੂਰੇ ਗੁਰੂ ਦੁਵਾਰਾ ਹੀ ਹੁੰਦਾ ਹੈ ਬਾਣੀ ਵੀ ਇਸ ਗਲ ਦੀ ਪ੍ਰੋੜ੍ਹਤਾ ਕਰਦੀ ਹੈ ਜਿਵੇਂ "ਸੋ ਸਤਿਗੁਰੂ ਧਨ ਧਨ ਜਿਨਿ ਭਰਮ ਗੜ ਤੋੜਿਆ। ਸੋ ਸਤਿਗੁਰੂ ਵਾਹ ਵਾਹ ਜਿਨ ਹਰਿ ਸਿਉਂ ਜੋੜਿਆ।" ਫਿਰ ਇਕ ਜਗਾ ਲਿਖਿਆ ਹੈ ਸਤਿਗੁਰੂ ਕਉ ਬਲਿ ਜਾਈਐ, ਜਿਤ ਮਿਲੀਐ ਪਰਮ ਗਤ ਪਾਈਐ।"

ਸਤਿਗੁਰੂ ਇਸ ਜੀਵ ਦੇ ਸੰਸਿਆਂ ਤੇ ਸੋਗਾਂ ਨੂੰ ਦੂਰ ਕਰਦਾ ਹੈ–ਹਰੇਕ ਪ੍ਰਾਣੀ ਦੁਖ ਸ਼ੋਕ ਚਿੰਤਾ ਅਤੇ ਭੈ ਦੇ ਨਾਲ ਗ੍ਰਸਿਆ ਹੋਇਆ ਹੈ। ਜਦੋਂ ਕਿਸੀ ਪਦਾਰਥ ਨਾਲ ਸਾਡਾ ਰਾਗ ਹੁੰਦਾ ਹੈ ਫਿਰ ਉਸਦੇ ਵਿਛੜਨ ਨਾਲ ਸਾਨੂੰ ਦਵੈਸ਼ ਹੋ ਜਾਂਦਾ ਹੈ। ਦੁਖ ਦਾ ਕਾਰਨ ਕੇਵਲ ਰਾਗ ਅਥਵਾ ਮੋਹ ਹੈ। ਮੋਹ ਦੇ ਨਾਲ ਸ਼ੋਕ ਪੈਦਾ ਹੋ ਜਾਂਦਾ ਹੈ– ਸ਼ੋਕ ਤੋਂ ਦੁਖ– ਗੁਰੂ ਜੀਵ ਨੂੰ ਮੋਹ ਤੇ ਦੁਖ ਦੇ ਬੰਧਨਾਂ ਤੋਂ ਛੁਡਾ ਲੈਂਦਾ ਹੈ, ਜਦੋਂ ਗਿਆਨ ਰੂਪੀ ਸੁਰਮਾ ਉਸਦੀ ਅਖ ਵਿਚ ਪਾਂਦਾ ਹੈ। ਗਿਆਨ ਕੀ ਹੈ ਤੇ ਕਿਵੇਂ ਗੁਰੂ ਇਸ ਜੀਵ ਦੀ ਅਗਿਆਨਤਾ ਨੂੰ ਕਟ ਦੇਂਦੇ ਹਨ। ਜਿਵੇਂ ਸੂਰਜ ਦੇ ਚੜ੍ਹਿਆਂ ਅੰਨ੍ਹੇਰਾ ਨਸ ਜਾਂਦਾ ਹੈ, ਇਵੇਂ ਸਤਿਗੁਰੂ ਬਚਨਾਂ ਦਵਾਰਾ ਅੰਮ੍ਰਿਤ ਭਰੀ ਦ੍ਰਿਸ਼ਟੀ ਨਾਲ ਪਾਵਨ ਚਰਨਾਂ ਦੀ ਛੁਹ ਨਾਲ ਮਨ ਦੀ ਮੈਲ ਨੂੰ ਹਰ ਲੈਂਦਾ ਹੈ। ਤੇ ਮਨ ਇਸ ਤਰਾਂ ਨਿਰਮਲ ਹੋ ਜਾਂਦਾ ਹੈ ਜਿਵੇਂ ਕਬੀਰ ਸਾਹਿਬ ਕਹਿੰਦੇ ਹਨ-"ਕਬੀਰ ਮਨ ਨਿਰਮਲ ਭਇਆ ਜੈਸੇ ਗੰਗਾ ਨੀਰ।"

ਸਤਿਗੁਰੂ ਦੇ ਮਿਲਣ ਕਰਕੇ ਅਵਿਦਿਆ ਦਾ ਪਰਦਾ ਹਟ ਜਾਂਦਾ ਹੈ। ਜੀਵ ਨੂੰ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ ਕਿ ਮੈਂ ਕੀ ਵਸਤੂ ਹਾਂ, ਤੇ ਮੇਰਾ ਕਰਤੱਵ ਕੀ ਹੈ! ਅਵਿਦਿਆ ਤੋਂ ਭਾਵ ਹੈ ਜੋ ਵਸਤੂ ਹੋਵੇ ਨਾ, ਪਰ ਪ੍ਰਤੀਤ ਹੋਵੇ, ਦਿਸੇ, ਜਿਵੇਂ ਮ੍ਰਿਗ ਤ੍ਰਿਸ਼ਨਾਂ ਦਾ ਜਲ, ਅਕਾਸ਼ ਵਿਚ ਨੀਲਤਾ ਸੁਪਨੇ ਵਿਚ ਟੁਰਦੇ ਫਿਰਦੇ ਪਦਾਰਥ; ਜਦੋਂ ਗੁਰੂ ਨਾਲ ਮੇਲ ਹੋ ਜਾਂਦਾ ਹੈ, ਤਦ ਸਿਖ ਨੂੰ ਇਹ ਨਿਸਚਾ ਹੋ ਜਾਂਦਾ ਹੈ, ਕਿ ਵਾਸਤਵ ਵਿਚ ਇਹ ਸੰਸਾਰ ਜੋ ਦਿਸ ਰਿਹਾ ਹੈ, ਇਹ ਸਭ ਐਂਵੇ ਦੇਖਣੇ ਮਾਤ੍ਰ ਹੀ ਹੈ, ਇਸ ਵਿਚ ਚਿਰ ਸਥਾਈ ਕੋਈ ਵਸਤੂ ਨਹੀਂ। "ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ" ਜਾਪਦਾ ਹੈ। ਇਨਾਂ ਪਦਾਰਥਾਂ ਵਿਚ ਉਸਦੀ ਸਤ ਬੁਧੀ ਨਹੀਂ ਰਹਿੰਦੀ ਇਨਾਂ ਤੋਂ ਕੰਮ ਲੈਂਦਾ ਹੋਇਆ ਇਨ੍ਹਾਂਵਿਚ ਨਹੀਂ ਫਸਦਾ ਉਸਨੂੰ ਇਹ ਯਾਦ ਰਹਿੰਦਾ ਹੈ "ਜੋ ਦੀਸੈ ਸੋ ਸਗਲ ਬਿਨਾਸੈ ਜਿਉਂ ਬਾਦਰ ਕੀ ਛਾਈ" "ਦ੍ਰਿਸਟਮਾਨ ਹੈ ਸਗਲ ਮਿਥੇਨਾ" ਇਹ ਗੁਰਵਾਕ ਉਸਦੀਆਂ ਅਖਾਂ ਦੇ ਸਾਹਮਣੇ ਰਹਿੰਦਾ ਹੈ! ਸਿਖ ਗੁਰੂ ਦੀ ਕ੍ਰਿਪਾ ਨਾਲ ਸਤ ਤੇ ਅਸਤ, ਜੜ ਤੇ ਚੇਤੰਨ, ਦਾ ਵਵੇਚਨ ਕਰਦਾ ਹੈ! ਉਸਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਸਤ ਵਸਤੂ ਤਾਂ ਕੇਵਲ ਰਬ ਦਾ ਨਾਮ ਹੈ ਤੇ ਉਹ 'ਨਾਮ' ਜੋ 'ਨਾਮੀ' ਤੋਂ ਵਖ ਨਹੀਂ ਤੇ "ਅਸਤ" ਐਸੀ ਵਸਤੂ ਹੈ ਜੋ ਵਿਨਾਸ਼ੀ ਹੈ। ਨਾਸ਼ਵੰਤ ਹੈ। ਜੋ ਨਾਂ ਪਿਛੇ ਸੀ, ਨਾ ਉਹ ਰਹਿਣੀ

ਹੈ ਤੇ ਨਾ ਉਹ ਵਸਤੂ ਰਹੇਗੀ–ਜੈਸੇ ਕਿਸੀ ਦਾ ਨਾਮ ਹੈ "ਗੰਗਾ ਸਿੰਘ" ਇਹ ਨਾਮ ਤਾਂ ਪੈਦਾ ਹੋਣ ਤੋਂ ਪਹਿਲਾਂ ਵੀ ਨਹੀਂ ਸੀ ਤੇ ਮਰਨ ਤੋਂ ਬਾਦ ਵੀ ਨਹੀਂ ਰਹੇਗਾ ਤੇ ਹੁਣ ਜੋ ਪ੍ਰਤੀਤ ਹੋ ਰਿਹਾ ਹੈ ਕੇਵਲ ਥੋੜੇ ਚਿਰ ਲਈ, ਇਸ ਕਰਕੇ ਮਿਥਿਆ ਹੈ ਮਿਥਿਆ ਵਸਤੂ ਨਾਲ ਮੋਹ ਨਹੀਂ ਹੁੰਦਾ। ਸਤਿਗੁਰੂ ਦੇ ਮਿਲਣ ਨਾਲ, ਇਹ ਬੁਧੀ ਮਿਲ ਜਾਂਦੀ ਹੈ ਤੇ ਸਿਖ ਨੂੰ ਭਾਸਣ ਲਗ ਪੈਂਦਾ ਹੈ ਕਿ–"ਜੋ ਉਪਜਿਓ ਸੋ ਬਿਨਸ ਹੈ ਪਰਉ ਆਜ ਕੇ ਕਾਲ। ਨਾਨਕ ਹਰਿ ਗੁਣ ਗਾਇ ਲੈ ਛਾਡਿ ਸਗਲ ਜੰਜਾਲ।" ਸਿਖ ਨੂੰ ਸੰਸਾਰ ਸੁਪਨਾ ਭਾਸਣ ਲੱਗ ਪੈਂਦਾ ਹੈ–ਜੈਸੇ ਗੁਰਵਾਕ ਹੈ–"ਸਗਲ ਜਗਤ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ। ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾਂ ਗਵਾਰ।" ਜਿਵੇਂ ਰੇਤ ਦੀ ਕੰਧ ਨਹੀਂ ਠਹਿਰਦੀ ਇਵੇਂ ਗੁਰ ਸਿਖ ਦੇ ਹਿਰਦੇ ਵਿੱਚ ਸੰਸਾਰ ਦੀ ਮੋਹ ਮਾਇਆ ਨਹੀਂ ਠਹਿਰ ਸਕਦੀ। ਜਿਵੇਂ ਅਕਾਸ਼ ਨਿਰਲੇਪ ਹੈ ਇਵੇਂ ਗੁਰ ਸਿਖ ਹੋ ਜਾਂਦਾ ਹੈ–ਜਦੋਂ ਭਾਈ ਮੰਝ ਨੂੰ ਸਤਿਗੁਰਾਂ ਬੁਲਾਕੇ ਕਿਹਾ ਕਿ 'ਭਾਈ ਜੀ ਤੁਹਾਡੇ ਘਰ ਚੋਰੀ ਹੋ ਗਈ ਹੈ, ਚੋਰਾਂ ਨੇ ਮਝਾਂ ਗਊਆਂ ਚੁਰਾ ਲਈਆਂ ਹਨ ਜਾਉ ਘਰਾਂ ਵਿੱਚ ਰਹੋ ਤੇ ਸੁਖ ਲਉ।" ਉੱਤ੍ਰ ਦਿਤਾ ਸਿਖ ਨੇ ਜੀ "ਜਿਵੇਂ ਸੁਪਨੇ ਦਾ ਧਨ ਚਲਾ ਜਾਵੇ ਤਾਂ ਦੁਖ ਨਹੀਂ ਹੁੰਦਾ–ਇਵੇਂ ਸੁਪਨੇ ਦਾ ਧਨ ਗਊਆਂ ਮੱਝਾਂ ਦੇ ਚਲੇ ਜਾਣ ਕਰਕੇ ਸਾਨੂੰ ਕੋਈ ਦੁਖ ਨਹੀਂ– ਅਸੀਂ ਘਰਾਂ ਨੂੰ ਨਹੀਂ ਜਾਂਦੇ।" ਇਹ ਮੱਤ ਗੁਰ ਸਿਖ ਨੂੰ ਗੁਰੂ ਪਾਸੋਂ ਸੇਵਾ ਕਰਕੇ ਪ੍ਰਾਪਤ ਹੋ ਜਾਂਦੀ ਹੈ।

ਗੁਰੂ ਨੂੰ ਪ੍ਰਮੇਸਰ ਕਰਕੇ ਜਾਨਣਾ ਚਾਹੀਦਾ ਹੈ! ਜੇਕਰ ਐਸਾ ਨ ਜਾਣੇਗਾ ਤਦ ਸਿਖ ਪ੍ਰਭੂ ਨੂੰ ਨਹੀਂ ਮਿਲ ਸਕੇਗਾ! ਬਾਣੀ ਵਿਚ ਆਇਆ ਹੈ।

"ਗੁਰੂ ਪ੍ਰਮੇਸ਼ੁਰ ਏਕੋ ਜਾਣ" ਗੁਰੂ ਦੀ ਹਰ ਪ੍ਰਾਣੀ ਮਾਤ੍ਰ ਨੂੰ ਲੋੜ ਹੈ! ਜਿਸ ਮਨੁਸ਼ ਦਾ ਗੁਰੂ ਨਹੀਂ ਹੁੰਦਾ ਉਹ ਸੰਸਾਰ ਰੂਪੀ ਗਹਿਬਰ ਬਨ ਵਿਚ ਮਨਮਤੀਆ ਹੋਕੇ, ਉਸ ਮਸਤ ਹਾਥੀ ਦੀ ਨਿਆਈ ਫਿਰਦਾ ਹੈ ਜਿਸ ਉਤੇ ਕੋਈ ਕੰਡਾ ਨਾ ਹੋਵੇ ਤੇ ਫਿਰ ਕਾਮ ਵਸ ਹੋਕੇ ਡੂੰਘੀ ਖਡ ਵਿੱਚ ਗਿਰਦਾ ਹੈ–ਓਥੋਂ ਨਿਕਲਣ ਵਾਸਤੇ ਫਿਰ ਕੋਈ ਉਪਰਾਲਾ ਨਹੀਂ ਹੋ ਸਕਦਾ ਉਸ ਪਾਸੋਂ! ਇਸੀਤਰ੍ਹਾਂ ਬਿਨਾਂ ਗੁਰੂ ਤੋਂ ਜੀਵ ਅਨ੍ਹੇਰੇ ਵਿੱਚ ਠੋਕਰਾਂ ਖਾਂਦਾ ਹੈ, ਦੁਖੀ ਤੇ ਦੀਨ ਹੋ ਕੇ ਵਿਚਰਦਾ ਹੈ! ਖੁਸ਼ੀ ਤੇ ਸੁਖ ਉਸਤੋਂ ਕੁਹਾਂ ਦੂਰ ਹੋ ਜਾਂਦੇ ਹਨ! ਵਿਆਕੁਲ ਹੁੰਦਾ ਹੋਯਾ ਸੰਸਾਰ ਤੋਂ ਟੁਰ ਜਾਂਦਾ ਹੈ।

ਸਤਿਗੁਰੂ ਇਕ ਐਸਾ ਸਹਾਰਾ ਹੈ ਸਿਖ ਨੂੰ ਸਦਾ ਉਸਦੀ ਸ਼ਰਣਿ ਵਿੱਚ ਰਹਿਣਾਂ ਚਾਹੀਦਾ ਹੈ। ਫਿਰ ਗੁਰੂ ਸਿਖ ਦੀ ਪਿੱਠ ਨਹੀਂ ਲਗਣ ਦੇਂਦਾ। ਫਿਰ ਇਹ ਲੋਕ ਸੁਖੀਏ ਪਰਲੋਕ ਸੁਹੇਲੇ ਵਾਲੀ ਗਲ ਹੋ ਜਾਂਦੀ ਹੈ।

ਮੇਰੀ ਵੀ ਇਹੋ ਅਰਜ਼ ਬੇਨਤੀ ਹੈ ਕਿ ਸਤਿਗੁਰੂ ਕਿਰਪਾ ਦੀ ਨਿਗਾਹ ਕਰੇ ਤੇ ਅਰਦਾਸ ਕਰਦੀ ਹਾਂ ਕਿ ਹੇ ਸਤਿਗੁਰੂ ਸਿਖੀ ਵੀ ਤੇਰੀ ਹੈ ਤੇ ਰਾਖਾ ਵੀ ਤੂੰ ਹੀ ਹੈਂ ਜੇ ਕਦੀ ਆਪਦੀ ਮੇਹਰ ਤੇ ਬਖਸ਼ਸ਼ ਹੋਵੇ ਫਿਰ ਸਿਦਕ ਦਾ ਦਾਨ ਵੀ ਮਿਲ ਜਾਂਦਾ ਹੈ। ਜੇ ਸਿਦਕ ਨਾ ਹੋਇਆ ਤਾਂ ਕੁਝ ਵੀ ਨਾ ਹੋਇਆ। ਸਿਦਕ ਹੀ ਫਲ ਰੂਪ ਹੈ। ਗੁਰਵਾਕ ਹੈ–"ਜਿਸਕੇ ਅੰਤ੍ਰ ਵਿਸਵਾਸ ਪ੍ਰਭ ਆਇਆ। ਤਤ ਗਿਆਨ ਤਿਸ ਮਨ ਪ੍ਰਗਟਾਇਆ।" "ਜਿਸਕੇ ਮਨ ਗੁਰ ਕੀ ਪ੍ਰਤੀਤ। ਤਿਸ ਜਨ ਆਵੈ ਹਰਿ ਪ੍ਰਭ ਚੀਤ।" ਸਿਦਕ ਦਾ ਬੀਜ ਤਦ ਪੈਂਦਾ ਹੈ ਜਦੋਂ ਗੁਰੂ ਨਾਲ ਪ੍ਰੇਮ ਹੁੰਦਾ ਹੈ! ਪ੍ਰੇਮ ਤਦ ਹੁੰਦਾਹੈਜਦੋਂ ਮਨ ਉਜਲ ਤੇ ਨਿਰਮਲ ਹੁੰਦਾ ਹੈ–ਮਨ ਨਿਰਮਲ ਤਦ ਹੁੰਦਾ ਹੈ ਜਦੋਂ ਨਾਮ ਜਪਣ ਲਗਦਾ ਹੈ, ਨਾਮ ਤਦ ਜਪਦਾ ਹੈ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ, ਕਿਰਪਾ ਤਦ ਹੁੰਦੀ ਹੈ ਜਦੋਂ ਜੀਵ ਪ੍ਰਯਤਨ ਕਰਦਾ ਹੈ–ਬਾਰ ਬਾਰ ਉਦਮ ਕਰਕੇ ਸਤਿਸੰਗ ਵਿੱਚ ਪੁਜਦਾ ਹੈ ਓਥੇ ਸੁਣਦਾ ਹੈ ਫਿਰ ਮਨਨ ਕਰਦਾ ਹੈ ਫਿਰ ਅਭਿਆਸ ਕਰਕੇ ਅਮਲੀ ਜਾਮੇਂ ਵਿੱਚ ਲੈ ਆਂਦਾ ਹੈ, ਜੀਵਨ ਵਿੱਚ ਆਂਦਾ ਹੈ! ਜੀਵਨ ਵਿੱਚ ਪਲਟਾ ਆ ਜਾਂਦਾ ਹੈ–ਫਿਰ ਕੂਕਾਂ ਮਾਰਨ ਲਗਦਾ ਹੈ ਤੇ ਬੋਲ ਉਠਦਾ ਹੈ–"ਗੁਰੁ ਲਾਧੋ ਰੇ ਗੁਰੁ ਲਾਧੋ ਰੇ।"

ਮੈਨੂੰ ਜਦੋਂ ਦੀ ਸਤਿਗੁਰਾਂ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੈ, ਮੈਨੂੰ ਇੰਜ ਜਾਪਦਾ ਹੈ

ਜਿਵੇਂ ਮੇਰੇ ਸਾਰੇ ਜਨਮ ਮਰਨ ਦੇ ਬੰਧਨ ਕਟੇ ਗਏ ਹਨ ! ਮਨ ਤੋਂ ਮੈਲ ਲੱਥ ਗਈ ਹੈ ਤੇ ਮੈਨੂੰ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਮੈਂ ਗੁੜੀ ਭਾ ਤੋਂ ਬਚ ਗਈ ਹਾਂ। ਜਿਸ ਵਿੱਚ ਸੰਸਾਰ ਸੜ ਰਿਹਾ ਹੈ। ਸਤਿਗੁਰਾਂ ਦਾ ਕੋਟਾਨ ਕੋਟ ਧੰਨਯਵਾਦ ਹੈ। ਜਿਨ੍ਹਾਂ ਨੇ ਕਿਰਪਾ ਕਰਕੇ ਇਸ ਜਨਮ ਵਿੱਚ ਮੇਲ ਲਿਆ ਹੈ, ਤੇ ਚਰਨਾਂ ਵਿੱਚ ਥਾਂ ਦੇਕੇ ਆਵਾ ਗਵਨ ਦੇ ਚੱਕਰ ਤੋਂ ਬਚਾ ਲਿਆ ਹੈ।

ਸੂ: ਊਧਮ ਸਿੰਘ ਜੀ "ਆਜਿਜ਼"

ਇਹ ਕਿਸਦਾ ਆਗਮਨ ਹੈ ?

ਇਹ ਕਿਸ ਦੇ ਆਉਂਣ ਤੇ ਜ਼ੱਰਰੇ ਵੀ ਰੇਗਸਤਾਨ ਦੇ ਚਮਕੇ,
ਕੀਹਦਾ ਹੈ ਆਗਮਨ ਫਲ ਬੂਟਿਆਂ ਨੇ ਸਿਰ ਝੁਕਾਏ ਨੇ।
ਚਮਕ ਹੈ ਹੀਰਿਆਂ ਤੋਂ ਵੱਧਕੇ ਜਿਸਦੀ ਅੱਜ ਪੱਤਿਆਂ ਤੇ,
ਇਹ ਮੋਤੀ ਰਾਤੋ ਰਾਤੀਂ ਤਰੇਲ ਨੇ ਅੱਜ ਕਿਉਂ ਲੁਟਾਏ ਨੇ।
ਇਹ ਕਿਸਦੇ ਦਰਸ਼ਨਾਂ ਨੂੰ ਐਨੀਆਂ ਬੇਤਾਬ ਨੇ ਨਜ਼ਰਾਂ,
ਇਹ ਕਿਸਦੇ ਰਾਹ 'ਚ ਲੋਕਾਂ ਨੈਣਾਂ ਦੇ ਬਿਸਤਰ ਵਿਛਾਏ ਨੇ।
ਹੈ ਕਿੰਨੀ ਮਾਨ ਵਿੱਚ ਚਲਦੀ ਇਹ ਆਕੜ ਕੇ ਹਵਾ ਠੰਡੀ,
ਇਹ ਕਿਸਦੀ ਸ਼ਾਨ ਵਿੱਚ ਹਰਿ ਜੀਵ ਜੰਤੂ ਸਿਰ ਨਿਵਾਏ ਨੇ।
ਬਸੰਤੀ ਕੰਤ ਚੀਨੀ ਵਾਲੜੇ ਦਾ ਆਗਮਨ ਹੈ ਅੱਜ,
ਮੁਹੱਬਤਾਂ ਮੌਲੀਆਂ ਤੇ ਕੋਇਲਾਂ ਨੇ ਗੀਤ ਗਾਏ ਨੇ।
ਜਿੰਨ੍ਹਾਂ ਨੇ ਪਾ ਦਿਤੀ ਭਉਜਲੀ ਅੰਗਰੇਜ਼ ਸ਼ਾਹੀ ਨੂੰ,
ਵਲਾਇਤ ਜਾਣ ਲਈ ਝੱਟ ਉਨ੍ਹਾਂ ਦੇ ਬਿਸਤਰ ਬੰਨਾਏ ਨੇ।
ਅਹੂਤੀ ਦੇ ਕੇ ਆਪਣੇ ਕਈਆਂ ਹੀ ਸੰਤਾਂ ਸਿਪਾਹੀਆਂ ਦੀ,
ਅਨੇਕਾਂ ਤੋਪਾਂ ਤਲਵਾਰਾਂ ਦੇ ਮਾਹੀ ਮੂੰਹ ਭਵਾਏ ਨੇ।
ਫਕੀਰੀ ਪਹਿਨਕੇ ਬਾਣਾਂ, ਤੇ ਸੁਚਤਾ ਸੋਧ ਦਾ ਖਾਣਾਂ,
ਜ਼ਮਾਨੇ ਨੂੰ ਸਬਕ ਇਹ ਸਾਦਗੀ ਦੇ ਹੀ ਸਿਖਾਏ ਨੇ।
ਇਹ ਸ਼ਕਤੀ ਆਪ ਵਿੱਚ ਸੀ ਕਰ ਦਿਤਾ ਅੰਗਿਆਰ ਜ਼ੱਰਿਆਂ ਨੂੰ,
ਦੀਵਾਨੇ ਵਤਨ ਦੀ ਖਾਤਰ ਅਨੇਕਾਂ ਹੀ ਕੁਹਾਏ ਨੇ।
ਹੈ ਮਾਲਾ ਮਾਲ ਕੀਤਾ ਹਿੰਦ ਨੂੰ ਸੀ ਫੇਰ ਕੇ ਮਾਲਾ,
ਸਬਕ ਸ਼ਾਂਤੀ ਅਹਿੰਸਾ ਦੇ ਜ਼ਮਾਨੇ ਨੂੰ ਪੜ੍ਹਾਏ ਨੇ।
ਸੰਭਾਲੀ ਵਾਗ ਬਾਪੂ ਗਾਂਧੀ ਨੇ ਫਿਰ ਚੀਨੀ ਵਾਲੇ ਤੋਂ,
ਤਿਲਕ ਤੇ ਲਾਜਪਤ ਫਿਰ ਇਹਨਾਂ ਲੀਹਾਂ ਤੇ ਚਲਾਏ ਨੇ।
ਬਣੇ ਮੋਤੀ ਜਵਾਹਰ ਸੁਚੇ ਇਹਨਾਂ ਤੋਂ ਚਮਕ ਲੈ ਕੇ,
ਆਜ਼ਾਦੀ ਦੇ ਜਿਨ੍ਹਾਂ ਨੇ ਦੇਸ਼ ਵਿੱਚ ਝੰਡੇ ਝੁਲਾਏ ਨੇ।
ਇਹ ਚੀਨੀ ਵਾਲੇ ਦੇ ਸਦਕੇ ਹੀ ਅੱਜ ਅਜ਼ਾਦ ਹੈ ਭਾਰਤ,
ਤਾਹੀਓਂ "ਆਜਿਜ਼,, ਨੇ ਸ਼ੁਭ ਦਿਨ ਤੇ ਬਸੰਤੀ ਗੀਤ ਗਾਏ ਨੇ।

'ਸਤਿਜੁਗ' ਅਤੇ ਨਾਮਧਾਰੀ ਪੰਥ ਦਾ ਇਕ ਸ਼ੁਭ ਚਿੰਤਕ

ਸਫਲ ਬਸੰਤ

ਜਿਸਤਰਾਂ ਜੇਠ ਹਾੜ ਦੀ ਲੋਹੜੇ ਦੀ ਗਰਮੀ ਪਿਛੋਂ ਬਰਖਾ ਰੁਤ ਔਂਦੀ ਹੈ ਜਿਸ ਨਾਲ ਸਾੜ ਦੂਰ ਹੁੰਦਾ ਹੈ ਤੇ ਆਮ ਬਨਸਪਤੀ ਤੇ ਮਨੁਖ ਮਾਤ੍ਰ ਸੁਖ ਦਾ ਸਾਹ ਲੈਂਦੇ ਹਨ ਇਸੇਤਰਾਂ ਪਤਝੜ ਤੋਂ ਤੇ ਅਤਿ ਸਰਦੀ ਤੋਂ ਪਿਛੋਂ ਬਸੰਤ ਰੁਤ ਦਾ ਆਗਮਨ ਹੁੰਦਾ ਹੈ। ਸਮੂਹ ਬਨਸਪਤੀ ਨਵੀਆਂ ਕਰੂਮਲਾਂ ਨਿਕਲਣ ਕਰਕੇ ਪ੍ਰਫੁਲਤ ਹੁੰਦੀ ਹੈ ਤੇ ਮਨੁਖ ਵੀ ਸਰਦੀ ਤੇ ਪਤਝੜ ਦੀ ਥਕਾਵਟ ਤੋਂ ਛੁਟਕਾਰਾ ਤੇ ਨਵੀਂ ਰੁਤ ਦਾ ਨਵਾਂਪਣ ਖੁਸ਼ੀ ਨਾਲ ਅਨੁਭਵ ਕਰਦੇ ਹਨ। ਭਾਰਤ ਦੀ, ਖਾਸ ਕਰਕੇ ਪੰਜਾਬ ਦੀ ਸਭਜਤਾ ਅਨੁਸਾਰ ਇਸ ਰੁਤ ਦੇ ਪਿਛਲੇ ਹਿਸੇ ਵਿਚ ਨਵੇਂ ਸਾਲ ਦਾ ਮੁਢ ਬਝਦਾ ਹੈ, ਇਸ ਲਈ ਇਸਨੂੰ ਦੂਜੀਆਂ ਸਭ ਰੁਤਾਂ ਨਾਲੋਂ ਵਧ ਮਹਾਨਤਾ ਪ੍ਰਾਪਤ ਹੈ।

ਬਸੰਤ ਪੰਚਮੀ ਦੇ ਤਿਉਹਾਰ ਨਾਲ ਸ਼ਹੀਦ ਹਕੀਕਤ ਰਾਇ ਦਾ ਵੀ ਸੰਬੰਧ ਦਸੀ ਦਾ ਹੈ, ਪਰ ਨਾਮਧਾਰੀਆਂ ਵਾਸਤੇ ਜੋ ਮਹਾਨਤਾ ਇਸ ਪੁਰਬ ਦੀ ਹੈ ਓਹ ਇਕ ਖਾਸ ਵਿਸ਼ੇਸ਼ਤਾ ਰਖਦੀ ਹੈ। ਜਿਸਤਰਾਂ ਪਤਝੜ ਵਿਚ ਸਭ ਵੇਲ ਬੂਟੇ ਸੁਕ ਸੜ ਜਾਂਦੇ ਹਨ, ਦਰਖਤ ਵੀ ਨਿਰੀਆਂ ਟਾਹਣੀਆਂ ਨਾਲ ਡ੍ਰੌਨੇ ਬਣੇ ਦਿਸਦੇ ਹਨ, ਏਸੇਤਰਾਂ ਸਿਖ ਰਾਜ ਦੇ ਅੰਤ ਵਿਚ ਸਿਖੀ ਦੀ ਦਸ਼ਾ ਹੋਈ। ਧਰਮ ਕਰਮ ਛਡਕੇ ਖਾਲਸੇ ਕੁਕਰਮਾਂ ਵਿਚ ਪ੍ਰਵਿਰਤ ਹੋ ਗਏ, ਤਾਂ ਦੇਵ ਬੁਧੀ ਦੀ ਥਾਂ ਰਾਖਸ਼ ਬੁਧੀ ਨੇ ਮੱਲ ਲਈ।

ਤੁਲਸੀਦਾਸ ਜੀ ਨੇ ਲਿਖਿਆ ਹੈ–

ਜਬ ਜਬ ਹੋਇ ਧਰਮ ਕੀ ਹਾਨੀ।
ਬਢਹਿ ਪਾਪ ਅਸੁਰ ਅਭਿਮਾਨੀ।
ਆਪ ਪ੍ਰਭੂ ਧਰ ਮਨੁਜ ਸਰੀਰਾ।
ਹਿਰਹਿ ਕ੍ਰਿਪਾ ਨਿਧਿ ਸਜਨ ਪੀਰਾ।

ਭਾਵ– ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਤੇ ਅਸੁਰ ਬੁਧੀ ਵਾਲੇ ਲੋਕਾਂ ਦਾ ਵਾਧਾ ਹੁੰਦਾ ਹੈ ਤਾਂ ਅਕਾਲ ਪੁਰਖ ਆਪ ਮਨੁਖ ਦੇਹ ਧਾਰਕੇ ਇਸ ਧਰਤੀ ਤੇ ਆਕੇ ਦੁਸ਼ਟ ਬੁਧੀ ਵਾਲੇ ਲੋਕਾਂ ਨੂੰ ਖੋਟੇ ਕੰਮਾਂ ਤੋਂ ਹਟਾਕੇ ਸਿਧੇ ਰਸਤੇ ਪੌਂਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਸੰਤ ਪੰਚਮੀ ਵਾਲੇ ਦਿਨ ਪ੍ਰਗਟ ਹੋਕੇ ਇਸ ਬਸੰਤ ਰੁਤ ਨੂੰ ਖਾਸ ਮਹਾਨਤਾ ਬਖਸ਼ੀ। ਧਰਮ ਤੋਂ ਪਤਿਤ ਹੋ ਚੁਕੇ ਲੋਕਾਂ ਨੂੰ ਧਰਮ ਦੀ ਮਹਾਨਤਾ ਦਾ ਅਨੁਭਵ ਕਰਾਇਆ ਸਿਖੀ ਨੂੰ ਫਿਰ ਮੁਢੋਂ ਮੁਰਜੀਤ ਕੀਤਾ। ਪਤਝੜ ਤੋਂ ਪਿਛੋਂ ਜਿਵੇਂ ਬਸੰਤ ਰੁਤ ਔਣ ਨਾਲ ਬਨਸਪਤੀ ਵਿਚ ਨਵੀਨਤਾ ਔਂਦੀ ਹੈ ਤਿਵੇਂ ਹੀ ਸਿਖੀ ਰੂਪ ਫੁਲਵਾੜੀ ਨੂੰ ਸਤਿਗੁਰੂ ਜੀ ਨੇ ਟਹਿਕਾ ਦਿਤਾ।

ਸਤਿਗੁਰੂ ਸਮਰਥ ਹੈ ਓਹ ਜਦੋਂ ਜੋ ਜੀ ਚਾਹੇ ਸੋ ਕਰ ਸਕਦਾ ਹੈ। ਸਮੇਂ ਅਨੁਸਾਰ ਸਿਖ ਗੁਰੂ, ਰੀਤਾਂ ਵਿਚ ਤਬਦੀਲੀ ਕਰਦੇ ਚਲੇ ਆਏ। ਜੈਸਾ ਕਿ ਗੁਰੂ ਨਾਨਕ ਜੀ ਤੋਂ ਲੇਕੇ ਪੰਜਵੀਂ ਪਾਤਸ਼ਾਹੀ ਤਕ ਸ਼ਸਤਰਾਂ ਦਾ ਤਿਆਗ ਰਖਿਆ ਪਰ ਛੇਵੀਂ ਪਾਤਸ਼ਾਹੀ ਨੇਸ਼ਸਤ੍ਰਾਂਦੀਵਰਤੋਂ ਕੀਤੀ, ਫੇਰ ਦਸਮ ਪਾਤਸ਼ਾਹ ਨੇ ਅੰਮ੍ਰਿਤ ਤਿਆਰ ਕੀਤਾ, ਸਿਖ ਸ਼ਬਦ ਨਾਲ "ਸਿੰਘ" ਪਦ ਦਾ ਵਾਧਾ ਕੀਤਾ। ਯੱਗ ਹਵਨ ਦੀ ਮਰਯਾਦਾ ਕਾਇਮ ਕੀਤੀ, ਖਾਲਸਾ ਪੰਥ ਦੀ ਸਾਜਨਾ ਕੀਤੀ ਆਦਿ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਦਸਮ ਗੁਰੂ ਜੀ ਦੀ ਰੀਤੀ, ਜਿਸਨੂੰ ਸਿਖ ਬਿਲਕੁਲ ਭੁਲ ਬੈਠੇ ਸਨ, ਨੂੰ ਨਾ-ਸਿਰਫ ਨਵੇਂ ਸਿਰੇ ਕਾਇਮ ਕੀਤਾ ਬਲਕਿ ਸਿਖਾਂ ਵਿਚ ਓਸੇ ਰੀਤ ਅਨੁਸਾਰ ਚਲਣ ਲਈ ਉਤਸ਼ਾਹ ਪੈਦਾ ਕੀਤਾ। ਆਪਨੇ ਅਨੰਦ ਮ੍ਰਯਾਦਾ ਤੇ ਇਸਤ੍ਰੀਆਂ ਨੂੰ ਅੰਮ੍ਰਿਤ ਤੇ ਕਛੈਹਰੇ ਦੀ ਨਵੀਂ ਰੀਤੀ ਵੀ ਚਾਲੂ ਕੀਤੀ।

ਸੁਚ ਮਰਯਾਦਾ, ਸੁਛਤਾ ਤੇ ਸਾਦਗੀ ਦੀ

ਵਰਤੋਂ ਤੇ ਆਪ ਨੇ ਖਾਸ ਕਰਕੇ ਜ਼ੋਰ ਦਿਤਾ ਨਾਲ ਹੀਨਾਲਆਪਨੇਸੋਧੀਆਂਨੂੰਦੂਸਰਿਆਂਤੋਂਨਫਰਤਕਰਨ ਤੋਂ ਬਚਣ ਲਈ ਉਪਦੇਸ਼ ਦਿਤਾ। ਨਿਮ੍ਰ ਭਾਵ ਹੋਕੇ ਹਰ ਆਏ ਅਤਿਥੀ ਦੀ ਸੇਵਾ ਕਰਨ ਦੀ ਸਿਖਿਆ ਜੋ ਆਪਨੇ ਦਿਤੀ ਉਹ ਬੇਮਿਸਾਲ ਹੈ।

ਅਜ ਹਰ ਮਨੁਖ ਸੁਤੰਤਰ ਹੈ, ਆਪਣੀ ਸ੍ਰਕਾਰ ਨੂੰ ਜੋ ਮਰਜੀ ਬੁਰਾ ਭਲਾ ਕਹਿ ਸਕਦਾ ਹੈ, ਪਰ ਜਦ ਅੰਗਰੇਜ਼ ਦੇ ਵਿਰੁਧ ਭਾਰਤ ਵਿਚ ਸਾਹ ਉਚੀ ਲੈਣਾਂ ਵੀ ਜੁਰਮ ਸੀ ਤਾਂ ਓਨਾਂ ਦਿਨਾਂ ਵਿਚ, ਆਪਦੀ ਅਗਵਾਈ ਹੇਠ ਨਾਮਧਾਰੀ ਪੰਥ ਇਕ ਕਿਸਮ ਦਾ ਅੰਗਰੇਜ਼ ਦੇ ਬਰਾਬਰ ਦੀ ਸਰਕਾਰ ਦੀ ਸ਼ਕਲ ਵਿਚ ਸੀ ਜਿਸਤੋਂ ਅੰਗਰੇਜ਼ ਅਤਿ ਭੈ ਭੀਤ ਸੀ। ਗਊ, ਗ੍ਰੀਬ ਤੇ ਦੇਸ਼ ਦੀ ਰਖਿਆ ਲਈ ਜੋ ਜੋਸ਼ ਓਸ ਸਮੇਂ ਦੇ ਸਿੰਘਾਂ ਵਿਚ ਸੀ ਓਸਦੀ ਮਿਸਾਲ ਨਹੀਂ ਮਿਲਦੀ।

ਓਸ ਵੇਲੇ ਦੇ ਸਿੰਘਾਂ ਦਾ ਮੁਖ ਕੰਮ, ਅੰਮ੍ਰਿਤ ਵੇਲੇ ਉਠਕੇ ਸਣੇ ਕੇਸੀਂ ਅਸ਼ਨਾਨ, ਨਾਮ ਜਪਣਾਂ ਤੇ ਬਾਣੀ ਪੜਨੀ ਸੀ। ਭਾਵੇਂ ਹੋਰ ਘਰੋਗੀ ਵਿਹਾਰ ਵੀ ਕਰਦੇ ਸਨ ਪਰ ਵਿਸ਼ੇਸ਼ਤਾ ਨਾਮ ਬਾਣੀ ਦੇ ਨਿਯਮ ਦੀ ਪਾਲਣਾਂ ਕਰਨਾ ਸੀ ਜਿਸ ਕਰਕੇ ਓਹ ਸਹਿਜੇ ਹੀ ਧਰਮ ਲਈ ਕੁਰਬਾਨੀ ਕਰਨਦਾ ਮਾਦਾ ਰਖਦੇ ਸਨ।

ਦੁਨੀਆਂ ਵਿਚ ਸਭ ਸ੍ਰੇਣੀਆਂ ਆਪਣੇ ਆਪਣੇ ਬਜ਼ੁਰਗਾਂ ਦੇ ਤਿਉਹਾਰ ਮਨੌਂਦੀਆਂ ਚਲੀਆਂ ਆ ਰਹੀਆਂ ਹਨ। ਤਿਉਹਾਰ ਮਨੌਣ ਸਮੇਂ ਆਪਣੇ ਬਜ਼ੁਰਗਾਂ ਦੇ ਕਾਰਨਾਮੇ ਦੁਹਰਾਏ ਜਾਂਦੇ ਹਨ ਤਾਂ ਕਿ ਓਨਾਂ ਦੀ ਚੰਗਿਆਈ ਦਾ ਪ੍ਰਭਾਵ ਤਿਉਹਾਰ ਮਨੌਣ ਵਾਲਿਆਂ ਤੇ ਪਵੇ। ਅਸੀਂ ਵੀ ਆਪਣੇ ਗੁਰੂਆਂ ਦੇ ਪੁਰਬ ਬੜੀ ਸਜ ਧਜ ਨਾਲ ਮਨੌਂਦੇ ਹਾਂ ਕਿ ਓਨਾਂ ਦੇ ਕਾਰਨਾਮਿਆਂ ਦਾ ਕੋਈ ਕਿਣਕਾ ਸਾਡੇ ਅੰਦਰ ਵੀ ਅਸਰ ਕਰੇ, ਪਰ ਦੁਖ ਦੀ ਗਲ ਹੈ ਕਿ ਪੁਰਬ ਮਨੌਣ ਲਗਿਆਂ ਸਾਡਾ ਨਿਸ਼ਾਨਾ ਨਿਰੀ ਸਜ ਧਜ ਹੀ ਹੁੰਦਾ ਹੈ। ਦਿਲ ਵਿਚ ਇਹੋ ਹੀ ਹੁੰਦਾ ਹੈ ਕਿ ਲੋਕ ਕਹਿਣ ਕਿ ਬਲੇ ਬਲੇ ਬੜਾ ਜਲੂਸ ਨਿਕਲਿਆ, ਬੜੇ ਬੜੇ ਵਿਦਵਾਨਾਂ ਨੇ ਭਾਸ਼ਣ ਦਿਤੇ, ਹਾਜਰੀ ਬੜੀ ਸੀ ਆਦਿ। ਲੋਕਾਂ ਕੋਲੋਂ ਇਸ ਕਿਸਮ ਦੀ ਆਪਣੀ ਤਾਰੀਫ ਕਰਵਾ ਲੈਣੀ ਹੀ ਅਸੀਂ ਗੁਰ ਪੁਰਬ ਮਨੌਣ ਵਿਚ ਆਪਣੀ ਵਡੀ ਸਫਲਤਾ ਸਮਝਦੇ ਹਾਂ।

ਬਸੰਤ ਦਾ ਦਿਨ ਸਾਡੇ ਨਾਮਧਾਰੀਆਂ ਲਈ ਖਾਸ ਮਹਾਨਤਾ ਰਖਦਾ ਹੈ। ਅਸੀਂ ਇਸ ਉਤਸ਼ਵ ਨੂੰ ਬੜੇ ਫਖਰ ਨਾਲ ਮਨੌਂਦੇ ਹਾਂ, ਪਰ ਸੋਚਣ ਵਾਲੀ ਗਲ ਏਹ ਹੈ ਕਿ ਜਿਨਾਂ ਦੇ ਨਾਮ ਤੇ ਅਸੀਂ ਫਖਰ ਕਰਦੇ ਹਾਂ, ਕੀ ਅਸੀਂ ਓਨਾਂ ਦੇ ਪਾਏ ਪੂਰਨਿਆਂ ਤੇ ਚਲਦੇ ਹਾਂ? ਜਿਨਾਂ ਨੇ ਇਸ ਤਿਉਹਾਰ ਨੂੰ ਮਾਣ ਬਖਸ਼ਿਆ ਹੈ, ਓਨਾਂ ਦਾ ਨਾਮ ਜਿਥੇ ਜਾਕੇ ਲਈਏ ਓਥੇ ਹੀ ਸਾਨੂੰ ਓਸ ਨਾਮ ਦਾ ਸਦਕਾ ਸਤਿਕਾਰ ਮ੍ਹਿਲਦਾ ਹੈ, ਪਰ ਅਸੀਂ ਓਨਾਂ ਦੇ ਹੁਕਮ ਦੀ ਪਾਲਣਾ ਕਿਤਨੀ ਕੁ ਕਰਦੇ ਹਾਂ?

'ਬਸੰਤ' ਜਿਨ੍ਹਾਂ ਸਤਿਗੁਰਾਂ ਦਾ ਪੁਰਬ ਹੈ ਓਨਾਂ ਨੇ ਅਨੰਦ ਮਰਯਾਦਾ ਦੀ ਸਥਾਪਨਾਂ ਓਦੋਂ ਕੀਤੀ ਜਦੋਂ ਅੰਗਰੇਜ਼ ਰਾਜ ਜੋਬਨ ਭਰਪੂਰ ਸੀ, ਜਿਸਦੇ ਨਤੀਜੇ ਵਜੋਂ ਸਤਿਗੁਰੂ ਜੀ ਨੂੰ ਕਈਤਰਾਂ ਦੇ ਕਸ਼ਟ ਸਹਾਰਨੇ ਪਏ। ਪਰ ਓਹ ਅਨੰਦ ਮਰਯਾਦਾ ਜਿਸ ਜਿਸਨੇ ਵੇਖੀ ਸੁਣੀ ਹੈ ਸਭ ਨੇ ਸਲਾਹੁਤਾ ਕੀਤੀ ਹੈ। ਸਤਿਗੁਰਾਂ ਨੇ ਦੁਨੀਆਂ ਦੇ ਜੰਜਾਲ ਵਿਚੋਂ ਕਢਕੇ ਸਾਡੇ ਵਿਆਹ ਹਰ ਪਖ ਤੋਂ ਕਿਡੇ ਸੁਖਲੇ ਕਰ ਦਿਤੇ ਇਸਦਾ ਦੇਣਾਂ ਕੋਈ ਦੇ ਨਹੀਂ ਸਕਦਾ। ਪਰ ਦੁਖ ਸਾਨੂੰ ਹੋਰ ਕਿਸੇ ਤੇ ਨਹੀਂ, ਆਪਣਿਆਂ ਤੇ ਹੈ ਹੀ ਕਿ ਜਿਸ ਰੀਤੀ ਕਰਕੇ ਸਾਡਾ ਸਿਰ ਸਭ ਦੁਨੀਆਂ ਨਾਲੋਂ ਉਚਾ ਹੈ ਓਸਨੂੰ ਹੀ ਅਸੀਂ ਅਮਲੀ ਤੌਰ ਤੇ ਨਹੀਂ ਅਪਣਾ ਰਹੇ। ਮੌਜੂਦਾ ਸਤਿਗੁਰੂ ਜੀ ਨੇ ਇਸ ਰੀਤੀ ਵਿਚ ਕਈ ਤਰੁ-ਟੀਆਂ ਹੁੰਦੀਆਂ ਵੇਖਕੇ ਇਹ ਫੈਸਲਾ ਕੀਤਾ ਕਿ ਅਨੰਦ ਸਭ ਓਨਾਂ (ਸਤਿਗੁਰੂ ਜੀ) ਦੀ ਹਜ਼ੂਰੀ ਵਿਚ ਹੀ ਹੋਇਆ ਕਰਨ। ਅਸੀਂ ਓਨਾਂ ਦੀ ਹਜ਼ੂਰੀ ਵਿਚ ਅਨੰਦ ਕਰ ਲੈਂਦੇ ਹਾਂ, ਪਰ ਮਨ ਸਾਡਾ ਓਦੋਂ ਅਨੰਦ ਅਨੁਭਵ ਨਹੀਂ ਕਰਦਾ, । ਮਨ ਓਦੋਂ ਹੀ ਅਨੰਦ ਸਮਝਦਾ ਹੈ ਜਦੋਂ ਘਰੀਂ ਜਾਕੇ ਲੋਕਾਂ ਵਾਲੀ ਰਸਮ ਪੂਰੀ ਕਰ ਲੈਂਦੇ ਹਾਂ।

'ਅਨੰਦ' ਮਰਯਾਦਾ ਦੀ ਇਕ ਮਿਸਾਲ ਹੈ। ਇਸੇਤਰਾਂ ਦੀਆਂ ਹੋਰ ਕਈ ਰਹੁ ਰੀਤੀਆਂ ਹਨ ਜੋ

ਅਸੀਂ ਸਤਿਗੁਰਾਂ ਦੇ ਹੁਕਮ ਤੋਂ ਉਲਟ ਚਲਕੇ ਮਨੌਂਦੇ ਹਾਂ ਤੇ ਓਨਾਂ ਦੇ ਦਸੇ ਹੋਏ ਨਿਯਮਾਂ ਦੀ ਪਾਲਣਾ ਕਰਨ ਤੋਂ ਸੰਕੋਚ ਕਰਦੇ ਹਾਂ ਪਰ ਗੁਰ-ਪੁਰਬ ਮਨੌਣ ਵਿਚ ਸਭ ਤੋਂ ਅਗਲਿਆਂ ਵਿਚ ਸ਼ਾਮਲ ਹੁੰਦੇ ਹਾਂ। ਕੀ ਐਸੇ ਖਿਆਲ ਦਿਲ ਵਿਚ ਰਖਦਿਆਂ ਹੋਇਆਂ ਗੁਰਪੁਰਬ ਮਨੌਣਾ ਸਕਾਰਥ ਹੈ?

'ਬਸੰਤ' ਜਿਨਾਂ ਦੀ ਯਾਦ ਵਿਚ ਅਸੀਂ ਮਨੌਂਦੇ ਹਾਂ ਓਨਾਂ ਸਤਿਗੁਰਾਂ ਨੇ ਸੋਧ ਮਰਯਾਦਾ ਨੂੰ ਕਿਨੀ ਮਹਾਨਤਾ ਦਿਤੀ ਸੀ। ਪ੍ਰਦੇਸ ਜਾਕੇ ਓਨਾਂ ਨੇ ਦਸ-ਮੇਸ਼ ਜੀ ਦੇ ਵਾਕ ਸਾਨੂੰ ਯਾਦ ਕਰੌਣ ਲਈ ਲਿਖ ਭੇਜਿਆ ਸੀ:—

ਜਹਾਂ ਕਹਾਂ ਕਾ ਛਕੈ ਪ੍ਰਸਾਦਿ।
ਸਿਖ ਨਹੀਂ ਮੇਰਾ ਆਦਿ ਜੁਗਾਦਿ।

ਤਥਾ—

ਜਾਂਕੀ ਰਹਿਤ ਨ ਜਾਣੀਐ ਗੁਰ ਮੰਤ੍ਰ ਨਹੀ ਚੀਤ।
ਉਨਕਾ ਭੋਜਨ ਖਾਇਕੈ ਬਿਸਰੈ ਹਰਿ ਸਿਓ ਪ੍ਰੀਤ।

ਅਸੀਂ ਆਪ ਹੀ ਸੋਚੀਏ ਕਿ ਜਿਸ ਅਸੂਲ ਦੀ ਪਾਲਣਾ ਲਈ ਸਤਿਗੁਰੂ ਜੀ ਨੇ ਤਾਕੀਦੀ ਹੁਕਮ ਦਿਤਾ ਸੀ ਅਸੀਂ ਓਸਦੀ ਪਾਲਣਾ ਕਿਨੀ ਕੁ ਕਰਦੇ ਹਾਂ? ਨਾਮਧਾਰੀ ਪੋਸ਼ਾਕ ਵਿਚ ਹੋਟਲਾਂ ਤੇ ਬੈਠਕੇ ਰੋਟੀ ਖਾਂਦਿਆਂ ਅਸੀਂ ਕਿਡੀ ਸੋਭਾ ਪੌਂਦੇ ਹਾਂ?

ਚੀਨੀਵਾਲੇ ਪਾਤਸ਼ਾਹ ਜੀ ਨੇ ਇਕ ਰਹਿਤਨਾਮੇ ਵਿਚ ਲਿਖਿਆ ਹੈ— ''ਭਜਨ ਅਠੋ ਪਹਿਰ ਕਰਨਾ ਗੁਰੂ ਸਚੇ ਦਾ'। ਇਸ ਹੁਕਮ ਵਲ ਵੀ ਜੇ ਝਾਤ ਮਾਰੀਏ ਤਾਂ ਪਤਾ ਲਗਦਾ ਕਿ ਹੈ ਅਸੀਂ ਇਸਤੋਂ ਕਿਡੀ ਵਡੀ ਕੁਤਾਹੀ ਕਰਦੇ ਹਾਂ। ਮੌਜੂਦਾ ਸਤਿ-ਗੁਰੂ ਜੀ ਨੇ ਅਠਾਂ ਪਹਿਰਾਂ ਵਿਚ ਘਟ ਤੋਂ ਘਟ ਇਕ ਘੰਟਾ ਭਜਨ ਕਰਨ ਲਈ ਅਤਿ ਜਰੂਰੀ ਹੁਕਮ ਦਿਤਾ ਹੈ। ਅਸੀਂ ਏਹ ਵੀ ਨਹੀਂ ਮੰਨਦੇ।

ਫੋਕੇ ਰਸਮੀ ਕੰਮ ਅੱਜ ਦੀ ਦੁਨੀਆਂ ਵਿੱਚ ਏਨੇ ਹੋ ਰਹੇ ਹਨ ਜੋ ਗਿਣੇ ਨਹੀਂ ਜਾ ਸਕਦੇ, ਪਰ ਸਾਡੇ ਅਸੂਲ ਦੇ ਏਹ ਗਲ ਉਲਟ ਹੈ। ਸਾਡੇ ਮਤ ਅਨੁ-ਸਾਰ ਜੋ ਗਲ ਜਬਾਨ ਵਿਚੋਂ ਨਿਕਲਦੀ ਹੈ ਓਸਦਾ ਮਨ ਵਿੱਚ ਹੋਣਾਂ ਜਰੂਰੀ ਹੈ। ਜਿਸ ਚੀਨੀ ਵਾਲੇ ਪਾਤਸ਼ਾਹ ਦੀ ਯਾਦ ਵਿੱਚ ਬਸੰਤ ਮਨਾਈ ਜਾਂਦੀ ਹੈ, ਸਾਡਾ ਇਹ ਫਰਜ਼ ਹੈ ਕਿ ਓਸਦੇ ਦਿਤੇ ਹੋਏ ਹੁਕਮਾਂ ਤੇ ਅਸੀਂ ਪੂਰਾ ਪਹਿਰਾ ਦੇਈਏ। ਸੁਚ ਪਵਿਤ੍ਰਤਾ, ਨਾਮ ਜਪਣਾਂ, ਸੇਵਾ ਕਰਨੀ, ਸਾਫ ਤੇ ਸਾਦੇ ਰਹਿਣਾਂ ਆਦਿ ਬਚਨ ਅਮਲੀ ਵਰਤੋਂ ਵਿੱਚ ਲਿਆਈਏ। ਐਸੇ ਸਿਖ ਬਣਕੇ ਵਖਾਈਏ ਕਿ ਜੋ ਦਰਸ਼ਨ ਕਰੇ ਓਹ ਸਿੱਖ ਸਜ ਜਾਏ। ਜਬਾਨ ਵਿੱਚ ਐਸੀ ਤਾਸੀਰ ਉਤਪਨ ਹੋਵੇ ਕਿ ਜੋ ਪ੍ਰਾਣੀ ਸੁਣੇ ਓਹ ਸਿਖ ਸਜ ਜਾਏ। ਹਰ ਵਾਰੀ ਪੁਰਬ ਦੇ ਮੌਕਿਆ ਤੇ ਪਤਾ ਲਗੇ ਕਿ ਕਿੰਨੇ ਮਨੁਖ ਗੁਰੂ ਜਸ ਤੋਂ ਪ੍ਰਭਾਵਤ ਹੋਕੇ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆਏ ਹੈਨ।

ਅੰਦਰ ਲਗਨ ਹੋਵੇ ਨਾਮਧਾਰੀ ਪੰਥ ਦੀ ਬ੍ਰਿਧੀ ਹੋਣ ਦੀ ਨਾਮਧਾਰੀ ਪੰਥ ਦੀ ਜਾਣ ਪਛਾਣ ਤੇ ਇਤਿਹਾਸ ਹਰ ਮਨੁਖ ਤਕ ਪਹੁੰਚੌਣ ਦੀ ਅਤੇ ਇਹਨਾਂ ਗਲਾਂ ਨੂੰ ਅਮਲੀ ਵਰਤੋਂ ਵਿੱਚ ਲਿਆਂਦਾ ਜਾਵੇ ਤਦ ਸਾਡੀ ਬਸੰਤ ਮਨੌਣੀ ਸਫਲ ਹੁੰਦੀ ਹੈ।

—o—

ਅਜੀਤ ਸਿੰਘ ਜੀ ਡੱਲ

ਜੀਵਨ—ਸਾਗਰਾਂ ਦੇ ਮੂੰਗਾ—ਬਾਗ ਅੰਦਰ,
ਮੋਤੀ ਮਨ—ਦੀ ਸਿਪੋਂ ਤਿਆਰ ਹੁੰਦੇ।
ਸੁੱਚੇ ਪਾਰਖੂ ਦੀ, ਪਰਖੋ ਪਾਰ ਹੋਕੇ,
ਅਨਵਿਧ—ਸੀਨੇ ਚਾਕਦਾਰ ਹੁੰਦੇ।
ਤੰਦੀ ਪ੍ਰੀਤ ਦੀ ਵਿਚ ਪਰੁਚਕੇ ਫਿਰ,
ਜੀਵਨ—ਮੁਕਤੀ ਦੇ ਗਲੇ ਦਾ ਹਾਰ ਹੁੰਦੇ।
ਜਿਹੜੇ ਫੁਲ ਨਾ ਸ਼ਿਵਲੀ ਦਾ ਸਹਿ ਸਕਦੇ,
ਤਿਠੇ ਸੂਲੀ ਦੇ ਨਾਲ ਪਿਆਰ ਪਉਂਦੇ।

ਮਾਸਟਰ ਨਿਹਾਲ ਸਿੰਘ ਜੀ ਸਿਰਸਾ

ਸਾਧ ਬਚਨ

ਤੁਸੀਂ ਟੇਈ ਨੂੰ ਜਾਣਦੇ ਹੋ? ਨਹੀਂ ਨਹੀਂ ਤੁਸੀਂ ਨਹੀਂ ਜਾਣਦੇ। ਉਹ ਅਜਕਲ ਪਾਕ-ਸਤਾਨ ਵਿਚ ਹੈ। ਪਾਕਸਤਾਨ ਨੂੰ ਕੋਈ ਚੰਗਾ ਕਹੇ, ਜਾਂ ਮਾੜਾ, ਮਗਰ ਟੇਈ ਨੂੰ ਕੋਈ ਮਾੜਾ ਨਹੀਂ ਆਖੇਗਾ। ਥਾਵਾਂ ਵੀ ਬੰਦਿਆਂ ਨਾਲ ਚੰਗੀਆਂ ਮਾੜੀਆਂ ਅਖਵਾਉਣ ਲੱਗਪੈਂਦੀਆਂ ਹਨ ਚੰਗੇ ਬੰਦੇ ਚੰਗੇ ਥਾਂ, ਮਾੜੇ ਬੰਦੇ ਮਾੜੇ ਥਾਂ। ਪਤਾ ਨਹੀਂ ਅਜ ਓਥੇ ਕੇਹੋ ਜੇਹੇ ਮਨੁਖ ਵਸਦੇ ਹਨ, ਜਿਸ ਵੇਲੇ ਦੀ ਮੈਂ ਗਲ ਕਰਦਾ ਹਾਂ, ਜਿਗਰ ਗੁਰਦੇ ਵਾਲੇ ਬੰਦੇ ਵਸਦੇ ਸਨ, ਸਵੇਰ ਸਾਰ ਦੇ ਨਾਉਂ ਲੈਣ ਵਾਲੇ। ਪਾਕਪਟਨ ਉਹ ਭਾਗੀ ਭਰਿਆ ਥਾਂ ਹੈ ਜਿਥੇ ਕਦੀ ਕਦਾਈਂ ਬਾਬਾ ਫਰੀਦ ਜੀ ਆਰ-ਫਾਨਾਂ ਤਾਨਾਂ ਨਾਲ, ਆਲੇ ਦੁਆਲੇ ਨੂੰ ਆਤਮਕ ਸੁਗੰਧੀ ਨਾਲ ਭਰਪੂਰ ਕਰਿਆ ਕਰਦੇ ਸਨ, ਇਹ ਟੇਈ ਓਸੇ ਪਾਕਪਟਨ ਤੋਂ ਕੋਈ ਵੀਹ ਕੂ ਮੀਲ ਦੂਰ ਹੈ। ਇਹ ਨਗਰ ਮਾਰੂਸਥਲ ਵਿਚ ਇਕ ਨਖਲਸਤਾਨ ਹੈ।

ਇਸ ਨਗਰ ਇਕ ਬੀਬਾ ਬਾਬਾ ਜੈ ਸਿੰਘ ਰਹਿੰਦਾ ਸੀ। ਸਤਿਗੁਰਾਂ ਉਨਾਂ ਦੇ ਘਰ ਇਕ ਬਾਲਕ ਬਖਸ਼ਿਆ, ਜਿਸਦਾ ਨਾਉਂ ਮਾਪਿਆਂ ਜਵੰਦ ਸਿੰਘ ਰਖਿਆ। ਜਵੰਦ ਸਿੰਘ ਵੀ ਆਪਣੇ ਮਾਪਿਆਂ ਵਾਂਗੂੰ ਧਰਮੀ, ਉਪਕਾਰੀ ਤੇ ਕਿਸੇ ਨੂੰ ਦੁਖੀ ਵੇਖਕੇ ਚਾਰ ਅਥਰੂ ਕੇਰਨ ਵਾਲਾ ਸੀ। ਜਵੰਦ ਸਿੰਘ ਨੂੰ ਸਤਿਗੁਰਾਂ ਦੋ ਭੁਜੰਗੀ ਬਖਸ਼ੇ। ਉਹ ਵੀ ਦਸਾਂ ਨਵਾਂ ਦੀ ਕਿਰਤ ਕਰਨ ਵਾਲੇ ਸਨ। ਆਏ ਗਏ ਸਾਧ ਦਾ ਵੀ ਆਸਣ ਓਥੇ ਖੁਲਦਾ। ਜਵਾਹਰ ਸਿੰਘ ਪਿੰਡ ਦਾ ਨੰਬਰਦਾਰ ਸੀ, ਪਰ ਨੰਬਰਦਾਰੀ ਵਾਲੀ ਬੋ ਉਨਾਂ ਵਿਚ ਵੇਖਣ ਵਾਲੀ ਨਹੀਂ ਸੀ। ਗ੍ਰੀਬ ਦੀ ਬਾਂਹ ਫੜਨੀ ਤੇ ਡਿਗੇ ਨੂੰ ਗਲ ਲਾਉਣਾ ਉਨਾਂ ਨੂੰ ਸਭਾਉ ਵਿਰਸੇ ਵਿਚੋਂ ਮਿਲਿਆ ਸੀ।

ਬਾਬਾ ਜਵਾਹਰ ਸਿੰਘ ਵੀਹਾਂ ਵਰਿਆਂ ਦੇ ਹੋਏ ਤਾਂ ਅਵਾਜਾ ਹੋਇਆ ਜਨਮ ਸਵਾਰਨਾਂ ਈ ਤਾਂ ਅੰਮ੍ਰਿਤਸਰ ਆ। ਆਸ਼ਕ ਸਦਾ ਮਸ਼ੂਕ ਦੀ ਢੂੰਢ ਵਿਚ ਰਹਿੰਦੇ ਹਨ। ਘਰ ਦੇ ਧੰਦਿਆਂ ਨੂੰ ਓਥੇ ਹੀ ਠੱਪ ਦਿਤਾ ਤੇ ਸ੍ਰੀ ਅੰਮ੍ਰਿਤਸਰ ਵਲ ਚਾਲੇ ਪਾ ਦਿਤੇ। ਜਵਾਹਰ ਸਿੰਘ ਹਰਿਮੰਦਰ ਗਏ, ਬਾਬਾ ਅਟਲ ਦੇ ਦਰਸ਼ਨ ਕੀਤੇ, ਮਗਰ ਅਵਾਜ ਵਾਲਾ ਕੋਈ ਨ ਬਹੁੜਿਆ। ਦਰਸ਼ਨ ਮੇਲਾ ਕਰ ਘਰ ਨੂੰ ਮੁੜੇ, ਸ਼ਹਿਰੋਂ ਕੋਈ ਦੋ ਕੂ ਮੀਲ ਆਏ ਹੋਣਗੇ, ਕਿ ਮੁੜ ਅਵਾਜ਼ ਆਈ "ਭਾਈ ਖਾਲੀ ਆਇਓਂ ਖਾਲੀ ਮੁੜਿਓਂ।" ਮਗਰ ਦਿਸ ਕੋਈ ਨ ਆਯਾ। ਫੇਰ ਗਿਟੀਆਂ ਗਿਣਦਿਆਂ ਕਦਮ ਅਗਾਂਹ ਪੁਟੇ, ਆਵਾਜ਼ ਨੇ ਮੁੜ ਵਾਜਾਂ ਮਾਰੀਆਂ "ਖਾਲੀ ਨ ਜਾ ਚਲ ਸਮੇਂ ਦੀ ਬੰਦਗੀ ਲੈ।" ਜਵਾਹਰ ਸਿੰਘ ਜੀ ਮੁੜੇ। ਹਰਿਮੰਦਰ ਪੁਜੇ। ਓਥੇ ਪ੍ਰਕਰਮਾਂ ਵਿਚ ਇਕ ਬਾਬਾ ਜੀ ਦੇ ਦਰਸ਼ਨ ਹੋਏ। ਉਨਾਂ ਦੇ ਚਿਹਰੇ ਵਲ ਤਕਿਆ ਨਹੀਂ ਸੀ ਜਾਂਦਾ। ਦਾਹੜਾ ਦੁਧ ਚਿੱਟਾ, ਉਹ ਬਾਬਾ ਸੀ, ਸ਼ਿਵਜੀ ਮਹਾਰਾਜ ਦਾ ਵੀ ਬਾਬਾ, ਬ੍ਰਹਮਾਂ ਦਾ ਬਾਬਾ ਤੇ ਵਿਸ਼ਨੂੰ ਦਾ ਵੀ ਬਾਬਾ। ਉਸ ਬਾਬੇ ਨੇ ਜਵਾਹਰ ਸਿੰਘ ਦੇ ਕੰਨ ਵਿਚ ਉਹ ਮੰਤਰ ਫੂਕ ਦਿਤਾ ਜਿਹੜਾ ਪੱਥਰ ਵਿਚ ਵੀ ਉਗ ਪੈਂਦਾ ਹੈ। ਜਿਹਦੇ ਉਤੇ ਬਾਬੇ ਨਾਨਕ ਨੇ ੪੦ ਯੁਗ ਤਪਸਿਆ ਕੀਤੀ ਸੀ। ਬਾਬਾ ਜੀ ਖੀਵੇ ਹੋ ਮੁੜੇ। ਹਰ ਸਮੇਂ ਕਿਸੇ ਰੰਗ ਵਿਚ ਡੁਬੇ ਰਹਿਣ—

ਲਹਿਣਾ ਦੇਣਾ ਪਾਸੇ ਰਹਿ ਗਇਆ
ਖੂਹ ਵਿਚ ਪੈ ਗਈਆਂ ਵਹੀਆਂ।

ਇਹ ਬਾਬਾ ਜੀ ਮਸਤ ਰਹਿਣ। ਮਗਰ ਕੰਮ ਸਵਾਰੇ ਓਹੋ ਆਵਾਜ਼ੇ ਵਾਲਾ ਬਾਬਾ, ਲੇਲੇ ਵਾਂਗੂੰ ਪਿਛੇ ਪਿਛੇ ਤੁਰਦਾ ਰਹੇ।

ਜਵਾਹਰ ਸਿੰਘ ਨੂੰ ਮਸਤ ਰਹਿੰਦਿਆਂ ਵੇਖ ਚੋਰਾਂ ਸਲਾਹ ਕੀਤੀ, ਏਸ ਕਮਲੇ ਦੇ ਢੋਰ ਲੈ

ਚਲੀਏ। ਘਰੋਂ ਮੰਨਤਾਂ ਮੰਨਕੇ ਜਵਾਹਰ ਸਿੰਘ ਦੇ ਪਸ਼ੂ ਖੋਲ੍ਹਣ ਵਾਸਤੇ ਤੁਰ ਪਏ। ਜਦੋਂ ਬਾਬੇ ਦੇ ਵਾੜੇ ਕੋਲ ਪੁਜੇ ਤਾਂ ਪੈਰਾਂ ਅਗੇ ਤੁਰਨੋਂ ਨਾਹ ਕਰ ਦਿਤੀ। ਅਖਾਂ ਸਾਹਮਣੇ ਅਨ੍ਹੇਰੇ ਦੀ ਕੰਧ ਖੜੀ ਹੋ ਗਈ। ਪਿਛੇ ਮੁੜੇ ਤਾਂ ਰਾਹ ਬਿਲਕੁਲ ਸਾਫ। ਫੇਰ ਪਿਛਾਂਹ ਜਵਾਹਰ ਸਿੰਘ ਦੇ ਵਾੜੇ ਵੱਲ ਕਦਮ ਮੋੜੇ ਤਾਂ ਅਖਾਂ ਨੇ ਰੋਸ਼ਨੀ ਲੁਕਾ ਲਈ, ਚੌਪਾਸੀਂ ਘੁਪ ਅਨ੍ਹੇਰਾ ਹੋ ਗਿਆ। ਚੋਰ ਜਾਣ ਗਏ, ਇਹ ਬਾਬਾ ਕਮਲਾ ਨਹੀਂ, ਇਹ ਤਾਂ ਵਲੀ ਅੱਲਾ ਹੈ, ਇਹ ਤਾਂ ਆਪ ਖੁਦਾ ਹੈ। ਕੰਨਾਂ ਨੂੰ ਹਥ ਲਾਏ, ਤੌਬਾ ਕੀਤੀ, ਨੱਕ ਰਗੜਿਆ ਤੇ ਘਰ ਵਲ ਪੈਰਾਂ ਨੂੰ ਮੁੜੇ। ਘਰ ਦਾ ਰਾਹ ਬਿਲਕੁਲ ਪਧਰਾ। ਕਾਹਲੀ ਕਾਹਲੀ ਕਦਮ ਪੁਟੇ ਤੇ ਘਰ ਪੁਜੇ।

ਜਵਾਹਰ ਸਿੰਘ ਦੀ ਯਾਰ ਨਾਲ ਖੇਡਦਿਆਂ ਆਯੂ ਪੰਜਾਹ ਤੋਂ ਲੰਘ ਤੁਰੀ। ਘਰ ਛੀ ਧੀਆਂ ਸਨ, ਮਗਰ ਭੁਜੰਗੀ ਤੋਂ ਬਿਨਾਂ ਵਿਹੜਾ ਖਾਲੀ ਖਾਲੀ ਸੀ। ਭਾਰਤ ਦੀ ਬਦਕਿਸਮਤੀ ਏ ਕਿ ਇਨਾਂ ਵਿਚਾਰੀਆਂ ਨੂੰ ਪ੍ਰਾਇਆ ਧਨ ਸਮਝਿਆ ਜਾਂਦਾ ਹੈ। ਆਲੇ ਦੁਆਲੇ ਗਲਾਂ ਤੁਰ ਪਈਆਂ। ਨਾਨਕਿਆਂ ਦਾਦਕਿਆਂ ਨੂੰ ਚਿੰਤਾ ਘੇਰ ਲਇਆ ਮਗਰ ਜਵਾਹਰ ਸਿੰਘ ਮਸਤ। ਸਾਧੂ ਅਉਣ ਕੀਰ-ਤਨ ਕਰਨ, ਆਪ ਧੰਨ ਗੁਰੂ ਰਾਮ ਸਿੰਘ! ਧੰਨ ਗੁਰੂ ਰਾਮ ਸਿੰਘ!! ਧੰਨ ਚੀਨੀ ਵਾਲੇ ਪਾਤਸ਼ਾਹ!! ਕਹਿੰਦੇ ਫਰਸ਼ ਤੇ ਰਹਿੰਦੇ ਅਰਸ਼ਾਂ ਤੇ ਵਸਦੇ।

ਇਕ ਦਿਨ ਐਸਾ ਹੋਇਆ, ਬਾਬੇ ਦੀ ਕੁਟੀਆ ਵਿਚ ਗ੍ਰੰਥ ਸਾਹਿਬ ਦਾ ਭੋਗ ਪੈ ਰਹਿਆ ਸੀ। ਸੰਤ ਕਰਮ ਸਿੰਘ ਜੀ ਗੁਰੂ ਕੇ ਟਹਿਲੂਏ ਤੇ ਹੋਰ ਸਾਧੂ ਵੀ ਆਏ ਹੋਏ ਸਨ। ਖੂਬ ਸ਼ਬਦ ਕੀਰਤਨ ਹੋ ਰਹਿਆ ਸੀ, ਸੰਤ ਕਰਮ ਸਿੰਘ ਜੀ ਅਰਦਾਸਾ ਕਰਦਿਆਂ ਬੇਨਤੀ ਕੀਤੀ, "ਹੇ ਗਰੀਬ ਨਿਵਾਜ਼! ਤੇਰੇ ਦਰੋਂ ਜੋ ਮੰਗੀਏ ਉਹ ਮਿਲ ਜਾਂਦਾ ਹੈ। ਤੂੰ ਊਣਿਆਂ ਨੂੰ ਪੂਰਾ ਤੇ ਪੂਰਿਆਂ ਨੂੰ ਭਰਪੂਰ ਕਰਨ ਵਾਲਾ ਹੈਂ, ਤੇਰੇ ਘਰ ਕੋਈ ਘਾਟਾ ਨਹੀਂ। ਤੂੰ ਕਿਰਪਾ ਕਰ ਜੋ ਸੰਤਾਂ ਦੇ ਉਪ੍ਰੰਤ ਸਾਧ ਸੰਗਤ ਦੀ ਸੇਵਾ ਕਰਨ ਵਾਲੇ ਦੀ ਦਾਤ ਬਖਸ਼।" ਸੰਤਾਂ ਅਰਦਾਸਾ ਸੋਧ ਦਿਤਾ। ਸੰਗਤਾਂ ਜੈਕਾਰਾ ਬੁਲਾ ਦਿਤਾ। ਜੈਕਾਰੇ ਦੀ ਗੂੰਜ ਨਿਰੰਕਾਰ ਦੇ ਦੇਸ਼ ਜਾ ਪੁਜੀ।

ਸਮਾ ਬੀਤਦਾ ਗਇਆ। ਚੰਦ੍ਰਮਾਂ ਧਰਤੀ ਦੁਆਲੇ ਪੂਰੀਆਂ ਪੰਜ ਪ੍ਰਕਰਮਾਂ ਕਰ ਲਈਆਂ। ਗਰਮੀ ਬਿਰਛਾਂ ਬੂਟਿਆਂ ਨੂੰ ਲੂੰਹਦੀ ਅਗੇ ਨਿਕਲ ਗਈ। ਅਸੂੰ ਕਤਕ ਦੀਆਂ ਨਿਰਮਲ ਰਾਤਾਂ ਆ ਗਈਆਂ। ਮਾਤਾ ਆਸ ਕੌਰ ਜੀ ਦੇ ਘਰ ਬਚੇ ਦੇ ਜਨਮ ਦਾ ਸਮਾ ਆ ਗਇਆ। ਘਰ ਵਿਚ ਗੰਭੀਰਤਾ ਭਰੀ ਚੁਪ ਸੀ। ਸੂਰਜ ਸਿਰ ਤੇ ਨਹੀਂ ਆਇਆ ਸੀ, ਕਿ ਦਾਈ ਕਮਰਿਉਂ ਬਾਹਰ ਆਈ। ਮੂੰਹ ਤੇ ਉਦਾਸੀ ਸੀ। ਚਿਹਰਾ ਢਿਲਾ ਸੀ। ਕਦਮ ਭਾਰੇ ਭਾਰੇ ਸਨ। ਸੰਤ ਜਵਾਹਰ ਸਿੰਘ ਦੇ ਕੋਲੋਂ ਲੰਘਦਿਆ ਹੌਲੀ ਜੇਹੀ ਕਹਿਆ, ਕਾਕੋ ਦਾ ਜਨਮ ਹੋਇਆ ਹੈ। ਬਾਬਾ ਜੀ ਦੇ ਮੂੰਹੋ "ਧੰਨ ਗੁਰੂ ਹਰੀ ਸਿੰਘ ਧੰਨ ਗੁਰੂ ਰਾਮ ਸਿੰਘ ਜੀ ਨਿਕਲਿਆ" ਤੇ ਮਾਲਾ ਫੇਰਦੇ ੨ ਪਾਠ ਵਾਲੀ ਕੋਠੜੀ ਵੱਲ ਚਲੇ ਗਏ।

ਦੇਵ ਨੇਤ ਸੰਤ ਰਣ ਸਿੰਘ ਜੀ ਆਏ ਹੋਏ ਸਨ। ਬੱਚੀ ਦਾ ਜਨਮ ਸੁਣ, ਸਤਿਗੁਰਾਂ ਨਾਲ ਉਲਾਮ੍ਹਿਆ ਤੇ ਉਤਰ ਆਏ ਤੇ ਨਿਹੋਰਾ ਦਿਤਾ ਤੇ ਆਖਿਆ "ਸੂਰਜ ਭਾਵੇਂ ਚੜਦੇ ਦੀ ਬਜਾਏ ਲਹਿੰਦਿਉਂ ਚੜਨਾਂ ਸ਼ੁਰੂ ਹੋ ਜਾਵੇ, ਹਿਮਾਚਲ ਆਪਣੇ ਟਿਕਾਣੇ ਤੋਂ ਹਿਲ ਕੇ ਅਗੇ ਚਾਲੇ ਪਾ ਦੇਵੇ, ਸੱਤੇ ਸਮੁੰਦਰ ਸੁਕ ਜਾਣ ਤਾਂ ਭਾਵੇਂ ਸੁਕ ਜਾਣ ਮਗਰ ਸਾਧ ਸੰਗਤ ਦਾ ਸੋਧਿਆ ਅਰਦਾਸਾ ਖਾਲੀ ਨਹੀਂ ਜਾਣਾਂ ਚਾਹੀਦਾ। ਸੰਤਾਂ ਮੁੰਡੇ ਵਾਸਤੇ ਅਰਦਾਸ ਕੀਤਾ ਸੀ ਸਹੁਰੀ ਨੇ ਫੇਰ ਕੁੜੀ ਜਮ ਦਿਤੀ ਏ। ਸਾਧ ਸੰਗਤ ਦਾ ਬਚਨ ਖਾਲੀ ਨਹੀਂ ਜਾਣਾ ਚਾਹੀਦਾ" ਏਨਾਂ ਕਹਿ ਸਮਾਧੀ ਵਿੱਚ ਚਲੇ ਗਏ। ਘਰ ਵਾਲੇ ਕੰਮੀਂ ਕਾਜੀਂ ਜੁੱਟ ਪਏ। ਅੱਧਾ ਘੰਟਾ ਹੀ ਬੀਤਿਆ ਸੀ ਕਿ ਦਾਈ ਮੁੜ ਕਾਹਲੀ ਕਾਹਲੀ ਪੈਰ ਪੁਟਦੀ ਆਈ ਤੇ ਸੰਤਾਂ ਨੂੰ ਮੱਥਾ ਟੇਕਦਿਆਂ ਕਹਿਆ ਬਾਬਾ ਜੀ, ਵਧਾਈ! ਵਧਾਈ!! ਵਧਾਈ!!! ਉਦਾਸ ਨ ਹੋਣਾ ਕਾਕੋ ਆਈ ਏ ਤੇ ਮਗਰੇ ਮਗਰ ਵੀਰਾ ਵੀ ਅਇਆ ਏ। ਪਰ ਕਾਕਾ ਹੈ। ਬਲੂੰਗੇ ਜਿੰਨਾਂ।

ਦਾਈ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਬਾਬਾ ਜਵਾਹਰ ਸਿੰਘ ਦੇ ਘਰ ਨਰ ਨਾਰੀਆਂ ਤਾਂਤਾ ਬੰਨ੍ਹ ਦਿਤਾ, ਗੁੜ ਦੇ ਕੋਠਿਆਂ ਦੇ ਮੂੰਹ ਖੁਲ੍ਹ ਗਏ ਖਾਲੀ ਆਏ, ਝੋਲੀਆਂ ਭਰ ਭਰ ਮੁੜੇ। ਢੋਲ-ਕੀਆਂ ਛੈਣਿਆਂ ਨਾਲ ਜਥੇ ਆਉਣੇ ਸ਼ੁਰੂ ਹੋ ਗਏ। ਸ਼ਬਦ ਕੀਰਤਨ ਹੋਣ ਲਗਾ ਪਇਆ ਤੇਰਵ੍ਹੇਂ ਦਿਨ ਮਾਤਾ ਨੂੰ ਤੇ ਬਚੇ ਬੱਚੀ ਨੂੰ ਅੰਮ੍ਰਿਤ ਛਕਾਇਆ ਗਇਆ। ਬੱਚੀ ਤਾਂ ਛੀ ਮਹੀਨਿਆਂ ਪਿਛੋਂ ਚੜ੍ਹ ਗਈ, ਮਗਰ ਸੰਤ ਜੈਮਲ ਸਿੰਘ ਜੀ ਅਜੇ ਤਕ ਸਾਧ ਸੰਗਤ ਦੀ ਸੇਵਾ ਕਰ ਰਹੇ ਹਨ।

–o–

ਬੀਬੀ ਜਸਬੀਰ ਕੌਰ ਜੀ ਦੂਆ

ਪ੍ਰੀਤਮ ਦੀ ਭਾਲ

ਔਹ ਵੇਖੋ ਨਾਂ ! ਇਕ ਅਲਬੇਲੀ,
ਨਾਰ ਨੇਵਲੀ,
ਘੁੰਗਰੂ ਬੰਨ, ਕੇ,
ਟਿਕਾ ਲਾਕੇ, ਦੌਣੀ ਪਾਕੇ,
ਪਾਯਲ ਛਣਕਾਕੇ,
ਫੁਲਾਂ ਲਦੀ ਕਿਆਰੀ ਵਿਚੋਂ,
ਖਿੜ-ਮਹਿਕੀ ਫੁਲਵਾੜੀ ਵਿਚੋਂ,
ਸਾਵੇ ਘਾਹ ਜਿਹੇ ਪੱਤਾਂ ਵਿਚੋਂ,
ਮੰਦ ਮੰਦ ਮੁਸਕਾਂਦੀ, ਆਕੇ
ਆਸਨ ਘਾਹ ਦਾ ਖੂਬ ਬਣਾਕੇ,
ਸੋਹਣੇ ਮੋਤੀ ਉਤੇ ਲਾਕੇ,
ਕਲੀਆਂ ਵਾਲਾ ਗਜਰਾ ਪਾਕੇ,
ਸੋਹਣੀ ਰਾਣੀ ਬੈਠ ਗਈ ਹੈ,
ਔਹ ਵੇਖੋ ਨਾ ! ਚੂੜੇ ਵਾਲੀ,
ਫੇਰ ਹੈ ਉਠੀ, ਭੁੱਲਾਂਵਾਲੀ,
ਫੇਰ ਹੈ ਉਠੀ. ਚਾਰੇ ਪਾਸੇ,
ਝਾਕ ਰਹੀ ਹੈ, ਆਪਣਾ ਪ੍ਰੀਤਮ,
ਭਾਲ ਰਹੀ ਹੈ,
ਕੋਇਲਾਂ ਕੋਲੋਂ, ਥਹੁ ਪਈ ਪੁਛੇ,
ਬੁਲ ਬੁਲ ਕੋਲੋਂ, ਰਾਹ ਪਈ ਪੁਛੇ,
ਆਪਣਾ ਪ੍ਰੀਤਮ ਭਾਲ ਨਹੀਂ ਸਕੀ,
ਤਪਦਾ ਹਿਰਦਾ ਠਾਰ ਨਹੀਂ ਸਕੀ,
ਦਿਲ ਦੀ ਆਸ ਨ ਪੂਰੀ ਹੋਈ,
ਅਖਾਂ ਵਿਚੋਂ, ਹੰਝੂ ਡਿਗੇ,
ਠੰਡੇ ੨ ਹੌਕੇ ਨਿਕਲੇ,
ਚੀਨੀ ਵਾਲਾ ਸੋਹਣਾਂ ਪ੍ਰੀਤਮ,
ਭੈਣੀ ਵਾਲਾ ਮੋਹਣਾਂ ਪ੍ਰੀਤਮ,
ਚੀਨੀ ਦਾ ਅਸਵਾਰ ਪਿਆਰਾ,
ਗਡੇ ਦੀ ਅਸਵਾਰੀ ਕਰਕੇ,
ਕਾਲੀ ਕਮਲੀ ਪਾਕੇ ਮਾਹੀ,
ਖੌਰੇ ਕਿਹੜੇ ਦੇਸ ਟੁਰ ਗਿਆ,
ਲਭਦੀ ਲਭਦੀ, ਥਕ ਗਈ ਜਦ,
ਉਹ ਵੈਰਾਗਨ ਵਾਪਸ ਹੋਈ,
ਹਾਰ ਸ਼ਿੰਗਾਰ,
ਸਭ ਲਾਹ ਸੁਟੇ ਸੂ।
ਹੁਣ ਵੇਖੋ ਨਾ !
ਖਿੜਦੇ ਫੁਲ, ਮੁਰਝਾਨ ਲਗੇ ਨੇ,
ਸਾਵੇ ਪਤੇ ਧਰਤੀ ਡਿਗੇ,
ਕਲੀਆਂ ਨੇ ਹੁਣ ਮੂੰਹ ਮੀਟ ਲਏ,
ਸਾਵਾ ਘਾਹ ਵੀ ਮੈਲਾ ਹੋਇਆ,
ਫੁਲਾਂ ਆਪਨਾ ਜੋਬਨ ਖੋਇਆ,
ਕੋਇਲਾਂ ਨਾ ਹੁਣ ਗੀਤ ਗਾਉਂਦੀਆਂ,
ਭੌਰੇ ਨਾ ਹੁਣ ਭੀਂ ਭੀਂ ਕਰਦੇ।
ਪ੍ਰੀਤਮ ਆਪਣੇ ਦੀ ਭਾਲ ਕਰੇਂਦੀ,
ਇਹ ਵੈਰਾਗਨ, ਫੇਰ ਆਏਗੀ।
ਬੜੀ ਦੇਰ ਨੂੰ,
ਫੇਰ ਆਏਗੀ।

–:–o–:–

ਕੁਝ ਆਪਣੀਆਂ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਸਵੱਲੀ ਨਜ਼ਰ ਸਤਿਜੁਗ ਤੇ ਸਦਾ ਰਹੀ ਹੈ, ਸ੍ਰੀ ਬਾਬਾ ਜਗਜੀਤ ਸਿੰਘ ਜੀ ਸਾਹਿਬ, ਆਪਣੇ ਭੈਣੀ ਸਾਹਿਬ ਵਾਸ ਤੇ ਹੋਰ ਰੁਝੇਵਿਆਂ ਚੋਂ ਸਤਿਜੁਗ ਨੂੰ ਅਵੱਸ਼ ਸਮਾ ਦੇਂਦੇ ਰਹੇ ਹਨ, ਪਰ ਜਿੰਨੀ ਠੋਸ ਜ਼ਿਮੇਵਾਰੀ ਸਤਿਜੁਗ ਬਾਬਤ ਸ੍ਰੀ ਬਾਬਾ ਬੀਰ ਸਿੰਘ ਜੀ ਦੀ ਸੀ, ਉਸ ਦੀ ਘਾਟ ਸਾਨੂੰ ਪਿਛਲੇ ਅੱਠ ਮਹੀਨਿਆਂ ਤੋਂ ਅਟੁੱਟ ਰਹੀ ਹੈ।

ਸ੍ਰੀ ਬਾਬਾ ਬੀਰ ਸਿੰਘ ਜੀ ਉਸ ਰਾਜਨੀਤਕ ਧੱਕੇ ਦਾ ਸ਼ਕਾਰ ਹੋਏ ਸੱਤ ਮਹੀਨਿਆਂ ਤੋਂ ਜੇਲ ਬੰਦ ਹਨ, ਜਿਸਦਾ ਬੋਲਬਾਲਾ, ਏਸ ਸਮੇ ਸਾਰੇ ਭਾਰਤ ਵਿੱਚ ਹੀ ਹੈ। ਸਰਸਾ ਤਹਿਸੀਲ ਵਿੱਚ ਨਾਮਧਾਰੀਆਂ ਦੀ ਜੁੜਵੀਂ ਵਸੋਂ ਤੇ ਜਤਨਾਂ ਨਾਲ ਕੀਤੀ ਵਧੇਰੇ ਪੈਦਾਵਾਰ ਨੇ ਕੁਝ ਸਰਕਾਰੀ ਮੁਖੀਆਂ ਤੇ ਕਸੂਤੇ ਕਾਂਗਰਸੀਆਂ ਨੂੰ ਆਪਣਾ ਵਿਰੋਧੀ ਬਣਾ ਲਿਆ ਹੈ । ਚੌਧਰੀ ਦੇਵੀ ਲਾਲ ਜੈਸੇ, ਬਦੋਬਦੀ ਗਲ ਪੈਣ ਵਾਲੇ ਜਗੀਦਾਰਾਂ ਨੇ ਨਾਮ-ਧਾਰੀਆਂ ਉਤੇ ਆਪਣੇ ਜਗੀਰਦਾਰੀ ਦਾਬੇ ਦਾ ਪ੍ਰਭਾਵ ਪਾਣ ਦੀ ਕੋਸ਼ਸ਼ ਕੀਤੀ ਪ੍ਰੰਤੂ ਨਾਮਧਾਰੀਆਂ ਇਨ੍ਹਾਂ ਨੂੰ ਮੂੰਹ ਨਾ ਲਾਕੇ ਜਦੋਂ ਇਕ ਆਜ਼ਾਦ ਉਮੀਦਾਰ ਨੂੰ ਪੰਜਾਬ ਅਸੈਂਬਲੀ ਲਈ ਕਾਮਬਾਬ ਕਰ ਦਿਤਾ ਤਾਂ ਪਤਾ ਲਗਾ ਕਿ ਸਰਸੇ ਵਿਚ ਇਕ ਉਹ ਹਲਕਾ ਕਾਇਮ ਹੋ ਗਿਆ ਹੈ, ਜਿਸ ਨੂੰ ਸੁਲਹ ਕੀਤੇ ਬਿਨਾਂ ਜਾਂ ਮਿਸਮਾਰ ਕੀਤੇ ਇਨਾਂ ਕਦੇ ਵੀ ਜਿੱਤ ਨਸੀਬ ਨਹੀਂ ਹੋ ਸਕਦੀ । ਉਹ ਚੰਗਾ ਰਾਹ ਅਪਨਾਣ ਦੀ ਥਾਂ ਸੁਭਾਉ ਅਨੁਸਾਰ ਅੜਬ-ਰਾਹ ਤੇ ਚੱਲੇ, ਉਹਨਾਂ ਨੂੰ ਥੋੜੀ ਵੀ ਗੁੰਜਾਇਸ਼ ਨਾ ਮਿਲਦੀ ਜੇ ਬਦ ਕਿਸਮਤੀ ਨਾਲ ੨ ਜੁਲਾਈ ੧੯੫੮ ਨੂੰ ਭਾਈ ਘਸੀਟਾ ਸਿੰਘ ਹਾਰਨੀਆਂ ਦਾ ਕਤਲ ਨਾ ਹੋ ਜਾਂਦਾ।

ਏਸ ਕਤਲ ਨੇ ਉਹਨਾਂ ਨੂੰ ਬਹਾਨਾਂ ਦਿਤਾ, ਸ੍ਰਦਾਰ ਕੈਰੋਂ ਮੁਖਮੰਤਰੀ ਨੇ ਉਹਨਾਂ ਦੀ ਬਾਂਹ ਫੜੀ ਤੇ ਏਸ ਨਾਮਧਾਰੀ-ਵਿਰੋਧੀ ਗਰੁਪ ਨੇ ਇਸ ਕਤਲ ਦੇ ਸਬੰਧ ਵਿੱਚ ਸ੍ਰੀ ਬਾਬਾ ਬੀਰ ਸਿੰਘ ਜੀ ਤੇ ਕੁਝ ਨਾਮਧਾਰੀਆਂ ਨੂੰ ਬਦਲਾ ਲਊ ਤਰੀਕੇ ਅਪਣਾ ਕੇ ਬੇ-ਦੋਸਿਆਂ ਹੀ ਮੁਜਰਮ ਬਣਾ ਦਿਤਾ। ਝੂਠੀਆਂ ਜ਼ਿਮਨੀਆਂ, ਝੂਠੀਆਂ ਗਵਾਹੀਆਂ ਤਿਆਰ ਕਰਕੇ ਅਜੇਹੀ ਗੋਂਦ ਗੁੰਦੀ ਗਈ, ਜੋ ਕੋਈ ਅਸਲੋਂ ਹੀ ਇਖ ਲਾਕੋਂ ਗਿਰਿਆ ਆਪਣੇ ਵਿਰੋਧੀ ਨਾਲ ਕਰ ਸਕਦਾ ਹੈ।

ਸ੍ਰੀ ਬਾਬਾ ਜੀ ਦੀ ਅਦਾਲਤ ਵਿੱਚ ਪਹਿਲੀ ਪੇਸ਼ੀ ਤੋਂ ਪਹਿਲਾਂ ਬਦਲਾ ਲੈਣ ਦੇ ਚਾਹਵਾਨਾਂ ਨੇ ਗੈਰ ਕਾਨੂਨੀ ਤੌਰ ਤੇ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਨੂੰ ਕੁਰਕਣ ਲਈ ਤਾਲੇ ਲਾਏ, ਨਾਮਧਾਰੀ ਗਊਸ਼ਾਲਾ ਆਦਿ ਦੇ ਪਸ਼ੂ ਕੁਰਕੀ ਲਈ ਨਾ ਜਾਇਜ਼ ਖੋਹਲ ਖੜੇ, ਜਿਸ ਹਫੜਾ ਤਫੜੀ ਵਿੱਚ ਦੋ ਅਨਮੋਲ ਗਊ-ਰਤਨ ਸਦਾ ਲਈ ਵਿਛੋੜਾ ਦੇ ਗਏ। ਪਰ ਧੰਨ ਕਹੀਏ ਸਤਿਗੁਰਾਂ ਨੂੰ ਜਿੰਨ੍ਹਾਂ ਨਾਮਧਾਰੀ ਪੰਥ ਤੇ ਆਪਣੇ ਹੋਏ ਅਜੇਹੇ ਨੁਕਸਾਨ ਤੇ ਹੱਤਕ ਇਜ਼ਤ ਦਾ ਵੀ ਕੋਈ ਦਾਵਾ ਵਗੈਰਾ ਨਹੀਂ ਕੀਤਾ !! ਸ੍ਰੀ ਬਾਬਾ ਜੀ ਦੀ ਜੇਲ-ਬੰਦੀ ਸਮੇਂ ਅਨੇਕਾਂ ਨਾਮਧਾਰੀਆਂ ਤੇ ਦਫਾ ੫੦੭–੫੧ ਦੇ ਕਾਗਜ਼ ਭਰਕੇ ਜ਼ਮਾਨਤਾਂ ਦਾ ਦੌਰ ਦੌਰਾ ਜਾਰੀ ਹੋ ਗਿਆ।੧੫੦ਦੇ ਕਰੀਬ ਸਜਣ ਲਗਭਗ ੬ ਮਹੀਨੇ ਹਰ ਪੰਦਰੀਂ ਦਿਨੀ ੧੦) ਰੋਜ਼ਾਨਾ ਦਾ ਖਰਚ ਕਰਕੇ ਸਰਸੇ ਹਾਜ਼ਰ ਹੁੰਦੇ ਰਹੇ । ਕੋਸ਼ਸ਼ ਕੀਤੀ ਗਈ ਕਿ ਮਹਿਕਮਾ ਮਾਲ, ਪੁਲਿਸ ਤੇ ਹੋਰ ਮੰਨਣ ਯੋਗ ਮਹਿਕਮੇ ਨਾਮਧਾਰੀਆਂ ਨੂੰ ਲੋੜੀਦੀਆਂ ਨਕਲਾਂ ਤਕ ਨ ਦੇਣ ਤੇ ਅਨੇਕਾਂ ਸ਼ਕਾਇਤਾਂ ਦੇ ਬਾਵਜੂਦ ਪੰਜਾਬ ਸਰਕਾਰ ਦਾ ਮੁਖੀ ਅੱਖਾਂ ਮੀਟੀ ਤੇ ਕੰਨ ਬੰਦ ਕਰੀ ਪਿਆ ਰਿਹਾ।

ਨਾਮਧਾਰੀ ਪੰਥ ਦੇ ਮਹਿਬੂਬ ਦਾ ਪਿਆਰਾ

ਸਪੁਤ੍ਰ ਜੇਲ-ਬੰਦ ਹੈ, ਏਹ ਨਾਮਧਾਰੀਆਂ ਲਈ ਅਸਹਿ ਹੈ ਪਰ ਉਹ ਈਸ਼ਵਰ ਚਿੰਤਨ ਤੇ ਪ੍ਰਾਰਥਨਾਵਾਂਤੋਂ ਬਗੈਰ ਆਪਣੇ ਗੁੱਸੇ ਦਾ ਅਜ਼ਹਾਰ ਨਹੀਂ ਕਰ ਸਕੇ–ਤੇ ਏਸ ਦੁਖ ਵਿੱਚ ਹੀ ਸੰਤ ਹਰਨਾਮ ਸਿੰਘ ਜੀ ਕਾਦੀਆਂ ਵਾਲੇ ਅੰਨ–ਜਲ ਤਿਆਗ ਕਰਕੇ ਪ੍ਰਭੂ ਨੂੰ ਪਿਆਰੇ ਹੋ ਗਏ! ਪ੍ਰੰਤੂ ਪੰਜਾਬ ਸਰਕਾਰਤੇ ਕੇਂਦਰੀ ਸਰਕਾਰ ਦੇ ਕੰਨਾਂ ਤੇ ਜੂੰ ਤਕ ਨਹੀਂ ਸਰਕੀ, ਹਜ਼ਾਰਾਂ ਪ੍ਰਾਰਥਨਾਂ ਪਤ੍ਰਾਂ ਦਾ ਉਤਰ ਪੂਰੀ ਬੇ ਪਰਵਾਹੀ ਦੇ ਰੂਪ ਵਿੱਚ ਮਿਲਿਆ!

ਸ੍ਰੀ ਬਾਬਾ ਜੀ ਦੇ ਖਿਲਾਫ ਕੇਸ ਜਾਰੀ ਹੋ ਗਿਆ। ਦੂਰ ਨੇੜੇ ਤੋਂ ਨਾਮਧਾਰੀ ਤਾਰੀਖ ਵਾਲੇ ਦਿਨ ਆਉਂਦੇ। ਬੰਦੀ-ਪਿਆਰੇ ਦੇ ਦਰਸ਼ਨ ਕਰ ਕੇ ਅਤੇਹੰਝੂ ਭੇਟਾ ਰਖਕੇ ਵਾਪਸ ਪਰਤ ਜਾਂਦੇ-ਆਸ ਦੀ ਕਿਰਨ ਨਜ਼ਰ ਪੈਂਦੀ ਪਰ ਫੜੀ ਨਾ ਜਾਂਦੀ। ਕਾਂਗਰਸੀ ਰਾਮ-ਰਾਜ ਦੀ ਏਸ ਹਕੀਕਤ ਨੂੰ ਤੱਕ ਕੇ ਲੋਕਾਂ ਦਾ ਜੀ ਕੰਬ ਉਠਦਾ ਕਿ ਕਿਸਤਰਾਂ ਮਹਾਨ ਸ਼ਖਸੀਅਤਾਂ ਵੀ ਹਾਕਮ ਧੜੇ ਦੀਆਂ ਬਦਲਾ ਲਊ ਕਾਰਵਾਈਆਂ ਅਧੀਨ ਦੁੱਖ ਉਠਾ ਸਕਦੀਆਂ ਹਨ! ਆਮ ਲੋਕਾਂ ਨਾਲ ਨਿਆਂ ਦੀ ਤਾਂ ਗੱਲ ਹੀ ਕੀ।

੨੫ ਦਸੰਬਰ ੧੯੫੯ ਨੂੰ ਰਾਤੀਂ ਸ੍ਰੀ ਬਾਬਾ ਜੀ ਨੂੰ ਫੀਰੋਜ਼ ਪੁਰ ਸੈਂਟਰਲ ਜੇਲ੍ਹ ਵਿੱਚ ਲੈ ਜਾਇਆ ਗਿਆ। ੩, ੪ ਤੇ ੫ ਫਰਵਰੀ ਨੂੰ ਸ੍ਰੀਰਿਪੁਜੀਤਜੀਦੀ ਅਦਾਲਤਵਿੱਚ ਵਿਰੋਧੀ ਪੱਖ ਦੇ ਗਵਾਹਾਂ ਨੇ, ਜਿਵੇਂ ਸਿਖਾਇਆ ਗਿਆ ਸੀ, ਗਵਾਹੀਆਂ ਦਿਤੀਆਂ। ਉਹਨਾਂ ਅਪਣੇ ਵਲੋਂ ਪੂਰੀ ਵਾਹ ਲਾ ਦਿਤੀ। ਅੰਤ ਉਤੇ ਸ੍ਰੀ ਬਾਬਾ ਜੀ ਦੇ ਬਿਆਨ ਵੀ ਲਏ ਗਏ!

ਹੁਣ ਕੇਸ ਸੈਸ਼ਨ ਸਪੁਰਦ ਹੈ ਆਉਂਦੇ ਦੂੰਹ ਮਹੀਨਿਆਂ ਵਿੱਚ ਕੇਸ ਦਾ ਨਿਪਟਾਰਾ ਹੋਣ ਦੀ ਉਮੀਦ ਹੈ! ਏਸ ਸੋਚ ਲਈ ਗੁੰਜੈਸ਼ ਨਹੀਂ ਜਾਪਦੀ ਕਿ ਬਿਲਕੁਲ ਨਿਰਅਪਰਾਧ ਵਿਅਕਤੀਆਂ ਨੂੰ ਅਦਾਲਤ ਕੋਈ ਸਜ਼ਾ ਦੇ ਦੇਵੇ–ਪਰ ਅਦਾਲਤ ਦੀ ਇੱਛਾ ਨੂੰ ਅਸੀਂ ਕੋਈ ਸੇਧ ਨਹੀਂ ਦੇਣਾਂ ਚਾਂਹਦੇ।

ਪਾਠਕਾਂ ਨੂੰ ਏਸ ਦੁਖਦ–ਘਟਨਾਂ ਦਾ ਹਵਾਲਾ ਦੇਕੇ ਅਸੀਂ ਏਹ ਦਸਣਾਂ ਚਾਂਹਦੇ ਹਾਂ ਕਿ ਸ੍ਰੀ ਬਾਬਾ ਬੀਰ ਸਿੰਘ ਜੀ ਦੀ ਸਾਥੋਂ ਅਲਹਿਦਗੀ ਕਾਰਨ ਜੀਵਨ ਨਗਰ ਦੇ ਅਨੇਕਾਂ ਕੰਮ ਵਿਗੋਚੇ ਦਾ ਸ਼ਿਕਾਰ ਹਨ, ਜਿਸ ਵਿੱਚ ਸਭ ਤੋਂ ਵਧ ਵਿਗੋਚਾ 'ਸਤਿਜੁਗ' ਅਖਬਾਰ ਨੂੰ ਰਿਹਾ ਹੈ।

ਏਸ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਤੇ ਸ੍ਰੀ ਬਾਬਾ ਜਗਜੀਤ ਸਿੰਘ ਜੀ ਦੇ ਭਰਪੂਰ ਰੁਝੇਵੇਂ ਵਿਚੋਂ ਵੀ ਸਾਡੇ ਵੱਲ ਧਿਆਨ ਦੀ ਥੁੜੋਂ ਹੁੰਦੀ ਤਾਂ ਅਸੀਂ ਜਿਸ ਚਾਲੇ ਚੱਲ ਰਹੇ ਹਾਂ, ਏਹ ਵੀ ਨਾ ਚੱਲ ਸਕਦੇ।

ਦੇਰੀ ਦਾ ਕਾਰਨ

ਸਾਨੂੰ ਕੋਈ ਖੁਸ਼ੀ ਨਹੀਂ ਹੋ ਰਹੀ ਕਿ ਐਤਕਾਂ ਫੇਰ ਸਤਿਜੁਗ ਦਾ ਬਸੰਤ ਅੰਕ ਪਾਠਕਾਂ ਤੱਕ ਦੇਰ ਨਾਲ ਪਹੁੰਚ ਰਿਹਾ ਹੈ। ਏਹ ਲਛਣ ਸਾਨੂੰ ਮੁਢ ਵਿੱਚ ਹੀ ਦਿਸ ਰਹੇ ਸਨ। ਭਾਵੇਂ ਪ੍ਰੈਸ ਨੂੰ ਬਿਜਲੀ ਦੀ ਖਰਾਬੀ ਦਾ ਸਾਹਮਣਾ ਰਿਹਾ ਹੀ, ਤਾਂ ਵੀ ਦਿਲੀਓਂ ਤਸਵੀਰਾਂ ਦਾ ਸਮੇ ਸਿਰ ਛਪਕੇ ਨਾ ਆਉਣਾ ਵੱਡੀ ਵਜਹ ਦੇਰੀ ਲਈ ਬਣ ਗਈ! ਸ੍ਰੀ ਯੁਤ ਵਰਿਆਮ ਸਿੰਘ ਜੀ ਮੁਸੱਵਰ ਅਪਣੇ ਸਾਰੇ ਅਸਰੋ ਰਸੂਖ ਨੂੰ ਵਰਤਣ ਵਿੱਚ ਕਾਮਯਾਬ ਰਹੇ, ਪਰ ਬਲਾਕਾਂ ਤੇ ਤਸਵੀਰਾਂ ਨੂੰ ਜਿਸ ਮੌਸਮ ਦੀ ਜ਼ਰੂਰਤ ਹੁੰਦੀ ਹੈ, ਉਹ ਵਕਤ ਸਿਰ ਨਹੀਂ ਮਿਲ ਸਕਿਆ।

ਕ੍ਰਿਤੱਗਤਾ

ਸਰਬੋਤਮ ਸਤਿਗੁਰੂ ਜੀ ਤਾਂ ਸੁਭਾਵਕ ਹੀ ਸਾਡੀ ਕ੍ਰਿਤੱਗਤਾ ਦੇ ਹਕਦਾਰ ਹਨ, ਕਿਉਂਕਿ ਸਾਡੇ ਸਾਰੇ ਜਤਨਾਂ ਦਾ ਮੂਲ ਮੁੱਢ ਹੀ ਆਪ ਹਨ,ਪਰ ਸ੍ਰੀ ਬਾਬਾ ਜਗਜੀਤ ਸਿੰਘ ਜੀ ਨੇ ਅਤਿਰੁਝੇਵਿਆਂ ਵਿਚੋਂ ਵੀ ਸਮਾ ਦੇ ਕੇ ਸਾਨੂੰ ਨਿਵਾ ਜਿਆ ਹੈ। ਛੋਟੇ ਬਾਬਾ ਜੀ ਦੀ ਗੈਰ ਮੌਜੂਦਗੀ ਵਿੱਚ ਜੇ ਆਪ ਸਾਨੂੰ ਸਰਗਰਮ ਮਦਦ ਨਾ ਦਿੰਦੇ ਤਾਂ ਕੋਈ ਵਾਹ ਨਹੀਂ ਸੀ।

ਐਤਕਾਂ ਅਸੀਂ ਅਪਣੀ ਇੱਛਾ ਮੁਤਾਬਕ ਲੇਖਕਾਂ ਦੇ ਚੰਗੇ ਸਮੂਹ ਨੂੰ ਅਪਣੇ ਸਾਥ ਵਿੱਚ ਨਹੀਂ ਲੈ

ਸਕੇ, ਪਰ ਇਸ ਅੰਕ ਵਿੱਚ ਸ੍ਰੀਮਾਨ ਸੰਤ ਇੰਦਰ ਸਿੰਘ ਜੀ ਚਕਰਵਰਤੀ ਜੀ ਦਾ ਖੋਜ ਪੂਰਤ ਲੇਖ ਤੇ ਸ੍ਰ. ਅਵਤਾਰ ਸਿੰਘ ਜੀ ਦਾ ਬਹੁ ਅੰਗੀ ਲੇਖ ਤੇ ਸੁੰਦਰ ਸ੍ਰੇਸ਼ਟ ਕਵਿਤਾਵਾਂ ਸ਼ੋਭਾ ਲਈ ਅਪਣਾ ਥਾਂ ਆਪ ਰਖਦੀਆਂ ਹਨ। ਸਾਥੀ ਗੜਗਜ ਜੀ, ਪੰਛੀ ਜੀ, ਸ੍ਰ. ਬੂਟਾ ਸਿੰਘ ਜੀ ਐਮ. ਏ. ਤੇ ਗੁਰਦੀਪ ਸਿੰਘ ਜੀ ਦਿੱਲੀ ਦੇ ਅਛੂਤੇ ਲੇਖ ਪਾਠਕਾਂ ਦੇ ਅੰਦਰ ਨਵੀਆਂ ਸੋਚਾਂ ਪੈਦਾ ਕਰਨ ਲਈ ਸਹਾਈ ਹੋਣਗੇ। ਤਾਂਘੀ ਜੀ ਦਾ ਲੇਖ, ਸਨਖਤਰਾ ਜੀ ਦੀ ਸ਼ਹੀਦ–ਵਿਥਿਆ ਲਾਲਾ ਹਰਦੇਵ ਸਹਾਇ ਜੀ ਦੀ ਸ਼ਰਧਾਂਜਲੀ, ਪੰਡਿਤ ਗੋਪਾਲ ਸਿੰਘ ਜੀ ਦਾ ਹਲੂਣਵਾਂ ਵਹਿਣ, ਵਹਿਮੀ ਜੀ ਦਾ ਨਾਮਧਾਰੀ ਸੰਤਾਂ ਦੀ ਜੀਵਨ ਚੋਂ ਇਕੋ ਮੋਤੀ, ਸੰਤ ਦਿਆਲ ਸਿੰਘ ਜੀ ਵਲੋਂ ਸੋਧ ਮਰਿਆਦਾ ਤੇ ਸਾਡੇ ਪ੍ਰਿਯ ਅਜੀਤ ਸਿੰਘ ਜੀ ਚੀਮਾ ਦਾ ਸੁਧਾਰਕ–ਸਤਿਗੁਰੂ ਏਹ ਵਖ ਵਖ ਸੁਆਦਾਂ ਦੇ ਨਮੂਨੇ ਹਨ ਜਿਨ੍ਹਾਂ ਤੋਂ ਪਾਠਕ ਜਰੂਰ ਲਾਭ ਉਠਾਣਗੇ।

ਭੈਣਾਂ ਨੇ ਸਾਡਾ ਸਾਥ, ਮੈਂ ਸਮਝਦਾ ਹਾਂ ਲੋੜ ਜਿੰਨ੍ਹਾਂ ਨਹੀਂ ਦਿਤਾ। ਬੀਬੀ ਬੇਅੰਤ ਐਮ. ਏ. ਸਾਡੀ ਚੰਗੀ ਲੇਖਕਾ ਸੀ, ਪਰ ਉਹ ਪਤਾ ਨਹੀਂ ਕਿਉਂ ਸਾਨੂੰ ਯਾਦ ਨਹੀਂ ਰਖ ਸਕੇ; ਪ੍ਰੰਤੂ ਬੀਬੀ ਲੀਲ੍ਹਾ ਜੀ ਤੇ ਸ਼ਕੁੰਤਲਾ ਜੀ ਨੇ ਅਖੀਰਲੇ ਦਿਨਾਂ ਵਿੱਚ ਕੁਝ ਨ ਕੁਝ ਲਿਖਕੇ ਸਾਥ ਨੂੰ ਵਿਛੜਨ ਨਹੀਂ ਦਿਤਾ। ਮਾਸਟਰ ਨਿਹਾਲ ਸਿੰਘ ਜੀ ਪਛੜੇਵੇਂ ਤੋਂ ਲਾਭ ਉਠਾ ਗਏ ਹਨ।

ਕਵੀਆਂ ਚੋਂ ਸ੍ਰੇਸ਼ਟ ਅਜ਼ਾਦ ਜੀ ਦੀਆਂ ਨਜ਼ਮਾਂ ਦੀ ਤੁਲਨਾ ਨਹੀਂ। ਉਹਨਾਂ ਰੋਜ਼ਾਨਾ ਅਖਬਾਰਾਂ ਦੀ ਜ਼ਿੰਮੇਵਾਰੀ ਨਿਬਾਂਹਦਿਆਂ ਸਾਡੀ ਲੋੜ ਨੂੰ ਪਹਿਲ ਦਿਤੀ ਹੈ। ਪਰ ਤਰਸ ਜੀ ਦਾ ਅਪਣਾ ਹੀ ਰੰਗ ਹੈ ਸ਼ਬਦ ਸੂਖਮ, ਲੈ ਮਸਤ ਤੇ ਭਾਵ ਡੂੰਘੇ। ਸ੍ਰੀ ਵਹਿਮੀ ਜੀ, ਸਨਖਤ੍ਰਾ ਜੀ, ਟਿੱਕਾ ਜੀ ਤੇ ਸੰਤੋਖ ਸਿੰਘ ਜੀ, ਬੀਰ ਜੀ, ਸ਼ਿੰਗਾਰ ਜੀ ਤੇ ਆਜਿਜ਼ ਜੀ ਨੇ ਕਵਿਤਾ ਦੇ ਸੁਆਦ ਤੋਂ ਸਾਨੂੰ ਵਿਰਵੇ ਨਹੀਂ ਰਹਿਣ ਦਿਤਾ। ਤਾਂ ਵੀ ਚੰਗੀਆਂ ਕਵਿਤਾਵਾਂ ਦੀ ਥੁੜ ਰਹੀ ਹੀ ਹੈ।

ਖਿਮਾ

ਕੁਝ ਆਪਣੇ ਚੰਗੇ ਪਾਠਕਾਂ ਦੇ ਲੇਖਾਂ ਨੂੰ ਅਸੀਂ ਪ੍ਰਕਾਸ਼ਤ ਨਹੀਂ ਕਰ ਸਕੇ, ਚਿਰੋਕੇ ਆਉਣ ਕਰਕੇ ਤੇ ਕੁਝ ਦੂਜੇ ਕਾਰਨਾਂ ਕਰਕੇ। ਕਈਆਂ ਦੇ ਲੰਮੇ ਲੇਖਾਂ ਨੂੰ ਕੱਟਕੇ ਦੂਜਿਆਂ ਲਈ ਥਾਂ ਬਣਾਈ ਹੈ। ਕੋਸ਼ਸ਼ ਰਖੀ ਹੈ ਕਿ ਲੜੀ ਟੁਟੇ ਨਾ। ਏਸਤ੍ਰਾਂ ਕਈ ਕਵੀ ਭੀ ਖਿਮਾ ਕਰਨ, ਖਾਸ ਕਰਕੇ ਉਹ ਜਿਹੜੇ ਕਹਿੰਦੇ ਹਨ ਇਹ ਸਾਡੀ ਪਹਿਲੀ ਹੀ ਕਵਿਤਾ ਹੈ। ਏਸਨੂੰ ਅੰਕ ਵਿੱਚ ਪ੍ਰਕਾਸ਼ਤ ਕਰਕੇ ਹੌਂਸਲਾ ਵਧਾਓ ਦੁਖਏਸ ਗੱਲ ਦਾ ਹੈ ਕਿ ਅਜੇਹੀ ਹੌਂਸਲਾ ਵਧਾਈ ਸਾਹਿਤ ਦੇ ਖੇਤਰ ਵਿੱਚ ਕੋਈ ਸਲਾਹੁਣ ਯੋਗ ਵਾਧਾ ਨਹੀਂ ਕਰ ਸਕਦੀ।

ਤਸਵੀਰਾਂ

ਸਤਿਕਾਰ ਯੋਗ ਸਤਿਗੁਰੂ ਜੀ ਦੀ ਪ੍ਰੇਰਣਾਂ ਤੇ ਸੁਝਾਉ ਅਨੁਕੂਲ ਸ੍ਰੀਮਾਨ ਸੰਤ ਵਰਿਆਮ ਜੀਮੁਸੱਵਰ ਨੇ ਚਾਰ ਨਵੀਆਂ ਤਸਵੀਰਾਂ ਸਾਨੂੰ ਦਿਤੀਆਂ ਹਨ। ਖੁਸ਼ ਕਿਸਮਤੀ ਹੈ ਕਿ ਨਾਮਧਾਰੀ ਸਮਾਜ ਪਾਸ ਇਕ ਅਜੇਹਾ ਰੜ੍ਹਿਆ ਗੁੜ੍ਹਿਆ, ਸ਼ਰਧਾਵਾਨ, ਮਸਤਾਨਾਂ ਤੇ ਸਾਊ ਚਿਤ੍ਰਕਾਰ ਹੈ, ਨਹੀਂ ਤਾਂ ਨਾਮਧਾਰੀ–ਇਤਿਹਾਸ ਦੇ ਚਿਤਰਾਂ ਵਾਸਤੇ ਸਾਨੂੰ ਉਨ੍ਹਾਂ ਲੋਕਾਂ ਨਾਲ ਵਾਸਤਾ ਪਾਣਾਂ ਪੈਂਦਾ ਜੇਹੜੇ ਸਾਡੀਆਂ ਰਸਮਾਂ ਰਵਾਇਤਾਂ ਤੇ ਰਹਿਣ ਸਹਿਣ ਤੋਂ ਉਕਾ ਹੀ ਨਾ–ਵਾਕਫ਼ ਹੁੰਦੇ, ਫਿਰ ਉਹਨਾਂ ਸਾਡੇ ਭਾਵਾਂ ਨੂੰ ਚਿਤਰ ਕਿਵੇਂ ਸਕਣਾਂ ਸੀ? ਮੁਸੱਵਰ ਜੀ ਦੇ ਕਮਾਲ ਮੂੰਹ ਬੋਲਦੇ ਹਨ, ਕਿਸੇ ਵਿਆਖਿਆ ਦੇ ਮੁਥਾਜ ਨਹੀਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਿਲਕੁਲ ਨਵੀਂ ਫੋਟੋ ਦੇ ਪ੍ਰਿਯ ਦਰਸ਼ਨ ਕਰਕੇ ਕੌਣ ਮੁਗਧ ਨਹੀਂ ਹੋਵੇਗਾ–ਤੇ ਸ੍ਰੀ ਬਾਬਾ ਜਗਜੀਤ ਸਿੰਘ ਜੀ ਦੇ ਛਾਇਆ ਚਿਤਰ ਨੇ ਵੀ ਸਾਨੂੰ ਯਕੀਨ ਹੈ, ਸਾਰੇ ਨਾਮਧਾਰੀ ਘਰਾਂ ਦਾ ਸ਼ਿੰਗਾਰ ਬਣਨਾ ਹੈ।

ਸ੍ਰੀ ਬਾਬਾ ਬੀਰ ਸਿੰਘ ਜੀ ਦਾ ਚਿਤਰ ਵੀ ਸਾਡੀ ਰੀਝ ਦਾ ਇਕ ਅਨਿਖੜਾਂ ਅੰਗ ਸੀ ਤੇ ਅਸੀਂ ਬਿਲਕੁਲ ਨਵੀਂ ਤਾਂ ਨਹੀਂ ਪਰ ਇਕ ਹੋਰ ਸਜਣ ਨਾਲ ਲਥੀ ਫੋਟੋ ਚੋਂ ਅਲਹਿਦਾ ਕਰਕੇ

ਛਪਵਾਣ ਵਿੱਚ ਕਾਮਯਾਬ ਹੋ ਗਏ ਹਾਂ। ਉਹਨਾਂ ਦਾ ਚਿਤਰ ਤੱਕਕੇ ਉਹਨਾਂ ਦੀ ਜੇਹਲ–ਬੰਦ ਅਵਸਥਾ ਵਿੱਚ ਮੁਸਕ੍ਰਾਹਟ ਦਾ ਚੇਤਾ ਅਵੱਸ਼ ਆ ਜਾਵੇ ਗਾ।

ਵਾਰਾ ਜੱਥਾ ਫੋਟੋ, ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ ਪੱਦੀ ਖਾਲਸਾ ਜ਼ਿਲ੍ਹਾ ਜਲੰਧਰ ਵਾਲਿਆਂ ਦੇ ਗਰੁਪ ਦੀ ਫੋਟੋ ਹੈ। ਏਹ ਉਹ ਸਜਣ ਹਨ, ਜਿਨ੍ਹਾਂ ਸ੍ਰੀਮਾਨ ਸੰਤ ਗਿਆਨਾ ਸਿੰਘ ਜੀ ਦੇ ਪਿਛੋਂ ਨਵੀਨ ਵਾਰਾ ਢੰਗ ਨੂੰ ਕੁਮਲਾਣ ਨਹੀਂ ਦਿਤਾ, ਸਗੋਂ ਉਸਦੀ ਸੁੰਦਰਤਾ ਤੇ ਸੁਆਦ ਨੂੰ ਕਾਇਮ ਰਖਿਆ ਹੈ। ਸ੍ਰੀ ਸਤਿਗੁਰੂ ਜੀ ਦੀ ਏਹਨਾਂ ਸਭ ਸਜਣਾਂ ਤੇ ਅਤੁਲ ਕਿਰਪਾ ਹੈ, ਏਹ ਮੇਹਨਤ ਮਜ਼ਦੂਰੀ ਕਰਕੇ ਵੀ ਗੁਰੂ ਜੱਸ ਤੇ ਗੁਰੂ ਹੁਕਮਾਂ ਲਈ ਸਮਾਂ ਕੱਢ ਲੈਂਦੇ ਹਨ ਤੇ ਦੇਸ ਪ੍ਰਦੇਸ ਵਿੱਚ ਆਪਣੇ ਕੀਰਤਨ ਦੀਆਂ ਧੁਨਾਂ ਨਾਲ ਰੱਸ ਰੰਗ ਮਸਤੀ ਦਾ ਛੱਟਾ ਦਿੰਦੇ ਰਹਿੰਦੇ ਹਨ।

ਅਫਰੀਕਾ–ਅੰਕ

ਅਫਰੀਕਾ ਅੰਕ ਦੀਆਂ ਬਹੁਤ ਸਾਰੀਆਂ ਤਸਵੀਰਾਂ ਛਪਣ ਲਈ ਗਈਆਂ ਸਨ। ਪਹਿਲਾਂ ਵਿਚਾਰ ਸੀ ਕਿ ਬਸੰਤ ਅੰਕ ਦੇ ਨਾਲ ਹੀ ਅਫਰੀਕਾ ਅੰਕ ਜੋੜਿਆ ਜਾਏ, ਪਰ ਐਨ ਸਮੇਂ ਸਿਰ ਅਫਰੀਕਾ ਤੋਂ ਵਖਰੀ ਐਡੀਸ਼ਨ ਦੀ ਮੰਗ ਹੋਣ ਸਦਕਾ ਇਕ ਤੇ ਏਹ ਅੰਕ ਪ੍ਰਕਾਸ਼ਤ ਹੋਣੋਂ ਰਹਿ ਗਿਆ, ਦੂਜੇ ਤਸਵੀਰਾਂ ਦੀ ਇਕੱਠੀ ਛਪਵਾਈ ਕਰਕੇ ਬਸੰਤ ਅੰਕ ਨੂੰ ਵੀ ਦੇਰ ਹੋ ਗਈ।

ਧੰਨਵਾਦ–

ਸ੍ਰੀ ਯੁਤ ਹਜ਼ੂਰ ਸਿੰਘ ਜੀ 'ਚੰਦ੍ਰਹਾਂਸ' ਪ੍ਰੈਸ ਮੈਨੇਜਰ, ਸ੍ਰੀਮਾਨ ਸੰਤ ਰਣਜੀਤ ਸਿੰਘ ਜੀ ਮੈਨੇਜਰ, ਸੰਤ ਬਲਵੰਤ ਸਿੰਘ ਜੀ ਮਸ਼ੀਨ ਮੈਨ, ਸ੍ਰੀ ਆਤਮਾਂ ਸਿੰਘ ਜੀ 'ਜੱਟ' ਸ੍ਰੀ ਗੁਰਬਖਸ਼ ਸਿੰਘ ਜੀ 'ਤੋਤ੍ਹਾ' ਸ੍ਰੀ ਕਰਮ ਸਿੰਘ ਜੀ ਸ੍ਰੀ ਅਮਰੀਕ ਸਿੰਘ ਜੀ, ਸ੍ਰੀ ਪ੍ਰੀਤਮ ਸਿੰਘ ਜੀ ਸ੍ਰੀ ਗੱਜਣ ਸਿੰਘ ਜੀ ਤੇ ਸ੍ਰੀ ਬਲਵੰਤ ਸਿੰਘ ਜੀ 'ਧੰਨੀ' ਆਦਿ ਦੀ ਖੇਚਲ ਸਦਕਾ ਹੀ ਏਹ ਅੰਕ ਪ੍ਰਕਾਸ਼ਤ ਹੋ ਸਕਿਆ ਹੈ। ਮਿਸਤ੍ਰੀ ਹਰਬੰਸ ਸਿੰਘ ਜੀ, ਦਰਸ਼ਨ ਸਿੰਘ ਜੀ ਤੇ ਸ੍ਰੀ ਹਰਭਜਨ ਸਿੰਘ ਜੀ ਨੇ ਮਦਦ ਤਾਂ ਕੀਤੀ ਹੈ, ਪਰ ਡੈਨਮੋ ਦੇ ਵਿਗੜ ਜਾਣ ਕਰਕੇ ਉਹ ਸਾਡੀ ਲੋੜੀਂਦੀ ਸਹੈਤਾ ਨਹੀਂ ਕਰ ਸਕੇ।

ਸ੍ਰੀਮਾਨ ਸੰਤ ਤਰਨ ਸਿੰਘ ਜੀ ਵਹਿਮੀ ਨੇ ਪਰਚੇ ਦੀ ਤਿਆਰੀ ਵਿੱਚ, ਮੰਦੀ ਸਿਹਤ ਹੁੰਦਿਆਂ ਵੀ ਸਹਾਇਤਾ ਕੀਤੀ। ਸਭ ਸਜਣਾਂ ਦਾ ਸੱਚੇ ਦਿਲੋਂ ਧੰਨਵਾਦ ਕਰਦਿਆਂ ਅੰਕ ਆਪਦੇ ਹੱਥ ਵਿੱਚ ਹੈ। ਜੇ ਪਰਵਾਨ ਹੋਵੇ ਤਾਂ ?

–:੦:–

ਅਮਰੀਕ ਸਿੰਘ ਸੰਤ ਨਗਰ

ਤਰਲਾ

ਪਿਆਰਾਂ ਨੇ ਛਲਕਾਰਾ ਖਾਧਾ, ਯਾਦ ਤੇਰੀ ਵਿੱਚ ਆਕੇ।
ਕੀਤਾ ਪੇਸ਼ ਅਸਾਂ ਨੇ ਸਜਣਾਂ, ਏਹ ਫੁਲ–ਹਾਰ ਬਣਾਕੇ।
ਮਾਣ ਤਾਣ ਕੁਝ ਜਾਣ ਨ ਸਾਡਾ, ਏਹ ਬਿਰਹੀ ਦਾ ਤਰਲਾ:
ਧੰਨ ਭਾਗ ਹੋਵਣ ਜੇ 'ਪ੍ਰੀਤਮ' ਵੇਖ ਲਵੇਂ ਗਲ ਪਾਕੇ।

ਦਲਬੀਰ ਸਿੰਘ ਜੀ "ਤਰਸ" ਅਸਟ੍ਰੇਲੀਆ

ਨਵਾਂ ਵਰਕਾ

ਇੱਕ ਹੋਰ ਵਰਕਾ ਲਿਖ ਰਿਹਾਂ
ਮੈਂ ਅੱਜ ਤੇਰੇ ਇਤਿਹਾਸ ਦਾ।

ਗੱਲ੍ਹੀਆਂ ਤੋਂ ਟੇਪੇ ਰੋੜ੍ਹ ਕੇ
ਕਾਂਬੇ ਹਥਾਂ ਨਾ, ਜੋੜ ਕੇ
ਧੜਕਣ ਦਿਲੋਂ ਵਿਛੋੜ ਕੇ
ਮਸਤਕ ਦੀ ਰੇਖਾ ਫੋੜਕੇ
ਡੀਕਾਂ ਲਾ ਔੜਾਂ ਚਾੜ੍ਹੀਆ
ਅੱਜ ਬੁਲੀਂ ਨਸ਼ਾ ਪਿਆਸ ਦਾ।
ਇੱਕ ਹੋਰ ਵਰਕਾ ਲਿਖ ਰਿਹਾਂ
ਮੈਂ ਅੱਜ ਤੇਰੇ ਇਤਿਹਾਸ ਦਾ।

ਇਹ ਵੈਣ ਨੇ ਵੈਰਾਨ ਜਹੇ
ਇਹ ਨੈਣ ਨੇ ਹੈਰਾਨ ਜਹੇ,
ਇੱਕ ਨਮਾਣੀ ਜਿੰਦ ਲਈ
ਇਹ ਸਾਹ ਜਿਵੇਂ ਮਹਿਮਾਨ ਜਹੇ,
ਅੰਗ ਅੰਗ ਇਸ ਧਰਤ ਦਾ
ਪੱਥਰ ਜਿਵੇਂ ਸੁੰਨਸਾਨ ਜਹੇ,
ਪੱਤ ਪੱਤ ਇਸ ਝੋਲ ਦਾ
ਯੁੱਧ ਜਿਉਂ ਘਮਸਾਣ ਜਹੇ,
ਨਾ ਸੋਚ ਮੇਰੀ ਸਖਣੀ
ਰਾਤ ਕੋਈ ਰੁਸ਼ਨਾਇਗਾ
ਦੀਵਾ ਮੇਰੇ ਕਿਆਸ ਦਾ!
ਇਕ ਹੋਰ ਵਰਕਾ ਲਿਖ ਰਿਹਾਂ
ਮੈਂ ਅੱਜ ਤੇਰੇ ਇਤਿਹਾਸ ਦਾ।

ਲਖ ਦੀਪ ਤੇਰੇ ਦਗ ਮਚੇ
ਲਖ ਦੀਪ ਦਗਦੇ ਜਾਣਗੇ,
ਲੋ ਨਸ਼ਾਨਾ ਛੂਹ ਨਾ ਛੂਹ
ਝਰ ਝਰ ਕੇ ਚਾਨਣ ਪੈਣਗੇ,
ਇੱਕ ਜੰਗ ਮਚਿਆ ਜੁਗਾਂ ਤੋਂ
ਕੁਦਦੇ ਬਹਾਦਰ ਰਹਿਣਗੇ,
ਸਰਵਰ ਸੁਕਾਏ ਜ਼ਾਲਮਾਂ
ਹੰਸੂ ਪਿਆਸਾਂ ਸਹਿਣਗੇ,
ਤਸਵੀਰ ਤੇਰੀ ਰਤੜੀ
ਦੋ ਬੋਲ ਸੁਣ ਇਹ ਕਹਿਣਗੇ,
ਰੱਤਾਂ ਨੇ ਬਲੀਆਂ ਮੰਗੀਆਂ
ਅਮ੍ਰਿਤ ਵਾਂਗੂ ਇਹ ਵਹਿਣਗੇ,
ਕਦੇ ਤੇ ਬੂਟਾ ਮਹਿਕਸੀ
ਸੁਕ ਸੁਕ ਕੇ ਜਾਂਦੀ ਆਸ ਦਾ
ਇਕ ਹੋਰ ਵਰਕਾ ਲਿਖ ਰਿਹਾਂ
ਮੈਂ ਅੱਜ ਤੇਰੇ ਇਤਿਹਾਸ ਦਾ।

ਅੱਜ ਫੇਰ ਚਿੱਟੇ ਅੰਬਰਾਂ ਨੂੰ
ਬਿਜਲੀਆਂ ਨੇ ਪਾੜਿਆ,
ਚੀਥੜੇ ਜਜ਼ਬਿਆਂ ਦੇ ਸਿਰ
ਚਾਵਾਂ ਸਭੀ ਲਤਾੜਿਆ,
ਅੱਜ ਫੇਰ ਕਿਸ ਦੇ ਜ਼ੁਲਮ ਨੇ
ਪੀਰਾਂ ਨੂੰ ਸੀਖੀਂ ਤਾੜਿਆ,
ਅੱਜ ਫੇਰ ਫਾਹੀਆਂ ਬਧੀਆਂ
ਮਨਸੂਰਾਂ ਨੂੰ ਸੂਲੀ ਚਾੜ੍ਹਿਆ,
ਇੱਕ ਮੁੱਠ ਮਿਟੀ ਬੋਲਦੀ–
'ਓ ਜੁਲਮ ਹਤਿਆਰਿਆ,
ਹਿੰਝ ਭਰ ਲਈ ਬਦਲੀਆਂ
ਪਥਰਾਂ ਤਾਂਈ ਪੰਘਾਰਿਆ,
ਦੋ ਬੋਲ ਰੋਏ ਕਲਮ ਨੇ

ਲਕੀਰਾਂ ਵਾਹ ਸੀਨਾ ਸਾੜਿਆ,
ਸੁਪਨੇ ਬਣਾਏ ਕਲਪਨਾ
ਲਿਖ ਲਿਖ ਕੇ ਵਰਕਾ ਫਾੜਿਆ,
ਜ਼ਾਲਮ ਹੀ ਪਾਤਰ ਹੋ ਗਿਆ
ਇਸ਼ਕ-ਮੇਰੀ ਰਾਸ ਦਾ।
ਇੱਕ ਹੋਰ ਵਰਕਾ ਲਿਖ ਰਿਹਾਂ
ਮੈਂ ਅੱਜ ਤੇਰੇ ਇਤਿਹਾਸ ਦਾ।

ਅੱਜ ਦੇਸ਼ ਮੇਰਾ ਉਹਾ ਹੀ
ਜੋ ਸੀ ਤੇਰਾ ਕਦੇ,
ਅਗਨੀ-ਜ਼ੁਲਮ ਉਹਾ ਹੀ
ਜੋ ਸੀ ਪਹਿਲੋਂ ਕਦੇ,
ਫੜਕੇ ਨੂਠੇ ਅਜੇ ਭੀ
ਮਾਨੁੱਖਤਾ ਭਕਟਦੀ
ਰੁੱਖਾਂ ਦੀ ਜੜ੍ਹਾਂ ਤੇ ਪਲਦੇ
ਅਜੇ ਭੀ ਲੱਖਾਂ ਗਦੇ,
ਮਾਤਾ ਅਜੇ ਭੀ ਚੀਖਾਂ ਮਾਰਦੀ
ਰਫ਼ਤਾਰੇ ਛੁਰੀ ਤੇਜ
ਘਟਣੀ ਕੀ ਵਧੇ;

ਝੂਠ ਰਿਸ਼ਵਤ ਧਨ ਅੱਜ ਪਰਧਾਨ ਹੈ
ਨਿਰਬਲ ਸਚਾਈ ਚਿਖਾ ਬਣ ਸੜਦੀਪਈ
ਸ਼ਾਨਤੀ ਦੇ ਮੂੰਹ ਚੋਂ
ਖੋਂਹਦਾ ਏ ਕੋਈ ਸ਼ਰੂਰ
ਜੰਤਾ ਅਜੇ ਭੀ ਸੜੇ ਤੇ ਪੜਦੀ ਪਈ,
ਦੁਧ ਵਰਗੇ ਹਿਰਦਿਆਂ ਤੇ
ਅੱਜ ਕੋਈ ਲੀਕਾਂ ਵਾਹ ਰਿਹਾ
ਹਰਦੀ ਪਈ ਜੁਗਾਂ ਤੋਂ ਜਗਦੀ ਜੋਤ
ਹਰਦੀ ਪਈ
ਸੰਗੀਤ ਦੇ ਸੁਰਾਂ ਵਿੱਚ
ਤੂਫਾਨ ਬਣ ਕੋਈ ਗਰਜਦਾ
ਮਿਟ ਰਹੀ ਸਤਾਰੇ-ਲਹਿਰ
ਡੁੱਬ ਰਹੀ ਮਰਦੀ ਪਈ,

ਖੋਹ ਰਿਹਾ ਮੁਸਕਾਂਚੇ ਨੈਣਾਂ ਚੋਂ
ਕੋਈ ਮਸਤੀ ਦੀ ਸਿਖਰ
ਪੱਛ ਜਿਗਰਾ ਧਰਤ
ਅੰਬਰੋਂ ਰੱਤ ਵਰ੍ਹਦੀ ਪਈ,
ਜਬਰ ਦੇ ਪਰਾਂ ਤਲੇਅੱਜ ਸੱਚ ਪਹੁੰਚੇਮਾਰਦਾ
ਅਰਸ਼ੋਂ ਅਜੇ ਨਿਰੰਕਾਰ ਦੀ
ਮਿੱਠੀ ਫੁਹਾਰ ਝਰਦੀ ਪਈ,
ਧੂਆਂ ਧੂਆਂ ਸਾਰਾ ਜਹਾਂ
ਨਾਚ ਮੇਰੇ ਬੁਲਾਂ ਤੇ
ਹੈ ਪਿਆਰ ਦੀ ਹੁਲਾਸ ਦਾ।
ਇੱਕ ਹੋਰ ਵਰਕਾ ਲਿਖ ਰਿਹਾਂ,
ਮੈਂ ਅੱਜ ਤੇਰੇ ਇਤਿਹਾਸ ਦਾ।

ਅਜੇ ਜਿਵੇਂ ਤੂੰ ਕਲ੍ਹ ਹੀ
ਕੋਈ ਘੋਲ ਘੁਲਦਾ ਜਾ ਰਿਹੈਂ,
ਵਰਿਆਮ ਹੀਰੇ ਬਿਸ਼ਨ ਜਹੇ
ਰਤਨਾਂ ਨੂੰ ਛਾਤੀ ਲਾ ਰਿਹੈਂ;

ਗੱਡ ਪਹੀਏ ਅੱਜ ਭੀ
ਪਲਕਾਂ 'ਚ ਮੇਰੇ ਰੜਕਦੇ
ਬੋਲ ਤੇਰੇ ਸਾਜਨਾਂ ਯਾਦਾ ਚੋਂ
ਮੈਂ ਜਗਾ ਰਿਹਾਂ,
ਸਦਕੜੇ ਤੇਰੇ ਰਾਹਾਂ ਤੋਂ
ਜਿਨ੍ਹਾਂ ਨੇ ਜਿੰਦਾਂ ਟੂਣੀਆਂ
ਡਿਗ ਰਿਹਾਂ ਫਿਰ ਉਠ ਰਿਹਾਂ
ਰੋ ਰੋ ਲਕੀਰਾਂ ਵਾਹ ਰਿਹਾਂ;

ਕਈ ਦਹਾਕੇ ਗੁਜ਼ਰ ਗਏ
ਸਾਲਾਂ ਦੀ ਇਸ ਡਾਰ ਦੇ
ਅਜੇ ਜ਼ਮਾਨਾ ਉਹੋ ਹੀ
ਦਿਹ ਬੋਲ ਕੋਈ ਧਰਵਾਸ ਦਾ।
ਇਕ ਹੋਰ ਵਰਕਾ ਲਿਖ ਰਿਹਾਂ,
ਮੈ ਅੱਜ ਤੇਰੇ ਇਤਿਹਾਸ ਦਾ।